ਬੁਲੇਟਿਨ

# ਲਲਕਾਰ

**ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ**

ਨਵੰਬਰ-ਦਸੰਬਰ 2010 ✫ '10



## ਕਿਸ ਚੀਜ਼ ਦਾ ਇੰਤਜ਼ਾਰ ਹੈ ਅਤੇ ਕਦ ਤੱਕ ?

## ਕਸ਼ਮੀਰ ਸਮੱਸਿਆ ਦਾ ਹੱਲ

## ਫ਼ੈਜ਼ ਅਹਿਮਦ ਫ਼ੈਜ਼ : ਉਮੀਦ ਦਾ ਸ਼ਾਇਰ

## ‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲੇ ਉਤਸਵ ਦਾ ਅਹਿਲਾਦ ਹੈ। ‘‘ਲਲਕਾਰ’’ ਇਸ ਤੂਫ਼ਾਨ ਨੂੰ ਮੁਕਤ ਕੰਠ ਨਾਲ ਸੱਦਾ ਦਿੰਦਾ ਹੈ। ‘‘ਲਲਕਾਰ’’ ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੈਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਹ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਐਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੁੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾੜਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੋਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉੱਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ – ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

## ਇਸ ਅੰਕ ਵਿੱਚ


**ਸੰਪਾਦਕੀ**

ਕਿਸ ਚੀਜ਼ ਦਾ ਇੰਤਜ਼ਾਰ ਹੈ ਅਤੇ ਕਦ ਤੱਕ ? 1

**ਇਤਿਹਾਸ**

ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿੰਨ੍ਹਾ ਦੀ ਸੇਵਾ ਕਰਦਾ ਹੈ ? 8

**ਭਖਦੇ ਮਸਲੇ**

ਕਸ਼ਮੀਰ ਸਮੱਸਿਆ ਦਾ ਹੱਲ 14

ਭਾਰਤ ਸਰਕਾਰ ਦੀ ‘ਵਿਲੱਖਣ ਪਹਿਚਾਣ ਸਕੀਮ’ ਦਾ ਵਿਰੋਧ ਕਰੋ 23

ਮਨੁੱਖਤਾ ਦੇ ਅੰਤ ਦੀ ਭਵਿੱਖਬਾਣੀ 27

**ਕੌਮਾਂਤਰੀ ਝਰੋਖਾ**

ਇਰਾਕ ਤੋਂ ਅਮਰੀਕਾ ਦੀ ਵਾਪਸੀ ਦੇ ਮਾਅਨੇ 19

ਬਿਲ ਗੇਟਸ ਅਤੇ ਵਾਰੇਨ ਬੁਫ਼ੇ ਦੀ ਚੈਰਿਟੀ: ਲੋਕਾਂ ਦੀ ਸੇਵਾ ਜਾਂ ਪੂੰਜੀਵਾਦ ਦੀ ਸੇਵਾ ? 21

**ਸੰਘਰਸ਼ ਦੀ ਪਿੜ 'ਚੋਂ**

ਸਰੂਪ ਸੰਨਜ਼ ਇੰਡਸਟਰੀਜ਼ ਲਿਮ. (ਲੁਧਿਆਣਾ) ਦੇ ਮਜ਼ਦੂਰਾਂ ਦੀ ਸ਼ਾਨਦਾਰ ਜਿੱਤ 24

**ਟਿੱਪਣੀਆਂ**

ਮੌਨਟੇਕ ਸਿੰਘ ਦਾ ਬੇਸ਼ਰਮ-ਸ਼ਾਸਤਰ 25

ਬੇਰੁਜ਼ਗਾਰਾਂ ਦੀਆਂ ਕਤਾਰਾਂ 26

**ਸਾਹਿਤ ਤੇ ਕਲਾ**

ਗੁਰਦਾਸ ਮਾਨ ਦੇ ਬਹਾਨੇ : ਬੀਤੇ ਦੇ ਹੇਰਵੇ 'ਤੇ ਕੁੱਝ ਟਿੱਪਣੀਆਂ 4

ਫ਼ੈਜ਼ ਅਹਿਮਦ ਫ਼ੈਜ਼ : ਉਮੀਦ ਦਾ ਸ਼ਾਇਰ 28

ਐਲਬਰਟੋ ਕੋਰਡਾ : ਇਨਕਲਾਬੀ ਵਿਚਾਰਧਾਰਾ ਨੂੰ ਪ੍ਰਣਾਇਆ ਹੋਇਆ ਫੋਟੋਗ੍ਰਾਫ਼ਰ 32



# ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦੀ ਮੈਗਜ਼ੀਨ

ਸਾਲ 4, ਬੁਲੇਟਿਨ 15

ਨਵੰਬਰ-ਦਸੰਬਰ 2010



**ਸੰਪਾਦਕ**

ਲਖਵਿੰਦਰ

**ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ**

ਲਖਵਿੰਦਰ ਸਪੁੱਤਰ ਸ. ਮਨਜੀਤ ਸਿੰਘ, ਮੁਹੱਲਾ ਜੱਸੜਾਂ, ਸ਼ਹਿਰ ਅਤੇ ਡਾਕਖਾਨਾ-ਸਰਹਿੰਦ ਸ਼ਹਿਰ,

ਜ਼ਿਲਾ-ਫਤਿਹਗੜ੍ਹ ਸਾਹਿਬ-140406 ☎ 96461 50249

e-mail id— lalkar08@rediffmail.com



**ਸਾਲਾਨਾ ਚੰਦਾ - 60 ਰੁਪਏ (ਡਾਕ ਰਾਹੀਂ 80 ਰੁਪਏ)**

ਤੁਸੀਂ ‘ਲਲਕਾਰ’ ਸਾਡੇ ਬਲੌਗ 'ਤੇ ਵੀ ਪੜ੍ਹ ਸਕਦੇ ਹੋ। ‘ਲਲਕਾਰ’ ਦੇ ਪਿਛਲੇ ਸਾਰੇ ਅੰਕ ਵੀ ਬਲੌਗ 'ਤੇ ਉਪਲੱਬਧ ਹਨ।

lalkaar.wordpress.com

ਸੰਪਾਦਕੀ

# ਕਿਸ ਚੀਜ਼ ਦਾ ਇੰਤਜ਼ਾਰ ਹੈ ਅਤੇ ਕਦ ਤੱਕ ?

ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਸਰਕਾਰ ਨੂੰ ਅਤੇ ਖਾਸ ਤੌਰ 'ਤੇ ਖੇਤੀ ਮੰਤਰੀ ਸ਼ਰਦ ਪਵਾਰ ਨੂੰ "ਝਾੜ" ਪਾਉਂਦੇ ਹੋਏ ਹੁਕਮ ਦਿੱਤਾ ਕਿ ਜਿਹੜਾ ਕਰੋੜਾਂ ਟਨ ਅਨਾਜ ਗੋਦਾਮਾਂ 'ਚ ਸੜ ਰਿਹਾ ਹੈ, ਉਸਨੂੰ ਗਰੀਬਾਂ 'ਚ ਵੰਡ ਦਿੱਤਾ ਜਾਵੇ। ਸੁਪਰੀਮ ਕੋਰਟ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਕਿ ਜਿਸ ਮੁਲਕ 'ਚ ਕਰੋੜਾਂ ਲੋਕ ਭੁੱਖਮਰੀ ਅਤੇ ਕੁਪੋਸ਼ਣ ਦੇ ਸ਼ਿਕਾਰ ਹਨ, ਉੱਥੇ ਅਨਾਜ ਗੋਦਾਮਾਂ 'ਚ ਸੜ ਜਾਂਦਾ ਹੈ ਅਤੇ ਉਸਨੂੰ ਚੂਹੇ ਖਾ ਜਾਂਦੇ ਹਨ; ਜਿਵੇਂ, ਅਜਿਹਾ ਪਹਿਲੀ ਵਾਰ ਹੋ ਰਿਹਾ ਹੋਵੇ! ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਪੜ੍ਹੇ-ਲਿਖੇ ਸ਼ਹਿਰੀ- ਮੱਧਵਰਗ ਨੇ ਪ੍ਰਸ਼ੰਸ਼ਾ ਨਾਲ਼ ਸਵਾਗਤ ਕੀਤਾ। ਸੁਪਰੀਮ ਕੋਰਟ ਨੇ ਇੱਕ ਵਾਰ ਫਿਰ ਪੂੰਜੀਵਾਦੀ ਪ੍ਰਬੰਧ ਦੇ "ਸਭ ਤੋਂ ਸਾਫ" ਖੰਭੇ ਦੇ ਰੂਪ 'ਚ ਆਪਣੀ ਭਰੋਸੇਯੋਗਤਾ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਸੀ। ਕੋਈ ਵੀ ਪੂੰਜੀਵਾਦੀ ਪ੍ਰਬੰਧ ਆਪਣੇ ਗਲਬੇ ਦੇ ਮੈਕੇਨਿਜ਼ਮ ਦੇ ਅੰਗ ਦੇ ਰੂਪ 'ਚ ਚੋਣਾਂ, ਨਿਆਂ-ਪ੍ਰਬੰਧ, ਮੀਡੀਆ ਅਤੇ ਸਿੱਖਿਆ- ਪ੍ਰਬੰਧ ਦੀ ਵਰਤੋਂ ਕਰਦੀ ਹੈ। ਸਗੋਂ ਕਹਿਣਾ ਚਾਹੀਦਾ ਹੈ ਕਿ ਇਹ ਵੀ ਉਸਦੇ ਪ੍ਰਮੁੱਖ ਗਲਬਾਕਾਰੀ ਅੰਗ ਹੁੰਦੇ ਹਨ। ਪਰ ਗਲਬਾਕਾਰੀ ਮੈਕੇਨਿਜ਼ਮ ਦਾ ਕੰਮ ਸਿਰਫ਼ ਭਰਮ ਪੈਦਾ ਕਰਨਾ ਹੁੰਦਾ ਹੈ ਕੋਈ ਅਸਲੀ ਬਦਲਾਅ ਲਿਆਉਣਾ ਨਹੀਂ। ਇਸ ਮਾਮਲੇ 'ਚ ਵੀ ਅਦਾਲਤ ਦੇ ਫੈਸਲੇ ਨੂੰ ਲੈ ਕੇ ਖੁਸ਼ੀ ਦਾ ਮਾਹੌਲ ਵੱਧ ਸਮੇਂ ਤੱਕ ਬਣਿਆ ਨਹੀਂ ਰਹਿ ਸਕਿਆ। ਅਰਥਸ਼ਾਸ਼ਤਰੀ ਪ੍ਰਧਾਨ ਮੰਤਰੀ ਅਤੇ 'ਜੈਂਟਲਮੈਨ' ਮੰਨੇ ਜਾਣ ਵਾਲ਼ੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਲਗਭਗ- ਲਗਭਗ ਹਨ੍ਹੇਰਗਰਦੀ ਕੀਤੀ ਅਤੇ ਅਦਾਲਤ ਨੂੰ ਝਾੜ ਪਾਈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਨਿਆਂ-ਪ੍ਰਬੰਧ ਆਪਣੀ ਹੱਦ 'ਚ ਰਹੇ ਅਤੇ ਕਾਰਜਪਾਲਿਕਾ ਦੇ ਅਧਿਕਾਰ ਖੇਤਰ 'ਚ ਦਖ਼ਲ ਨਾ ਦੇਵੇ। ਪ੍ਰਧਾਨ ਮੰਤਰੀ ਸਾਹਿਬ ਨੇ ਆਪਣੀ ਅਰਥ-ਵਿਦਿਆ ਦੀ ਵਰਤੋਂ ਕਰਦੇ ਹੋਏ ਦੱਸਿਆ ਕਿ ਜੇਕਰ ਸੜ ਰਹੇ ਅਨਾਜ ਨੂੰ ਭੁੱਖੇ ਲੋਕਾਂ 'ਚ ਵੰਡ ਦਿੱਤਾ ਜਾਵੇਗਾ ਤਾਂ ਕਿਸਾਨਾਂ ਨੂੰ ਉਤਪਾਦਨ ਵਧਾਉਣ ਦੀ ਪ੍ਰੇਰਣਾ ਨਹੀਂ ਮਿਲੇਗੀ! ਵਾਹ! ਇਹ ਉਹਨਾਂ ਤਰਕਾਂ ਚੋਂ ਇੱਕ ਹੈ ਜਿਨ੍ਹਾਂ ਦੇ ਜੁਆਬ 'ਚ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਦਿੱਤੀ ਜਾਵੇ, ਇਹ ਤੈਅ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਪਰ ਫਿਰ ਵੀ ਇਹ ਸਵਾਲ ਮੱਲੋਮਲੀ ਹੀ ਜ਼ਹਿਨ 'ਚ ਆਉਂਦਾ ਹੈ ਕਿ ਉਤਪਾਦਨ ਕਿਨ੍ਹਾਂ ਲਈ ਵਧਾਇਆ ਜਾਵੇ, ਜੇਕਰ ਉਹਨੇ ਗੋਦਾਮਾਂ 'ਚ ਸੜਨਾ ਹੀ ਹੋਵੇ? ਜਾਂ ਜੇਕਰ ਉਸਨੂੰ ਅੰਨ-ਉਤਪਾਦਨ ਦੇ ਖੇਤਰ ਦੇ ਸਰਮਾਏਦਾਰਾਂ ਅਤੇ ਵਪਾਰੀਆਂ ਦਾ ਮੁਨਾਫ਼ਾ ਵਧਾਉਣ ਦੇ ਕੰਮ ਆਉਣਾ ਹੋਵੇ? ਮਨਮੋਹਨ ਸਿੰਘ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਤਪਾਦਨ ਵਧਾਉਣ ਦੀ ਪ੍ਰੇਰਣਾ ਨਾਲ ਅੰਨ ਨੂੰ ਗਰੀਬਾਂ 'ਚ ਵੰਡਣ ਦਾ ਕੋਈ ਸਬੰਧ ਨਹੀਂ ਹੈ। ਅਸਲ 'ਚ, ਜੇਕਰ ਇਹ ਅਨਾਜ ਲੋਕਾਂ 'ਚ ਵੰਡ ਦਿੱਤਾ ਜਾਦਾ ਹੈ, ਤਾਂ ਇਸ ਨਾਲ ਅੰਨ ਉਤਪਾਦਨ ਸਰੋਤਾਂ ਤੱਕ 'ਚ ਲੱਗੇ ਦੈਂਤ-ਅਕਾਰੀ ਕਾਰਪੋਰੇਟ ਘਰਾਣਿਆਂ, ਵਪਾਰੀਆਂ, ਦਲਾਲਾਂ ਅਤੇ ਜਮਾਂ-ਖੋਰਾਂ ਦਾ ਮੁਨਾਫਾ ਮਾਰਿਆ ਜਾਵੇਗਾ। ਇਹੀ ਵਜ੍ਹਾ ਹੈ ਕਿ ਸਰਕਾਰ ਨੂੰ ਅਨਾਜ ਗੁਦਾਮਾ 'ਚ ਸੜਨਾ ਤਾਂ ਮਨਜੂਰ ਹੈ, ਪਰ ਭੁੱਖੇ ਮਰਦੇ ਲੋਕਾਂ 'ਚ ਵੰਡਣਾ ਮਨਜੂਰ ਨਹੀਂ ਹੈ, ਇਸਦੀ ਹਮਾਇਤ 'ਚ ਕੋਈ ਤਰਕ ਨਹੀਂ ਦਿੱਤਾ ਜਾ ਸਕਦਾ। ਪੂੰਜੀਵਾਦ- ਪ੍ਰਬੰਧ ਦਾ ਅਸਲ ਤਰਕ ਮਨਮੋਹਨ ਸਿੰਘ ਦੇ ਜਵਾਬ 'ਚ ਨੰਗਾ ਹੋ ਕੇ ਮੂਹਰੇ ਆ ਗਿਆ। ਮਨੁੱਖੀ ਜੀਵਨ ਦੀ ਇਸ ਪ੍ਰਬੰਧ 'ਚ ਕੋਈ ਕੀਮਤ ਨਹੀਂ ਹੁੰਦੀ ਹੈ। ਜੇਕਰ ਕਿਸੇ ਚੀਜ਼ ਦੀ ਕੀਮਤ ਹੈ ਤਾਂ ਉਹ ਹੈ ਸਰਮਾਏਦਾਰਾਂ ਦਾ ਮੁਨਾਫ਼ਾ।

ਇਸ ਘਟਨਾ ਨਾਲ਼ ਇੱਕ ਹੋਰ ਘਟਨਾ ਘਟੀ। ਸੰਸਦ ਦੀ ਕਾਰਵਾਈ ਨੂੰ ਲੀਡਰਾਂ ਨੇ ਠੱਪ ਕਰ ਦਿੱਤਾ। ਵਜ੍ਹਾ ਇਸ ਦੇਸ਼ 'ਚ 84 ਕਰੋੜ ਲੋਕਾਂ ਦਾ 20 ਰੁਪਏ 'ਤੇ ਜੀਣਾ, 56 ਪ੍ਰਤੀਸ਼ਤ ਔਰਤਾਂ 'ਚ ਖ਼ੂਨ ਦੀ ਕਮੀ ਹੋਣਾ, 46 ਪ੍ਰਤੀਸ਼ਤ ਬੱਚਿਆ ਦਾ ਕੁਪੋਸ਼ਿਤ ਹੋਣਾ, 36 ਕਰੋੜ ਲੋਕਾਂ ਦਾ ਬੇਘਰੇ ਹੋਣਾ ਜਾਂ 5000 ਬੱਚਿਆਂ ਦਾ ਰੋਜ਼ ਭੁੱਖ ਅਤੇ ਕੁਪੋਸ਼ਣ ਨਾਲ਼ ਦਮ ਤੋੜਨਾ ਨਹੀਂ ਸੀ। ਇਹ ਆਦਰਯੋਗ ਪਾਰਲੀਮੈਂਟ ਮੈਂਬਰ ਆਪਣੀ ਤਨਖਾਹ ਨੂੰ 80,001 ਰੁਪਏ ਕੀਤੇ ਜਾਣ ਦੀ ਮੰਗ ਕਰ ਰਹੇ ਸਨ। ਇਹ ਵੱਧ ਕੇ 65,000 ਰੁਪਏ ਹੋ ਵੀ ਗਈ। ਨਾਲ਼ੇ ਇਹ ਤਾਂ ਸਿਰਫ਼ ਮਾਸਿਕ ਤਨਖਾਹ ਹੈ। ਪਾਰਲੀਮੈਂਟ ਮੈਂਬਰਾਂ ਦੇ ਪਰਿਵਾਰ ਦੀ ਸਿੱਖਿਆ, ਇਲਾਜ, ਰਿਹਾਇਸ਼, ਸਫ਼ਰ, ਸੰਚਾਰ ਅਤੇ ਹਰ ਤਰ੍ਹਾਂ ਦੇ ਬੁਨਿਆਦੀ ਖਰਚਿਆਂ ਨੂੰ ਸਰਕਾਰੀ ਖਜ਼ਾਨੇ ਤੋਂ ਪੂਰਾ ਕੀਤਾ ਜਾਂਦਾ ਹੈ। ਯਾਣੀ, ਲੋਕਾਂ ਦੀ ਮਿਹਨਤ ਦੀ ਕਮਾਈ ਨਾਲ਼। ਇਸ ਮਗਰੋਂ ਵਿਕਾਸ ਦੀ ਮਦ 'ਚ ਆਉਣ ਵਾਲੀ ਕਰੋੜਾਂ ਦੀ ਰਕਮ ਦੀ ਵੀ ਇਹ ਲੋਕਾਂ ਦੇ ਪ੍ਰਤੀਨਿੱਧ ਕਿੰਨੀ ਸੁਵਰਤੋਂ ਕਰਦੇ ਹਨ, ਇਹ ਸਭ ਜਾਣਦੇ ਹਨ। ਇਸ ਮਗਰੋਂ ਸਰਮਾਏਦਾਰਾਂ ਅਤੇ ਠੇਕੇਦਾਰਾਂ ਵੱਲੋਂ ਆਪਣੀ ਸੇਵਾ ਬਦਲੇ ਮਿਲਣ ਵਾਲ਼ੀ ਲੱਖਾਂ- ਲੱਖ ਦੀ ਰਕਮ ਵੀ ਉਨ੍ਹਾਂ ਦੀ ਆਮਦਨ 'ਚ ਚਾਰ-ਚੰਨ ਲਗਾਉਂਦੀ ਹੈ। ਸਵਿਸ ਬੈਂਕਾਂ 'ਚ ਭਾਰਤੀਆਂ ਦੇ 1456 ਅਰਬ ਡਾਲਰ ਐਵੇਂ ਹੀ ਥੋੜ੍ਹੀ ਜਮ੍ਹਾਂ ਨੇ! ਇਹ ਸਾਡੇ ਨੇਤਾ-ਮੰਤਰੀਆਂ ਦੀ ਮਿਹਨਤ ਦੀ ਕਮਾਈ ਹੈ! ਜਿਹੜੀ ਇਨ੍ਹਾਂ ਨੂੰ ਸਰਮਾਏਦਾਰੀ ਦੇ ਮਾਮਲਿਆਂ ਦੀ ਦੇਖ- ਰੇਖ ਕਰਨ ਵਾਲ਼ੀ ਮੈਨੇਜਿੰਗ ਕਮੇਟੀ ਦੇ ਮੈਂਬਰ ਦੇ ਰੂਪ 'ਚ ਹਾਸਿਲ ਹੁੰਦੀ ਹੈ। ਜਰਾ ਸੋਚੋ, ਇਹ ਸਭ ਕੁੱਝ ਉਸ ਮੁਲਕ 'ਚ ਹੁੰਦਾ ਹੈ ਜਿਸ 'ਚ 80 ਫੀਸਦੀ ਲੋਕ ਬਸ ਇੱਕ ਸਮੇਂ ਦਾ ਖਾਣਾ ਖਾ ਸਕਣ ਲਾਇਕ

ਕਮਾ ਸਕਦੇ ਹਨ, ਇਲਾਜ, ਸਿੱਖਿਆ ਅਤੇ ਰਿਹਾਇਸ਼ ਜਿਹੇ ਹੱਕਾਂ ਦੀ ਤਾਂ ਗੱਲ ਹੀ ਛੱਡੋ। ਇਹ ਮੈਂਬਰ ਪਾਰਲੀਮੈਂਟ 63 ਵਰ੍ਹਿਆਂ 'ਚ ਦੇਸ਼ ਨੂੰ ਇੱਥੇ ਤੱਕ ਪਹੁੰਚਾ ਦੇਣ ਦਾ ਮਿਹਨਤਾਨਾ ਮੰਗ ਰਹੇ ਹਨ! ਨਾਲ਼ੇ ਉਨ੍ਹਾਂ ਨੂੰ ਮਿਲ ਵੀ ਰਿਹਾ ਹੈ!

**ਇਹ ਦੋਨੋਂ ਘਟਨਾਵਾਂ ਭਾਰਤੀ ਪੂੰਜੀਵਾਦ ਪ੍ਰਬੰਧ ਦੇ ਨੰਗੇਜ ਨੂੰ ਉਘਾੜ ਕੇ ਸਾਡੇ ਮੂਹਰੇ ਰੱਖ ਦਿੰਦੀਆਂ ਹਨ।** ਪੂਰਾ ਮੁਲਕ ਇੱਕ ਸਿਆਸੀ ਅਤੇ ਆਰਥਿਕ ਸੰਕਟ ਤੋਂ ਗੁਜ਼ਰ ਰਿਹਾ ਹੈ। ਮਹਿੰਗਾਈ ਦੀ ਮਾਰ ਅਣਕਿਆਸੇ ਰੂਪ ਨਾਲ਼ ਲੋਕਾਂ ਨੂੰ ਗਰੀਬੀ ਅਤੇ ਬਦਹਾਲੀ 'ਚ ਧੱਕ ਰਹੀ ਹੈ। ਪਿਛਲੇ 30 ਵਰ੍ਹਿਆਂ 'ਚ ਮੁਲਕ ਦੇ ਲੋਕਾਂ ਨੇ ਅਜਿਹੀ ਮਹਿੰਗਾਈ ਨਹੀਂ ਵੇਖੀ ਹੈ। ਬੇਰੁਜ਼ਗਾਰੀ ਦੀ ਹਾਲਤ ਚਿੰਤਾਜਨਕ ਹੈ ਅਤੇ ਬੇਰੁਜ਼ਗਾਰਾਂ ਅਤੇ ਅਰਧ ਬੇਰੁਜ਼ਗਾਰਾਂ ਦੀ ਵਸੋਂ ਨੂੰ ਜੋੜ ਦੇਈਏ ਤਾਂ ਇਹ 28 ਕਰੋੜ ਦੇ ਕਰੀਬ ਹੈ। ਗਰੀਬੀ ਬਾਰੇ ਸਰਕਾਰੀ ਅੰਕੜਿਆਂ ਦੀ ਲੱਫਾਜੀ ਦੇ ਬਾਵਜੂਦ ਸਾਰੀਆਂ ਕੌਮਾਂਤਰੀ ਤੋਂ ਲੈ ਕੇ ਦੇਸੀ ਏਜੰਸੀਆਂ ਦੇ ਅੰਕੜੇ ਤੱਕ ਇਸ ਗੱਲ ਨੂੰ ਸਾਬਤ ਕਰ ਚੁੱਕੇ ਹਨ ਕਿ ਭਾਰਤ ਦੀ ਗਰੀਬੀ ਦੀ ਤੁਲਨਾ ਕੁੱਝ ਸਬਸਹਾਰਾ ਦੇ ਮੁਲਕਾਂ ਨਾਲ਼ ਹੀ ਕੀਤੀ ਜਾ ਸਕਦੀ ਹੈ।

*ਕੁਪੋਸ਼ਣ ਦੇ ਮਾਮਲੇ 'ਚ ਤਾਂ ਭਾਰਤ ਦੁਨੀਆ ਦੇ ਸਭ ਤੋਂ ਗਰੀਬ ਅਫਰੀਕੀ ਮੁਲਕਾਂ ਤੋਂ ਵੀ ਅਗਾਂਹ ਨਿਕਲ ਚੁੱਕਾ ਹੈ। ਮੁਲਕ ਦੇ ਲੋਕਾਂ 'ਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ ਅਤੇ ਕੁਪੋਸ਼ਣ ਵਿਰੁੱਧ ਬੇਚੈਨੀ ਸੁਲਗ ਰਹੀ ਹੈ। ਆਰਥਿਕ ਸੰਕਟ ਦੇ ਦੌਰ 'ਚ ਆਪਣੇ ਮੁਨਾਫੇ ਦੀ ਦਰ ਨੂੰ ਬਰਕਰਾਰ ਰੱਖਣ ਲਈ ਸਰਕਾਰ ਮੌਜੂਦਾ ਕਿਰਤ ਕਾਨੂੰਨਾਂ 'ਚ ਸੋਧ ਅਤੇ ਉਨ੍ਹਾਂ ਦੀ ਉਲੰਘਣਾ ਕਰਕੇ ਕੁਦਰਤੀ ਸਰੋਤਾਂ ਦੀ ਅਣਕਿਆਸੀ ਲੁੱਟ ਕਰ ਰਹੀ ਹੈ ਜਿਸ ਦੀ ਪ੍ਰਤੀਕਿਰਿਆ 'ਚ ਥਾਂ-ਥਾਂ ਮਜ਼ਦੂਰਾਂ ਦੀ ਬੇਚੈਨੀ ਫੁੱਟ ਰਹੀ ਹੈ ਅਤੇ ਝਾਰਖੰਡ, ਛੱਤੀਸਗੜ੍ਹ, ਮਹਾਂਰਾਸ਼ਟਰ ਦੇ ਆਦਿਵਾਸੀ-ਵਸੋਂ ਵਾਲ਼ੇ ਇਲਾਕਿਆਂ 'ਚ ਅਤਿ- ਖੱਬੇਪੱਖੀ ਮਾਅਰਕੇਬਾਜ ਲੀਡਰਸ਼ਿਪ 'ਚ ਆਦਿਵਾਸੀ ਟਾਕਰਾ ਜੰਗ ਲੜ ਰਹੇ ਹਨ। ਆਮ ਕਿਸਾਨ ਵਸੋਂ ਸਰਕਾਰ ਦੇ ਪੂੰਜੀਵਾਦੀ ਮਾਡਲ ਨੂੰ ਨਕਾਰ ਚੁੱਕੀ ਹੈ ਅਤੇ ਅਨਿਆਈਂ ਭੂਮੀ ਕਬਜ਼ੇ ਵਿਰੁੱਧ ਥਾਂ-ਥਾਂ ਜੁਝਾਰੂ ਸੰਘਰਸ਼ ਕਰ ਰਹੀ ਹੈ। ਇਸ ਦੀ ਅਗਵਾਈ ਨਿਸ਼ਚਿਤ ਤੌਰ 'ਤੇ ਅਜੇ ਅਮੀਰ-ਕਿਸਾਨੀ ਦੀਆਂ ਲਾਬੀਆਂ ਦੇ ਹੱਥਾਂ 'ਚ ਹੈ,* ***ਪਰ ਇਹ ਕਿਸੇ ਹੋਰ ਬਦਲ ਦੀ ਗ਼ੈਰ ਮੌਜੂਦਗੀ ਦੀ ਹਾਲਤ ਹੈ, ਤਾਰਕਿਕ ਚੋਣ ਦੀ ਨਹੀਂ।*** *ਕੁੱਲ ਮਿਲਾ ਕੇ ਪੂਰਾ ਮੁਲਕ 1990 ਮਗਰੋਂ ਇੱਕ ਵਾਰ ਫੇਰ ਅਣਕਿਆਸੇ ਬਹੁਆਯਾਮੀ ਆਰਥਿਕ ਅਤੇ ਸਿਆਸੀ ਸੰਕਟ 'ਚੋਂ ਗੁਜ਼ਰ ਰਿਹਾ ਹੈ। ਇਹ ਸਾਡੇ ਮੁਲਕ ਦੇ ਪੂੰਜੀਵਾਦੀ ਪ੍ਰਬੰਧ ਦਾ ਹੀ ਸੰਕਟ ਨਹੀਂ ਹੈ। ਹੁਣ, ਇਹ ਸੰਕਟ 'ਤੀਜੀ ਦੁਨੀਆ' ਦੇ ਸਾਰੇ ਮੁਲਕਾਂ ਤੋਂ ਫੈਲਦਾ ਹੋਇਆ ਪੂੰਜੀਵਾਦੀ ਸੰਸਾਰ ਦੇ 'ਮੈਟਰੋਪਲਿਸ' ਦੇ ਦਰਵਾਜਿਆਂ 'ਤੇ ਵੀ ਦਸਤਕ ਦੇਣ ਲੱਗਾ ਹੈ। ਅਮਰੀਕਾ 'ਚ ਬੇਰੁਜ਼ਗਾਰੀ ਅਣਕਿਆਸੀ ਸੀਮਾ ਤੱਕ ਪਹੁੰਚ ਚੁੱਕੀ ਹੈ, ਸਾਰੇ ਸਟੀਮੁਲਸ ਪੈਕੇਜ ਬੇਕਾਰ ਹੋ ਚੁੱਕੇ ਹਨ ਅਤੇ ਲੋਕ ਵਾਰ-ਵਾਰ ਸੜਕਾਂ 'ਤੇ ਉੱਤਰ ਰਹੇ ਹਨ, ਇਹੀ ਹਾਲਤ ਯੂਰਪ ਦੀ ਹੈ ਅਤੇ ਕਰਜ ਸੰਕਟ ਤੋਂ ਉਭਰਣ ਤੋਂ ਪਹਿਲਾਂ ਹੀ ਪੂਰਾ ਅਰਥਚਾਰਾ ਫਿਰ ਤੋਂ ਮੰਦੀ ਦੇ ਦਲ-ਦਲ 'ਚ ਫਸਣ ਲੱਗਿਆ ਹੈ, ਫਰਾਂਸ ਵਿਦਿਆਰਥੀ-ਨੌਜਵਾਨ ਅਤੇ ਮਜ਼ਦੂਰ ਲਹਿਰ ਨਾਲ਼ ਦਹਕ ਰਿਹਾ ਹੈ ਅਤੇ ਯੂਨਾਨ, ਪੁਰਤਗਾਲ ਅਤੇ ਸਪੇਨ 'ਚ ਵੀ ਬੇਚੈਨੀ ਸੁਲਗ ਰਹੀ ਹੈ, ਚੀਨ 'ਚ ਵੀ ਕਿਰਤ ਕੰਟਰੋਲ ਦੀਆਂ ਸਾਰੀਆਂ ਯੁੱਧਨੀਤੀਆਂ ਦੇ ਬਾਵਜੂਦ ਮਾਓ ਦੇ ਅਸਲੀ ਵਾਰਸਾ ਦੀ ਅਗਵਾਈ 'ਚ ਅਤੇ ਆਪ-ਮੁਹਾਰੇ ਰੂਪ 'ਚ ਵੀ ਮਜ਼ਦੂਰ ਅਤੇ ਗਰੀਬ ਕਿਸਾਨ 'ਬਜ਼ਾਰ ਸਮਾਜਵਾਦ' ਦੇ ਤਬਾਹਕੁੰਨ ਸਿੱਟਿਆਂ ਵਿਰੁੱਧ ਸੰਘਰਸ਼ ਦੀ ਸ਼ੁਰੂਆਤ ਕਰਨ ਲੱਗੇ ਹਨ। ਕੁੱਲ ਮਿਲਾ ਕੇ ਪੂਰਾ ਪੂੰਜੀਵਾਦੀ ਸੰਸਾਰ ਇੱਕ ਵਾਰ ਫਿਰ ਆਪਣੇ ਜਾਨਲੇਵਾ ਸੰਕਟ ਦਾ ਸ਼ਿਕਾਰ ਹੈ। ਇਸ ਅਸਲੀਅਤ ਦਾ ਇੱਕ ਪ੍ਰਗਟਾਅ ਅਸੀਂ ਆਪਣੇ ਮੁਲਕ 'ਚ ਵੀ ਵੇਖ ਰਹੇ ਹਾਂ। ਦੇਸ਼ ਦੀ ਹਾਕਮ ਜਮਾਤ ਅੱਯਾਸ਼ੀ ਅਤੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਲੰਘ ਚੁੱਕੀ ਹੈ ਅਤੇ ਲੋਕਾਂ ਦੀ ਬਦਹਾਲੀ ਵੀ ਸਾਰੀਆਂ ਹੱਦਾਂ ਲੰਘ ਚੁੱਕੀ ਹੈ।*

ਇਤਿਹਾਸ ਕੁੰਡਲਾਕਾਰ ਗਤੀ ਕਰਦੇ ਹੋਏ ਜਟਿਲ ਸ਼ਬਦਾਵਲੀ ਅਤੇ ਸ਼ਬਦ ਚਤੁਰਾਈ ਦੇ ਦੌਰ ਤੋਂ ਗੁਜ਼ਰਦੇ ਹੋਏ ਇੱਕ ਵਾਰ ਫਿਰ ਇੱਕ ਅਜਿਹੀ ਮੰਜਲ 'ਚ ਪੁੱਜ ਗਿਆ ਹੈ, ਜਿੱਥੇ ਕੁੱਝ ਸੱਚਾਈਆਂ ਨੂੰ ਸਿੱਧੇ- ਸਿੱਧੇ ਸਪੱਸ਼ਟ ਭਾਸ਼ਾ 'ਚ ਬੋਲ ਦਿੱਤਾ ਜਾਵੇ।

ਅੱਜ ਪੂਰਾ ਪੂੰਜੀਵਾਦੀ ਪ੍ਰਬੰਧ ਭਿਅੰਕਰ ਸੰਕਟ ਦਾ ਸ਼ਿਕਾਰ ਹੈ। ਇਸ ਕੋਲ਼ ਪ੍ਰਗਤੀ ਦੀ ਕੋਈ ਸੰਭਾਵਨਾ- ਸੰਪਨਤਾ ਨਹੀਂ ਰਹਿ ਗਈ ਹੈ। ਚੀਜ਼ਾਂ ਦੇ ਵਿਆਪਕ ਸੰਸਾਰ ਦਾ ਸਿਰਜਣ ਕਰਕੇ ਵੀ ਉਹ ਬਹੁਗਿਣਤੀ ਲੋਕਾਂ ਨੂੰ ਨਰਕ- ਵਰਗੀ ਜ਼ਿੰਦਗੀ ਦੇ ਰਿਹਾ ਹੈ ਕਿਉਂਕਿ ਇਸਦਾ ਮਕਸਦ ਬਹੁਗਿਣਤੀ ਲੋਕਾਂ ਦੀ ਭਲਾਈ, ਨਿਆਂ ਅਤੇ ਬਰਾਬਰੀ ਹੈ ਹੀ ਨਹੀਂ। ਇਸ ਦਾ ਮਹਿਜ਼ ਇੱਕ ਟੀਚਾ ਹੈ ਲਾਭ! ਮੁਨਾਫਾ! ਕਿਸੇ ਵੀ ਕੀਮਤ 'ਤੇ! ਇਸ ਮੁਨਾਫੇ ਖਾਤਰ ਪੂਰੇ ਸੰਸਾਰ ਨੂੰ ਸਾਮਰਾਜਵਾਦੀ ਜੰਗਾਂ 'ਚ ਧੱਕ ਦਿੱਤਾ ਜਾਂਦਾ ਹੈ; ਅਨਾਜ ਨੂੰ ਭੁੱਖੇ ਮਰਦੇ ਲੋਕਾਂ ਮੂਹਰੇ ਗੋਦਾਮਾਂ 'ਚ ਸੜਾ ਦਿੱਤਾ ਜਾਂਦਾ ਹੈ; ਬੱਚਿਆਂ ਅਤੇ ਇਸਤਰੀਆਂ ਦੀ ਕਿਰਤ ਮੰਡੀ 'ਚ ਮਿੱਟੀ ਦੇ ਭਾਅ ਵਿੱਕਦੀ ਹੈ; ਮਜ਼ਦੂਰਾਂ ਦਾ ਜੀਵਨ ਨਰਕ ਤੋਂ ਬਦਤਰ ਹੁੰਦਾ ਜਾਂਦਾ ਹੈ; ਗਰੀਬ ਕਿਸਾਨ ਉਜੜਦੇ ਹੋਏ ਕੰਗਾਲਾਂ ਦੀਆਂ ਸਫ਼ਾਂ 'ਚ ਸ਼ਾਮਿਲ ਹੁੰਦੇ ਜਾਂਦੇ ਹਨ। ਇਹੀ ਉਹ ਨਿਆਮਤਾਂ ਹਨ ਜਿਹੜੀਆਂ ਪੂੰਜੀਵਾਦ ਅੱਜ ਸਾਨੂੰ ਦੇ ਸਕਦਾ ਹੈ। ਇਸ ਦੇ ਨਾਲ਼ ਉਹ ਬੇਸ਼ਰਮੀ ਨਾਲ਼ ਇਹ ਐਲਾਨ ਕਰਦਾ ਰਹਿੰਦਾ ਹੈ ਕਿ ਉਹ 'ਇਤਿਹਾਸ ਦਾ ਅੰਤ' ਹੈ! ਮਨੁੱਖ ਜਾਤੀ ਜਿਹੜਾ ਸਭ ਤੋਂ ਉੱਤਮ ਹਾਸਿਲ ਕਰ ਸਕਦੀ ਸੀ, ਉਹ ਪੂੰਜੀਵਾਦ ਹੈ!

ਪਰ ਦੁਨੀਆਂ ਦਾ ਕੋਈ ਤਰਕਸੰਗਤ, ਵਿਗਿਆਨਿਕ ਦ੍ਰਿਸ਼ਟੀ ਰੱਖਣ ਵਾਲ਼ਾ, ਸੰਵੇਦਨਸ਼ੀਲ, ਨਿਆਂ-ਪਸੰਦ ਇਨਸਾਨ ਇਸ ਗੱਲ ਨੂੰ ਨਹੀਂ ਮੰਨ ਸਕਦਾ ਹੈ। ਇਹ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਆਪਣੀ ਸਾਰੀ ਫੌਜੀ ਤਾਕਤ ਦੇ ਬਾਵਜੂਦ ਸੰਸਾਰ ਪੂੰਜੀਵਾਦ ਲਾ-ਇਲਾਜ ਸੰਕਟ ਦਾ ਸ਼ਿਕਾਰ ਹੈ ਅਤੇ ਅੰਦਰੋਂ ਖੋਖਲ਼ਾ ਹੋ ਚੁੱਕਿਆ ਹੈ। ਜਾਰਜ ਸੋਰੋਸ ਜਿਹੇ ਇੱਕ ਠੱਗ ਸੱਟੇਬਾਜ ਦੀ ਸੱਟੇਬਾਜੀ ਜਾਂ ਮਹਿਜ਼ ਇੱਕ ਵਿੱਤੀ ਸੰਸਥਾਨ ਦਾ ਢਹਿਣਾ ਪੂਰੇ ਸੰਸਾਰ 'ਚ ਮੰਦੀ ਪੈਦਾ ਕਰ ਦਿੰਦਾ ਹੈ ਅਤੇ ਅਰਥਚਾਰੇ ਮੂੰਹ ਦੇ ਭਾਰ ਡਿੱਗਣ ਲੱਗਦੇ ਹਨ। ਕੀ ਇਹ ਆਪਣੇ ਆਪ 'ਚ ਇਸ ਪ੍ਰਬੰਧ ਦੇ ਖੋਖਲੇਪਣ ਨੂੰ ਨਹੀਂ ਦਿਖਾਉਂਦਾ? ਫਿਰ ਵੀ ਇਹ ਪ੍ਰਬੰਧ ਅੱਜ ਟਿਕਿਆ ਹੋਇਆ ਹੈ ਤਾਂ ਇਸਦੀ ਵਜ੍ਹਾ ਇਸਦੀ ਆਪਣੀ ਤਾਕਤ ਨਹੀਂ ਹੈ। ਇਸਦੀ ਵਜ੍ਹਾ ਇਹ ਹੈ ਕਿ ਅੱਜ ਦੁਨੀਆ ਭਰ 'ਚ ਇਨਕਲਾਬ ਦੀਆਂ ਤਾਕਤਾਂ ਪਛਾੜਾਂ ਅਤੇ ਹਾਰਾਂ ਦਾ ਦੌਰ ਝੱਲ ਰਹੀਆਂ ਹਨ। ਇਨਕਲਾਬੀ ਸਿਧਾਂਤ 'ਤੇ ਰਾਖ-ਹਨ੍ਹੇਰੇ ਦੀ ਇੱਕ

ਪਰਤ ਚੜ੍ਹਾ ਦਿੱਤੀ ਗਈ ਹੈ; ਇਨਕਲਾਬੀ ਸਿਧਾਤਾਂ ਦੀ ਰੋਸ਼ਨੀ ਦੀ ਕਮੀ 'ਚ ਇਨਕਲਾਬੀ ਲਹਿਰ ਮਾਅਰਕੇਬਾਜ਼ੀ, ਸੰਸਦਵਾਦ ਜਾਂ "ਮੁਕਤ ਚਿੰਤਨ" ਦੇ ਭਟਕਾਅ ਦਾ ਸ਼ਿਕਾਰ ਹੋ ਰਹੀ ਹੈ; ਨਤੀਜੇ ਵਜੋਂ, ਉਨ੍ਹਾਂ ਕੋਲ਼ ਕੋਈ ਵੀ ਪ੍ਰੋਗਰਾਮ ਮੌਜੂਦ ਨਹੀਂ ਹੈ ਅਤੇ ਉਹ ਲਕੀਰ ਦੀ ਫ਼ਕੀਰੀ ਕਰ ਰਹੇ ਹਨ ਅਤੇ ਭਵਿੱਖ ਦਾ ਕੋਈ ਪ੍ਰੋਗਰਾਮ ਨਾ ਹੋਣ ਕਾਰਨ ਅਤੀਤ ਦੇ ਹੀ ਪ੍ਰੋਗਰਾਮ ਨੂੰ ਭਵਿੱਖ ਦਾ ਪ੍ਰੋਗਰਾਮ ਬਣਾ ਬੈਠੇ ਹਨ; ਇਨਕਲਾਬੀ ਲਹਿਰ ਦੇ ਸੰਕਟ ਦੀ ਵਜ੍ਹਾ ਕਰਕੇ ਆਮ ਲੋਕਾਂ ਮੂਹਰੇ ਕੋਈ ਇਨਕਲਾਬੀ ਬਦਲ ਪੇਸ਼ ਨਹੀਂ ਕੀਤਾ ਜਾ ਰਿਹਾ ਹੈ। ਇਸਦਾ ਨਤੀਜਾ ਇਹ ਹੈ ਕਿ ਮਜ਼ਦੂਰਾਂ, ਆਮ ਨੌਜਵਾਨਾਂ ਅਤੇ ਕਿਸਾਨਾਂ, ਆਮ ਕਿਰਤੀ ਵਸੋਂ ਮੂਹਰੇ ਇੱਕ ਨਿਰਾਸ਼ਾ ਦੀ ਹਾਲਤ ਹੈ। ਇਸ ਨਿਰਾਸ਼ਾ ਕਰਕੇ ਥਾਂ- ਥਾਂ ਆਪ-ਮੁਹਾਰੇ ਬਗਾਵਤਾਂ ਤਾਂ ਫੁੱਟ ਰਹੀਆਂ ਹਨ, ਪਰ ਕੋਈ ਜੱਥੇਬੰਦੀ ਅਤੇ ਏਕੀਕ੍ਰਿਤ ਇਨਕਲਾਬੀ ਲਹਿਰ ਜਿਹੜੀ ਸਹੀ ਵਿਗਿਆਨਕ ਇਨਕਲਾਬੀ ਸਿਧਾਂਤ ਅਤੇ ਪ੍ਰੋਗਰਾਮ ਨਾਲ਼ ਲੈਸ ਹੋਵੇ, ਅੱਜ ਪੂਰੀ ਦੁਨੀਆਂ 'ਚ ਗ਼ੈਰਹਾਜ਼ਰ ਵਿਖਦੀ ਹੈ।

ਅਜਿਹੀ ਹਾਲਤ 'ਚ ਸਾਰੇ ਅਜਿਹੇ ਨੌਜਵਾਨਾਂ ਮੂਹਰੇ ਕੀ ਰਾਹ ਹੈ ਜਿਹੜੇ ਸਿਰਫ਼ ਆਪਣਾ ਕੈਰੀਅਰ ਸੁਆਰਨ, ਪੈਸਾ ਕਮਾਉਣ, ਸ਼ੋਹਰਤ ਖੱਟਣ, 'ਯੋਗਤਮ ਦਾ ਬਚਾਅ' ਸਿਧਾਂਤ ਦੀ ਗ਼ੈਰ- ਵਿਗਿਆਨਕ ਪੂੰਜੀਵਾਦੀ ਵਰਤੋਂ ਅਨੁਸਾਰ "ਯੋਗਤਮ" ਬਣ ਜਾਣ ਦੀ ਕੁੱਤਾ- ਦੌੜ 'ਚ ਨਹੀਂ ਦੌੜ ਰਹੇ ਹਨ ? ਜਿਹੜੇ ਉਸ ਸਮਾਜ ਤੋਂ ਨਿੱਖੜ ਕੇ ਨਹੀਂ ਰਹਿ ਸਕਦੇ ਜਿਸ 'ਚ ਉਹ ਜਿਉਂਦੇ ਹਨ ? ਜਿਹੜੇ ਅਨਿਆਂ ਤੋਂ ਅੱਖਾਂ ਮੀਚ ਕੇ ਅਤੇ ਭੁੱਖੇ ਮਰਦੇ ਲੋਕਾਂ ਵੱਲ ਪਿੱਠ ਕਰਕੇ ਮੁਕਾਬਲਾ ਇਮਤਿਹਾਨਾਂ ਦੀਆਂ ਕਿਤਾਬਾਂ ਨਹੀਂ ਪੜ੍ਹ ਸਕਦੇ ? ਕੀ ਰਾਹ ਹੈ ਅਜਿਹੇ ਨੌਜਵਾਨਾਂ ਮੂਹਰੇ ? **ਅਜਿਹੇ ਨੌਜਵਾਨਾਂ ਮੂਹਰੇ ਸਿਰਫ਼ ਇੱਕ ਰਾਹ ਹੈ - ਸ਼ਹੀਦੇ ਆਜ਼ਮ ਭਗਤ ਸਿੰਘ ਦਾ ਰਾਹ।** ਅੱਜ ਅਜਿਹੇ ਨੌਜਵਾਨਾਂ ਨੂੰ ਇਨਕਲਾਬ ਦੇ ਵਿਗਿਆਨ ਨੂੰ ਡੂੰਘਾਈ ਨਾਲ਼ ਸਮਝਣਾ ਹੋਵੇਗਾ; ਆਮ ਗਰੀਬ ਲੋਕਾਂ 'ਚ ਜਾਣਾ ਹੋਵੇਗਾ; ਉਨ੍ਹਾਂ ਨੂੰ ਲਾਮਬੰਦ ਅਤੇ ਜੱਥੇਬੰਦ ਕਰਕੇ ਆਪਣੇ ਹੱਕਾਂ ਲਈ ਲੜਨਾ ਅਤੇ ਇਸ ਸੰਘਰਸ਼ ਨਾਲ਼ ਪ੍ਰਬੰਧ- ਬਦਲਾਅ ਦੇ ਸੰਘਰਸ਼ ਵੱਲ ਅਗਾਂਹ ਵਧਣਾ ਸਿਖਾਉਣਾ ਹੋਵੇਗਾ; ਉਨ੍ਹਾਂ ਨੂੰ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਇੱਕ ਬਿਹਤਰ ਦੁਨੀਆ ਦੀ ਉਸਾਰੀ ਕਰਨ ਲਈ ਆਪਣੀ ਜ਼ਿੰਦਗੀ ਨੂੰ ਝੋਕ ਦੇਣਾ ਹੋਵੇਗਾ; ਭਗਤ ਸਿੰਘ ਦੇ ਹੀ ਸ਼ਬਦਾਂ 'ਚ 'ਉਨ੍ਹਾਂ ਨੂੰ ਪਾਲਿਟਿਕਸ ਦਾ ਗਿਆਨ ਹਾਸਿਲ ਕਰਨਾ ਹੋਵੇਗਾ' ਅਤੇ ਪਿੰਡਾਂ ਦੀਆਂ ਜਰਜਰ ਝੌਂਪੜੀਆਂ ਤੋਂ ਲੈ ਕੇ ਖੇਤਾਂ ਅਤੇ ਕਾਰਖਾਨਿਆਂ ਤੱਕ ਜਾਣਾ ਹੋਵੇਗਾ; ਅਤੇ 'ਲੋਕਾਂ ਦਰਮਿਆਨ ਇਨਕਲਾਬ ਦੀ ਸਪਿਰਿਟ ਪੈਦਾ ਕਰਨੀ ਹੋਵੇਗੀ।' ਇਨਕਲਾਬ ਦੇ ਫ਼ਲਸਫ਼ੇ ਨੂੰ ਸਮਝਣਾ, ਲੋਕਾਂ ਨਾਲ਼ ਜੁੜਨਾ ਅਤੇ ਬਗਾਵਤ ਕਰਨਾ ! ਇਹੀ ਸਾਡਾ ਅੱਜ ਦਾ ਕੰਮ ਹੈ ! ਨਾਲ਼ੇ ਇੱਕ ਹਜ਼ਾਰ ਇੱਕ ਕਾਰਨ ਹਨ ਕਿ ਅਸੀਂ ਬਗਾਵਤ ਕਰੀਏ ਅਤੇ ਉਨ੍ਹਾਂ 'ਚੋਂ ਕੁਝ ਇੱਕ ਹੀ ਕਾਫ਼ੀ ਹਨ ਕਿ ਅਸੀਂ ਸ਼ੁਰੂਆਤ ਕਰ ਦੇਈਏ। ਜਰਮਨ ਇਨਕਲਾਬੀ ਕਵੀ ਬਰਤੋਲਤ ਬ੍ਰੈਖ਼ਤ ਦੇ ਸ਼ਬਦਾਂ 'ਚ—

**ਕਿਸ ਚੀਜ਼ ਦਾ ਇੰਤਜ਼ਾਰ ਹੈ**
**ਅਤੇ ਕਦ ਤੱਕ ?**
**ਦੁਨੀਆਂ ਨੂੰ ਤੇਰੀ ਜ਼ਰੂਰਤ ਹੈ !**

- - - - - - - - - - - - - -

(**ਸਫ਼ਾ 7 ਦਾ ਬਾਕੀ**)

ਸਮਾਪਤ ਕਰਦੇ ਹਾਂ:

"ਜਰਜ਼ਰ ਅਤੇ ਹਾਰ ਚੁੱਕਾ ਤੁਰੰਤ ਹੀ ਕਬਰ ਵਿੱਚ ਨਹੀਂ ਪਹੁੰਚ ਜਾਂਦਾ। ਆਤਮ-ਰੱਖਿਆ ਦੀ ਸਹਿਜ ਭਾਵਨਾ,... ਵਿਨਾਸ਼ ਦੇ ਕੰਢੇ ਉੱਪਰ ਖੜ੍ਹੀ ਵਸਤੂ ਦੇ ਵੱਧ ਤੋਂ ਵੱਧ ਸਮੇਂ ਤੱਕ ਜਿਉਂਦੇ ਰਹਿਣ ਦੇ ਯਤਨ ਤੋਂ ਪ੍ਰੇਰਿਤ ਵਿਰੋਧ ਦਾ ਆਧਾਰ ਹੈ।...ਰੂੜੀਵਾਦੀ ਭਾਵਨਾ ਮਨੁੱਖਾਂ ਵਿੱਚ ਬੀਤੇ ਦੀਆਂ ਪਾਲੀਆਂ ਪੋਸੀਆਂ ਅਤੇ ਪਿਆਰੀਆਂ ਯਾਦਾਂ ਨੂੰ ਜਗਾਉਂਦੀ ਹੈ। ਉਨ੍ਹਾਂ ਨੂੰ ਵੱਡੇਰਿਆਂ ਦੇ ਉਸ ਘਰ ਵਿੱਚ ਵਾਪਸ ਮੁੜ ਜਾਣ ਦੇ ਲਈ ਪ੍ਰੇਰਿਤ ਕਰਦੀਆਂ ਹਨ, ਜਿੱਥੇ ਜ਼ਿੰਦਗੀ ਬਿਨਾਂ ਕਿਸੇ ਚਿੰਤਾ ਦੇ ਅਤੇ ਬਸੰਤੀ ਆਭਾ ਨਾਲ ਭਰਪੂਰ ਸੀ। ਉਹ ਭੁੱਲ ਜਾਂਦੀ ਹੈ ਕਿ ਉਹ ਘਰ ਟੁੱਟ ਭੱਜ ਗਿਆ ਹੈ, ਹਨ੍ਹੇਰਾ ਹੋ ਗਿਆ ਹੈ।...ਪੁਰਾਣਾ ਨਿਜ਼ਾਮ ਜਿਸ ਨੇ ਵਿਦਾ ਹੋਣਾ ਹੈ, ਪੂਰੀ ਤਰ੍ਹਾਂ ਵਿਕਸਿਤ, ਅਮਲ ਵਿੱਚ ਲਿਆਂਦਾ ਹੋਇਆ ਅਤੇ ਲੋਕਾਂ ਦੇ ਦਿਲਾਂ ਵਿੱਚ ਡੂੰਘੀਆਂ ਜੜ੍ਹਾਂ ਜਮਾਈ ਬੈਠਾ ਹੁੰਦਾ ਹੈ। ਇਸਦੇ ਉਲਟ ਨਵਾਂ ਅਜੇ ਅਦਿੱਖ ਅਤੇ ਖਲਾਅ 'ਚ ਹੈ। ਉਸ ਕੋਲ ਨਾ ਰੰਗ ਰੂਪ ਹੈ, ਨਾ ਪਹਿਰਾਵਾ। ਜਦੋਂ ਕਿ ਪੁਰਾਣਾ ਅਮੀਰ ਅਤੇ ਸ਼ਕੀਤਸ਼ਾਲੀ ਹੁੰਦਾ ਹੈ...ਉਹ ਅਤੀਤ ਵਿੱਚ ਆਪਣੇ ਭਵਿੱਖ ਦਾ ਆਦਰਸ਼ ਵੇਖਦੇ ਸਨ, ਪਰ ਅਤੀਤ ਦੇ ਹੀ ਬਾਣੇ ਵਿੱਚ... ਪਲ ਭਰ ਲਈ ਹੀ ਸਹੀ—ਇੱਕ ਮੁੱਦਤ ਤੋਂ ਦਫ਼ਨ ਹੋਇਆ ਇਹ ਜੀਵਨ ਆਪਣੀ ਕਬਰ ਵਿੱਚੋਂ ਉੱਠਕੇ ਆ ਸਕਦਾ ਤਾਂ ਉਸ ਦੇ ਉਪਾਸ਼ਕ ਵੀ ਉਸ ਨੂੰ ਵੇਖਕੇ ਹੈਰਾਨ ਰਹਿ ਜਾਂਦੇ ਅਤੇ ਉਹ ਇਸ ਲਈ ਨਹੀਂ ਕਿ ਉਹ **ਆਪਣੇ ਸਮੇਂ ਵਿੱਚ ਬੁਰਾ ਸੀ**, ਸਗੋਂ ਇਸ ਲਈ ਕਿ ਉਸ ਦਾ **ਸਮਾਂ ਬੀਤ ਚੁੱਕਾ ਸੀ**। ਜਿਵੇਂ ਵੀ ਹੋਵੇ, ਅਤੀਤ ਵਿੱਚ ਵਸਣ ਵਾਲੇ ਲੋਕਾਂ ਨੂੰ ਗਹਿਰੀ ਵੇਦਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਆਪਣੇ ਚਾਰੇ ਪਾਸੇ ਦੇ ਵਾਤਾਵਰਣ ਤੋਂ ਉਹ ਓਨੇ ਹੀ ਦੂਰ ਹੁੰਦੇ ਹਨ ਜਿੰਨੇ ਕਿ ਉਹ ਲੋਕ ਜਿਹੜੇ ਸਿਰਫ਼ ਭਵਿੱਖ ਵਿੱਚ ਵਿਚਰਦੇ ਹਨ। ਹਰ ਇਕ ਇਨਕਲਾਬ ਆਪਣੇ ਨਾਲ ਇਸ ਤਰ੍ਹਾਂ ਦੀਆਂ ਵੇਦਨਾਵਾਂ ਨੂੰ ਲੈ ਕੇ ਆਉਂਦਾ ਹੈ, ਜੀਵਨ ਦੇ ਨਵੇਂ ਯੁੱਗ ਤੋਂ ਪਹਿਲਾਂ ਦਾ ਦੌਰ ਬੜਾ ਤ੍ਰਾਸਦਿਕ ਅਤੇ ਅਸਹਿ ਮਾਲੂਮ ਹੁੰਦਾ ਹੈ। ਹਰ ਇਕ ਸਮੱਸਿਆ ਇਕ ਦੁਖਦਾਈ ਕਰਵਟ ਲੈਂਦੀ ਹੈ। ਲੋਕ ਬੇਹੂਦਾ ਹੱਲਾਂ ਵੱਲ, ਜਿਸ ਤੋਂ ਵੀ ਉਨ੍ਹਾਂ ਨੂੰ ਕੁਝ ਤਸੱਲੀ ਮਿਲੇ, ਭੁੱਖਿਆਂ ਵਾਂਗ ਲਪਕਦੇ ਹਨ, ਇਕ ਪਾਸੇ ਅੰਨ੍ਹਾ ਹਠ, ਦੂਸਰੇ ਪਾਸੇ ਅੰਨ੍ਹੀ ਅਨਾਸਥਾ, ਇਕ ਪਾਸੇ ਬੇ-ਸਿਰ ਪੈਰ ਆਸਾਂ, ਦੂਸਰੇ ਪਾਸੇ ਬੇ-ਸਿਰ ਪੈਰ ਨਿਰਾਸ਼ਾ !...ਉਹ ਪੁਰਾਣੀ ਇਮਾਰਤ ਦੀ ਮੁਰੰਮਤ ਕਰਕੇ ਉਸ ਉੱਪਰ ਸਫੈਦੀ ਕਰਨਾ ਚਾਹੁੰਦੇ ਸਨ। ਅਤੀਤ ਦਾ ਤਿਆਗ ਕੀਤੇ ਬਿਨਾਂ ਹੀ ਉਹ ਨਵੇਂ ਤੋਂ ਲਾਭ ਉਠਾਉਣਾ ਚਾਹੁੰਦੇ ਸਨ ਅਤੇ ਉਹ ਅਸਫਲ ਹੋਏ। "ਉਹ ਜਿਹੜਾ ਮੇਰੇ ਤੋਂ ਵਧੇਰੇ ਆਪਣੇ ਮਾਂ-ਪਿਓ ਨੂੰ ਚਾਹੁੰਦਾ ਹੈ, ਮੈਨੂੰ ਨਹੀਂ ਹਾਸਲ ਕਰ ਸਕਦਾ..।" ''

- - - - - - - - - - - - - -

# ਗੁਰਦਾਸ ਮਾਨ ਦੇ ਬਹਾਨੇ – ਬੀਤੇ ਦੇ ਹੇਰਵੇ 'ਤੇ ਕੁੱਝ ਟਿੱਪਣੀਆਂ

**— ਅਜੇਪਾਲ**

ਸਮਾਜ ਦੇ ਪੱਛੜੇ ਹਲਕਿਆਂ ਵਿੱਚ ਅੱਜਕੱਲ ਇੱਕ ਸ਼ੋਰ ਬਹੁਤ ਉੱਚਾ ਹੈ ਉਹ ਹੈ 'ਸੱਭਿਆਚਾਰ ਬਚਾਓ' ਦਾ! ਸੱਭਿਆਚਾਰ ਤੋਂ ਉਹਨਾਂ ਦਾ ਭਾਵ ਬੀਤੇ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਫੜੀ ਰੱਖਣਾ ਹੈ। ਕੁੱਝ ਇਸ ਤਰ੍ਹਾਂ ਜਿਵੇਂ ਕੋਈ ਇੰਜਣ ਨਿਕਲ ਜਾਣ 'ਤੇ ਉਸਦੇ ਧੂੰਏਂ ਨੂੰ ਇੰਜਣ ਨਾਲ਼ ਬਾਕਦਮ ਰੱਖਣ ਦਾ ਯਤਨ ਕਰੇ। ਇਤਿਹਾਸ ਬਣ ਚੁੱਕੇ ਸਮਾਜਾਂ ਦੇ ਸੱਭਿਆਚਾਰ ਨੂੰ ਬਚਾਉਣ ਦਾ ਰੌਲ਼ਾ ਵੀ ਬਹੁਤ ਕੁੱਝ ਅਜਿਹਾ ਹੀ ਹੈ। ਖ਼ੈਰ, ਅਸੀਂ ਇੱਕ ਦਮ ਲੇਖ ਦੇ ਸਿਰਲੇਖ ਨਾਲ਼ ਬਾਕਦਮ ਹੁੰਦੇ ਹਾਂ ਤੇ ਗੁਰਦਾਸ ਮਾਨ 'ਤੇ ਆਉਂਦੇ ਹਾਂ। ਅੱਜ ਗੁਰਦਾਸ ਮਾਨ ਕਿਸੇ ਤਾਰੁਫ਼ ਦੇ ਮੁਥਾਜ ਨਹੀਂ, ਪੰਜਾਬੀ ਸੰਗੀਤ ਜਗਤ ਵਿੱਚ ਜੋ ਮੁਕਾਮ ਉਹਨਾਂ ਹਾਸਲ ਕੀਤਾ ਹੈ ਉਹ ਕਿਸੇ ਵਿਰਲੇ ਟਾਂਵੇਂ ਨੂੰ ਹੀ ਨਸੀਬ ਹੁੰਦਾ ਹੈ। ਸਿਰਫ਼ ਨੌਜਵਾਨਾਂ ਜਾਂ ਆਮ ਲੋਕਾਂ ਵਿੱਚ ਹੀ ਨਹੀਂ ਸਗੋਂ ਸਾਹਿਤਕ ਹਲਕਿਆਂ ਵਿੱਚ ਵੀ ਉਹਨਾਂ ਨੂੰ ਚੰਗਾ ਇੱਜ਼ਤ-ਮਾਣ ਮਿਲਦਾ ਰਿਹਾ ਹੈ। ਚਾਲੂ ਉਪਭੋਗਤਾ-ਸੱਭਿਆਚਾਰ ਵਿੱਚ ਨਿੱਤ ਰੱਦੀ ਕਿਸਮ ਦੇ ਆਉਂਦੇ ਗੀਤਾਂ ਤੇ ਉਨ੍ਹਾਂ ਦੇ ਗਾਇਕਾਂ ਤੋਂ ਅਲੱਗ ਹਟ ਕੇ ਮਾਨ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ। ਗੁਰਦਾਸ ਮਾਨ ਦੀ ਖਾਸੀਅਤ ਇਹ ਰਹੀ ਹੈ ਕਿ ਪੂੰਜੀਵਾਦੀ ਸਮਾਜ ਵਿਚਲੇ ਅਲਗਾਵ (ਏਲੀਨੇਸ਼ਨ) ਨੂੰ ਕੁੱਝ ਗੀਤਾਂ ਵਿੱਚ ਫੜਦੇ ਹਨ ਜਿਵੇਂ 'ਬੇਕਦਰੇ ਲੋਕਾਂ ਵਿੱਚ ਕਦਰ ਗਵਾ ਲੇਂਗਾ', 'ਦੁਨੀਆ ਇਹ ਦੁਨੀਆ' ਆਦਿ। ਮਾਨ ਹੁਰਾਂ ਦੇ ਮੁਕਾਬਲੇ ਅਸੀਂ ਹੋਰ ਖੁੰਭਾਂ ਵਾਂਗੂ ਉੱਗੇ ਗਾਇਕਾਂ ਦੀ ਗੱਲ ਤਾਂ ਬਿਲਕੁਲ ਨਹੀਂ ਕਰ ਸਕਦੇ ਜੋ ਉਸੇ ਰਫ਼ਤਾਰ ਨਾਲ਼ ਗਾਇਬ ਹੁੰਦੇ ਹਨ ਜਿਸ ਨਾਲ਼ ਕਿ ਪੈਦਾ ਹੁੰਦੇ ਹਨ। ਥੋੜੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਮਾਨ ਹੁਰਾਂ ਦੀ ਮਕਬੂਲੀਅਤ ਦਾ ਕਾਰਨ ਉਹਨਾਂ ਦੇ ਗੀਤ ਹਨ ਜੋ ਕਿ ਜ਼ਿਆਦਾਤਰ ਉਨ੍ਹਾਂ ਦੇ ਖ਼ੁਦ ਦੇ ਲਿਖੇ ਅਤੇ ਸਮਾਜਿਕ ਮੁੱਦਿਆਂ 'ਤੇ ਆਧਾਰਿਤ ਹੁੰਦੇ ਹਨ, ਮਨੁੱਖੀ ਰਿਸ਼ਤਿਆਂ ਅਤੇ ਭਾਵਨਾਵਾਂ ਨੂੰ ਪ੍ਰਗਟਾਉਂਦੇ ਹਨ। ਭਾਵੇਂ ਮਾਨ ਦੇ ਗਾਏ ਗੀਤ 'ਚੱਕਲੋ-ਚੱਕਲੋ', 'ਦਿਵਾਨੇ ਮੁੰਡੇ', 'ਭੰਗੜਾ ਪਾ ਲਈਏ' ਆਦਿ ਨੂੰ ਅਸੀਂ ਛੱਡ ਦਿੰਦੇ ਹਾਂ ਕੁੱਝ ਇਸ ਤਰ੍ਹਾਂ ਕਿ "ਜੇ ਹੋਰ ਗਾਂਦੇ ਨੇ ਤੇ ਮੈਂ ਗਾ ਦਿੱਤੇ ਤਾਂ ਕੀ ਹੋ ਗਿਆ ?" ਵਾਲ਼ੇ ਵਿਚਾਰ ਮੁਤਾਬਕ।

ਮਾਨ ਦੇ ਕਈ ਗੀਤਾਂ ਵਿੱਚ ਇੱਕ ਮੈਸੇਜ ਹੁੰਦਾ ਹੈ। ਉਹ ਹੈ 'ਆਪਣੀ ਮਿੱਟੀ' ਨਾਲ਼ ਜੁੜਨ ਦਾ ਭਾਵ ਖ਼ਤਮ ਹੋ ਰਹੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਮੁੜ-ਸੁਰਜੀਤ ਕਰਨ ਦਾ, ਉਹਨਾਂ ਨੂੰ ਬਚਾਉਣ ਦਾ। ਉਹਨਾਂ ਦੇ ਗੀਤਾਂ ਵਿੱਚ ਇਸ ਮੈਸੇਜ ਨਾਲ਼ ਅਸੀਂ ਇਤਫਾਕ ਨਹੀਂ ਰੱਖਦੇ ਅਤੇ ਇਸ ਲੇਖ ਵਿੱਚ ਉਹਨਾਂ ਦੀ ਅਲੋਚਨਾ ਦਾ ਮੁੱਖ ਮੁੱਦਾ ਵੀ ਏਹੋ ਹੈ। ਆਓ ਪਹਿਲਾਂ ਅਸੀਂ ਕੁੱਝ ਗੀਤਾਂ ਦੀ ਉਦਾਹਰਣ ਟਿੱਪਣੀਆਂ ਸਹਿਤ ਦੇਖਦੇ ਹਾਂ ਫਿਰ ਇਸ ਸਭ ਦੇ ਕਾਰਨਾਂ ਵਿੱਚ ਜਾਵਾਂਗੇ। ਜਿਵੇਂ 'ਆਪਣਾ ਪੰਜਾਬ ਹੋਵੇ' ਗੀਤ ਨੂੰ ਲੈਂਦੇ ਹਾਂ ਇਸ ਦੇ ਕੁੱਝ ਬੋਲ ਹਨ, "ਸਰੋਂ ਦੇ ਸਾਗ ਵਿੱਚ ਘਿਓ ਹੀ ਘਿਓ ਪਾਈ ਜਾਵਾਂ, ਮੱਕੀ ਦੀਆਂ ਰੋਟੀਆਂ ਨੂੰ ਬਿਨਾਂ ਗਿਣੇ ਖਾਈ ਜਾਵਾਂ... ਸੱਥ ਵਿੱਚ ਸ਼ੀਪ ਖੇਡਾਂ ਬਾਬਿਆਂ ਦੀ ਢਾਣੀ ਨਾਲ਼... ਤਾਰਿਆਂ ਦੀ ਰਾਤ ਵਿੱਚ ਚੰਦ ਮਾਮਾ ਹੱਸੀ ਜਾਵੇ ਅੱਧ ਸੁੱਤੇ ਦੀਆਂ ਲੱਤਾਂ ਚੂੜੇ ਵਾਲ਼ੀ ਘੁੱਟੀ ਜਾਵੇ..."। ਹੁਣ ਖੇਤੀ ਦਾ ਕੰਮ ਜ਼ੋਰ ਦਾ ਕੰਮ ਗਿਣਿਆ ਜਾਂਦਾ ਹੈ ਜਿਸ ਕਰਕੇ 'ਰੱਜ ਕੇ ਖਾਓ ਤੇ ਦੱਬ ਕੇ ਵਾਹੋ' ਦੀ ਕਹਾਵਤ ਵੀ ਮਸ਼ਹੂਰ ਹੈ। ਪਰ ਅੱਜ ਦੁਨੀਆਂ ਬਦਲ ਗਈ ਹੈ। ਹੁਣ ਖੇਤੀ ਛੱਡ ਹੋਰ ਬਹੁਤ ਸਾਰੇ ਕਿੱਤਿਆਂ 'ਤੇ ਨਿਰਭਰਤਾ ਵਧੀ ਹੈ ਅਤੇ ਉਸ ਨਾਲ਼ ਹੀ ਖ਼ੁਰਾਕਾਂ ਵੀ ਬਦਲੀਆਂ ਹਨ। ਚੂੜੇ ਵਾਲ਼ੀਆਂ ਤੋਂ ਲੱਤਾਂ ਘੁਟਵਾਉਂਣੀਆਂ ਕਿੰਨੀ ਕੁ ਚੰਗੀ ਗੱਲ ਹੈ ਇਸ ਬਾਰੇ ਤਾਂ ਕੀ ਕਹਿਣਾ ? ਵੈਸੇ ਵੀ ਜਿਸ ਜਗੀਰੂ ਸਮਾਜ ਨੂੰ ਯਾਦ ਕਰਕੇ ਮਾਨ ਜੀ ਵਿਰਲਾਪ ਕਰ ਰਹੇ ਨੇ ਉੱਥੇ ਔਰਤਾਂ ਦੀ ਹਾਲਤ ਅਜਿਹੀ ਹੀ ਹੁੰਦੀ ਸੀ। ਸੱਥ ਵਿਚਲੇ ਬਾਬਿਆਂ ਦੇ ਜਿਹੜੇ ਗੁਣ-ਗਾਣ ਮਾਨ ਸਾਹਿਬ ਨੇ ਬੀਤੇ ਸਮਿਆਂ ਦੇ ਦੁਰਗਾਂ ਦੇ ਰੂਪ ਵਿੱਚ ਕੀਤੇ ਹਨ ਇਨ੍ਹਾਂ ਬਾਰੇ ਸ਼ਹਿਰੀ ਪਾਠਕਾਂ ਨੂੰ ਇਨ੍ਹਾਂ ਹੀ ਦੱਸਣਾ ਤੇ ਪੇਂਡੂ ਪਾਠਕਾਂ ਨੂੰ ਯਾਦ ਕਰਵਾਉਣਾ ਜਾਇਜ਼ ਹੋਵੇਗਾ ਕਿ ਪਿੰਡਾਂ ਵਿੱਚ ਇਹ ਸੱਥਾਂ ਦੇ ਬਾਬੇ ਅਕਸਰ ਐਕਸ-ਰੇ ਮਸ਼ੀਨਾਂ ਦੇ ਰੂਪ ਵਿੱਚ ਮਸ਼ਹੂਰ ਹੁੰਦੇ ਹਨ। ਇਹ ਸੱਥਾਂ ਦੇ ਬਾਬੇ ਅਤੇ ਇਨ੍ਹਾਂ ਸੱਥਾਂ ਵਿੱਚ ਚਲਦੀਆਂ ਨੱਬੇ ਫੀਸਦੀ ਗੱਲਾਂ ਪੇਂਡੂ ਵਹਿਲੜਪੁਣੇ, ਜਗੀਰੂ ਗੈਰ-ਜਮਹੂਰੀ ਕਦਰਾਂ ਕੀਮਤਾਂ ਅਤੇ ਖੂਹ ਦੇ ਡੱਡੂਪੁਣੇ ਦੀ ਚੰਗੀ ਤਗੜੀ ਮਿਸਾਲ ਹੁੰਦੇ ਹਨ। ਕੁੱਝ ਕਲਾਤਮਕ ਰਚਨਾਵਾਂ ਜੋ ਤੱਤ ਰੂਪ ਵਿੱਚ ਇੱਕਦਮ ਪਿਛਾਖੜੀ ਹੁੰਦੀਆਂ ਹਨ, ਹੋ ਸਕਦਾ ਹੈ ਕਿ ਕੁੱਝ ਕਲਾਤਮਕ ਗੁਣ ਵੀ ਰੱਖਦੀਆਂ ਹੋਣ। ਇਥੇ ਇੱਕ ਗੱਲ ਇਹ ਧਿਆਨ ਦੇਣ ਯੋਗ ਹੈ ਕਿ ਜਿਨ੍ਹਾਂ ਰਚਨਾਵਾਂ ਦਾ ਤੱਤ ਜਿੰਨਾ ਜ਼ਿਆਦਾ ਪਿਛਾਖੜੀ ਹੋਵੇਗਾ ਤੇ ਕਲਾਤਮਕ ਗੁਣਵੱਤਾ ਜਿੰਨੀ ਜ਼ਿਆਦਾ ਉੱਚੀ ਹੋਵੇਗੀ, ਲੋਕਾਂ ਲਈ ਉਹ ਓਨੀਆਂ ਹੀ ਵੱਧ ਜ਼ਹਿਰੀਲੀਆਂ ਹੋਣਗੀਆਂ ਅਤੇ ਓਨਾ ਹੀ ਵੱਧ ਜ਼ਰੂਰੀ ਹੋ ਜਾਂਦਾ ਹੈ ਲੋਕਾਂ ਦੇ ਮਨਾਂ ਵਿੱਚੋਂ ਉਨ੍ਹਾਂ ਰਚਨਾਵਾਂ ਅਤੇ ਵਿਚਾਰਾਂ ਨੂੰ ਰੱਦ ਕਰਨਾ।

'ਮੁੜ-ਮੁੜ ਯਾਦ ਸਤਾਵੇ ਪਿੰਡ ਦੀਆਂ ਗਲ਼ੀਆਂ ਦੀ' ਗੀਤ ਵੀ ਚੰਗਾ ਖ਼ਾਸਾ ਬੀਤੇ ਦਾ ਹੇਰਵਾ ਆਪਣੇ ਵਿੱਚ ਸਮੋਈ ਬੈਠਾ ਹੈ। ਇਸ ਦੇ ਕੁੱਝ ਬੋਲ ਹਨ "ਬਚਪਨ ਚਲਾ ਗਿਆ, ਜਵਾਨੀ ਚਲੀ ਗਈ, ਜ਼ਿੰਦਗੀ ਦੀ ਕੀਮਤੀ ਨਿਸ਼ਾਨੀ ਚਲੀ ਗਈ.... ਹੋਕਾ ਦਿੰਦੀ ਫਿਰਦੀ ਬੀਬੀ ਥਲ਼ੀਆਂ ਦੀ, ਸਸਤੀ ਲੈ ਲੋ ਦਰਜਨ ਕੇਲੇ ਫਲ਼ੀਆਂ ਦੀ... ਦੋ ਮੰਝਿਆਂ ਨੂੰ ਜੋੜ ਸਪੀਕਰ ਵੱਜਣੇ ਨਈ, ਜਿਹੜੇ ਵਾਜੇ ਵੱਜ ਗਏ ਮੁੜਕੇ ਵੱਜਣੇ ਨਈ, ਮਾਣਕ ਹੱਦ ਮੁਕਾ ਗਿਆ ਨਵੀਆਂ ਕਲੀਆਂ ਦੀ...ਮੁੜ-ਮੁੜ ਯਾਦ ਸਤਾਵੇ ਪਿੰਡ ਦੀਆਂ ਗਲ਼ੀਆਂ ਦੀ"। ਇਸ ਦੇ ਨਾਲ਼ ਹੀ ਇੱਕ ਹੋਰ ਗੀਤ 'ਮੇਲਣ ਬਣਕੇ ਵੇਖ ਮੇਲਣੇ ਮੇਲਾ ਯਾਰਾਂ' ਦੇ ਬੋਲ ਵੀ ਲੈਂਦੇ ਹਾਂ "ਰੱਬ ਨੇ ਦਿੱਤੀਆਂ ਅੱਖਾਂ ਮੇਲਾ ਅੱਖ ਮਟੱਕੇ ਦਾ... ਬਲਦ ਸ਼ਿੰਗਾਰੀ ਮੇਲਾ ਕੰਮੀ ਕਾਰਾਂ ਦਾ.." ਇਹਨਾਂ ਦੋਹਾਂ ਹੀ ਗੀਤ ਵਿੱਚ ਪਿੰਡਾਂ ਦਾ ਜੋ ਰੂਪ ਚਿੱਤਰਿਆ ਗਿਆ ਹੈ ਤੇ ਉਸ ਨੂੰ ਯਾਦ ਕਰਕੇ ਰੋਇਆ ਗਿਆ ਤੇ ਉਸ ਨੂੰ ਉੱਚਿਆਇਆ ਗਿਆ ਹੈ, ਉਹ ਚਿੱਤਰ ਅੱਜ ਤੋਂ ਕੁੱਝ ਦਹਾਕੇ ਪਹਿਲਾਂ ਭਾਰਤ ਵਿੱਚ ਦੇਖਣ ਨੂੰ ਮਿਲਦਾ ਸੀ ਜਦ ਵਪਾਰ ਦੇ ਸਾਧਨ ਇਤਨੇ ਵਿਕਸਿਤ ਨਹੀਂ ਸਨ, ਆਵਾਜਾਈ ਦੇ

ਸਾਧਨ ਅਤੇ ਤਕਨੀਕ ਵਿਕਸਿਤ ਨਹੀਂ ਸੀ, ਮੁਦਰਾ ਦਾ ਪ੍ਰਚਲਣ ਬਹੁਤ ਹੀ ਸੀਮਤ ਸੀ ਜਿਸ ਕਰਕੇ ਵਸਤਾਂ ਦੀ ਅਦਲਾ ਬਦਲੀ ਕਰਨੀ ਔਖੀ ਸੀ। ਬੀਬੀਆਂ ਟੋਕਰੀਆਂ ਵਿੱਚ ਆਪਣੀਆਂ ਵਸਤਾਂ ਪਾ ਕੇ (ਸਬਜ਼ੀਆਂ, ਫਲ਼, ਖਿਡੌਣੇ ਆਦਿ) ਦੂਸਰੇ ਪਿੰਡਾਂ ਨੂੰ ਵੇਚਣ ਜਾਂਦੀਆਂ ਸਨ ਤੇ ਜ਼ਿਆਦਾਤਰ ਵਸਤੂ ਵਟਾਂਦਰਾ ਕਰਦੇ ਸਨ, ਮੇਲੇ ਲੱਗਦੇ ਸਨ ਤੇ ਲੋਕ ਦੂਰੋਂ-ਦੂਰੋਂ ਆਪਣੀਆਂ-ਆਪਣੀਆਂ ਵਸਤਾਂ ਦਾ ਵਟਾਂਦਰਾ ਕਰਨ ਲਈ ਮੇਲਿਆਂ ਵਿੱਚ ਪੁੱਜਦੇ ਸਨ। ਪਰ ਜਿਵੇਂ-ਜਿਵੇਂ ਪੂੰਜੀਵਾਦ ਦਾ ਵਿਕਾਸ ਭਾਰਤ ਵਿੱਚ ਹੋਇਆ ਇਸਨੇ ਲੋਕਾਂ ਨੂੰ ਮੰਡੀ ਦਿੱਤੀ ਤੇ ਮੁਦਰਾ ਦਾ ਪ੍ਰਚਲਣ ਵਧਾਇਆ ਤੇ ਇਸ ਤਰ੍ਹਾਂ ਮੇਲਿਆਂ ਦਾ ਅਧਾਰ ਖਿਸਕਦਾ ਗਿਆ ਤੇ ਅੱਜ ਵੀ ਜੋ ਥੋੜੇ ਬਹੁਤ ਮੇਲੇ ਬਚੇ ਹੋਏ ਨੇ ਉਹ ਵੀ ਆਪਣਾ ਤੱਤ ਬਦਲ ਚੁੱਕੇ ਹਨ ਤੇ ਪੂੰਜੀ ਦੇ ਯੁੱਗ ਦੀਆਂ ਆਧੁਨਿਕ ਮੰਡੀਆਂ ਦੇ ਰੂਪ ਵਿੱਚ ਕੰਮ ਕਰਦੇ ਹਨ। ਜਿੱਥੇ ਸਭ ਕੁੱਝ ਮੁਦਰਾ ਨਾਲ਼ ਵਟਾਇਆ ਜਾਂਦਾ ਹੈ। ਰਹੀ ਗੱਲ ਮੇਲਾ 'ਅੱਖ ਮਟੱਕੇ ਦਾ' ਤਾਂ ਜਗੀਰੂ ਸਮਾਜ ਬੰਦ ਸਮਾਜ ਸਨ। ਪ੍ਰੇਮ ਇੱਕ ਗੁਨਾਹ ਮੰਨਿਆ ਜਾਂਦਾ ਸੀ ਔਰਤਾਂ 'ਤੇ ਖਾਸ ਤੌਰ 'ਤੇ ਪਾਬੰਦੀਆਂ ਸਨ ਅਤੇ ਭਾਰਤ ਵਿੱਚ ਤਾਂ ਖਾਸ ਕਰਕੇ ਦਾਜ ਪ੍ਰਥਾ, ਸਤੀ ਪ੍ਰਥਾ ਵਰਗੀਆਂ ਜੋਕਾਂ ਔਰਤਾਂ ਨੂੰ ਲੱਗੀਆਂ ਹੋਈਆਂ ਸਨ। ਉਨ੍ਹਾਂ ਨੂੰ ਪੜ੍ਹਨ ਲਈ ਘਰੋਂ ਬਾਹਰ ਨਹੀਂ ਸੀ ਜਾਣ ਦਿੱਤਾ ਜਾਂਦਾ, ਜਿਸ ਕਰਕੇ ਸਮਾਜ ਨਾਲ਼ ਉਨ੍ਹਾਂ ਦਾ ਮੇਲ-ਜੋਲ ਬਹੁਤ ਘੱਟ ਸੀ। ਮੇਲਿਆਂ ਵਿੱਚ ਉਨ੍ਹਾਂ ਨੂੰ ਸਮਾਜ ਅਤੇ ਘਰ ਦੀਆਂ ਬੰਦ ਬਰੂਹਾਂ 'ਚੋਂ ਬਾਹਰ ਨਿਕਲਣ ਦਾ ਮੌਕਾ ਮਿਲਦਾ ਸੀ ਤਾਂ ਉੱਥੇ ਪ੍ਰੇਮ ਵੀ ਫੁੱਟਦਾ ਸੀ। ਅੱਜ ਪੂੰਜੀ ਦੀ ਸਸਤੀ ਕਿਰਤ ਸ਼ਕਤੀ ਲਈ ਖੋਜ ਨੇ ਉਨ੍ਹਾਂ ਨੂੰ ਘਰਾਂ ਦੇ ਘੇਰੇ ਵਿੱਚੋਂ ਕਾਫੀ ਹੱਦ ਤੱਕ ਬਾਹਰ ਕੱਢਿਆ ਹੈ, ਔਰਤਾਂ ਦਫਤਰਾਂ, ਫੈਕਟਰੀਆਂ, ਦੁਕਾਨਾਂ ਆਦਿ 'ਤੇ ਕੰਮ ਕਰਨ ਲੱਗੀਆਂ ਹਨ ਸਮਾਜ ਨਾਲ਼ ਉਨ੍ਹਾਂ ਦਾ ਮੇਲ-ਜੋਲ ਵਧਿਆ ਹੈ ਜਿਸ ਕਰਕੇ ਪ੍ਰੇਮ ਨੂੰ ਮੇਲਿਆਂ ਦਾ ਬੰਧੇਜ ਨਹੀਂ ਰਿਹਾ। ਪਰ ਫਿਰ ਵੀ ਮੇਲਿਆਂ ਪ੍ਰਤੀ ਇੱਕ ਹੇਰਵਾ ਪਿੰਡਾਂ ਦੇ ਕੁੱਝ ਹਲਕਿਆਂ ਵਿੱਚ ਅੱਜ ਵੀ ਪਾਇਆ ਜਾਂਦਾ ਹੈ। ਇੱਕ ਗੀਤ 'ਸਾਡੇ ਪਿਆਰੇ ਬਾਪੂ ਜੀ' ਹੈ ਜੋ ਹੁਣ ਦੇ ਸਮਾਜ ਦੀਆਂ ਕੁੱਝ ਅਲਾਮਤਾਂ ਨੂੰ ਨਿੰਦਦਾ ਹੋਇਆ ਪੂਰੇ ਸਮਾਜ ਨੂੰ ਹੀ ਨਿੰਦਣ 'ਤੇ ਆ ਬਹਿੰਦਾ ਹੈ। ਪੂਰਾ ਗੀਤ ਬਜ਼ੁਰਗ ਬਾਪੂ ਨੂੰ ਮਜ਼ਾਕ ਵਿੱਚ ਚੱਲਦਾ ਹੈ ਤੇ ਅਸਲ ਮਜ਼ਾਕ ਅੱਜ ਦੇ ਸਮਾਜ ਦਾ ਉਡਾਇਆ ਜਾਂਦਾ ਹੈ। ਗੀਤ ਦੇ ਬੋਲ ਹਨ "ਬਾਪੂ ਤੁਹਾਡੇ ਪਿਆਰ ਦਾ ਤਰਾਨਾ ਹੋਰ ਸੀ, ਤੁਸੀਂ ਜਿਹੜਾ ਵੇਖਿਆ ਜ਼ਮਾਨਾ ਹੋਰ ਸੀ। ਹੁਣ ਫੈਸ਼ਨਾਂ ਦਾ ਜਾਮਾ, ਗਿਆ ਕੁੜਤਾ ਪਜਾਮਾ, ਗਲ਼ ਪਈਆਂ ਕਾਰਾਂ, ਗਈਆਂ ਬੈਲ ਗੱਡੀਆਂ.... ਬਾਪੂ ਤੁਹਾਡਾ ਪਿਆਰ ਬੜਾ ਪਾਕ ਹੁੰਦਾ ਸੀ, ਲੱਖਾਂ ਵਿੱਚੋਂ ਇੱਕ ਦਾ ਤਲਾਕ ਹੁੰਦਾ ਸੀ, ਉਲਟੀ ਚਲ ਪਈ ਏ ਗੰਗਾ...।" ਹੁਣ ਫੈਸ਼ਨ ਤਾਂ ਬਦਲਦੇ ਹੀ ਰਹਿੰਦੇ ਹਨ ਤੇ ਮਾਨ ਸਾਹਿਬ ਪਤਾ ਨਹੀਂ ਕਿਹੜੀ ਤਰਾਂ ਦੇ ਡਰੈਸ ਕੋਡ ਨਾਲ਼ ਸਹਿਮਤ ਹਨ ਕੁੜਤਾ ਪਜਾਮਾ ਕਦੇ ਵੀ ਪੰਜਾਬ ਦੀ ਮੁਢਲੀ ਡਰੈਸ ਨਹੀਂ ਰਹੀ। ਮਾਨ ਸਾਹਿਬ ਪਿੱਛੇ ਜਾਣ ਲੱਗਿਆਂ ਵੀ ਮੱਧ-ਯੁੱਗ 'ਤੇ ਪਹੁੰਚ ਕੇ ਬਰੇਕਾਂ ਲਾ ਲੈਂਦੇ ਹਨ ਜੇਕਰ ਅਸਲ ਵਿੱਚ ਉਹ "ਪੁਰਾਣਾ ਵਿਰਸਾ" ਬਹਾਲ ਕਰਨਾ ਚਾਹੁੰਦੇ ਹਨ ਤਾਂ ਅੱਜ ਤੋਂ ਕੁੱਝ ਹਜ਼ਾਰ ਸਾਲ ਪਹਿਲਾਂ ਇਨਸਾਨ ਨੰਗਾ ਘੁੰਮਦਾ ਸੀ! ਮਨੁੱਖ ਦੇ ਕਪੜੇ ਉਸ ਦੇ ਕੰਮਾਂ ਅਨੁਸਾਰ ਬਦਲਦੇ ਰਹੇ ਨੇ ਤੇ ਅਗਾਂਹ ਵੀ ਬਦਲਦੇ ਰਹਿਣਗੇ। ਰਹੀ ਗੱਲ ਤਲਾਕ ਦੀ, ਜਗੀਰੂ ਅਤੇ ਪੂੰਜੀਵਾਦੀ ਦੋਵਾਂ ਹੀ ਸਮਾਜਾਂ ਵਿੱਚ ਵਿਆਹ ਇੱਕ ਸੌਦਾ ਹੈ ਫਰਕ ਇਹ ਹੈ ਕਿ ਜਗੀਰਦਾਰੀ ਸਮੇਂ ਇਹ ਸੌਦਾ ਲੜਕੇ-ਲੜਕੀ ਦੀ ਮਰਜ਼ੀ ਦੇ ਬਿਨਾਂ ਹੁੰਦਾ ਸੀ ਤੇ ਉਹ ਚਾਹ ਕੇ ਵੀ ਆਪਣਾ ਵਿਆਹ ਤੋੜ ਨਹੀਂ ਸਕਦੇ ਸਨ ਅਤੇ ਹੁਣ ਇਹ ਲੜਕੇ-ਲੜਕੀ ਦੀ ਸਹਿਮਤੀ ਨਾਲ਼ ਹੁੰਦਾ ਹੈ। ਅਜਿਹੇ ਸੌਦੇ ਅਗਰ ਟੁੱਟਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਕਰਨਾ ਬਣਦਾ ਹੈ। ਵੈਸੇ ਤਲਾਕਾਂ ਬਾਰੇ 'ਲਲਕਾਰ' ਦੇ ਤੀਸਰੇ ਅੰਕ ਵਿੱਚ ਕਾਫ਼ੀ ਵਧੀਆ ਲੇਖ ਛਪਿਆ ਸੀ ਜੋ ਕਿ ਹੁਣ 'ਲਲਕਾਰ' ਦੇ ਬਲੌਗ 'ਤੇ ਵੀ ਉਪਲੱਬਧ ਹੈ। ਜਿਗਿਆਸੂ ਪਾਠਕ ਉਸਨੂੰ ਪੜ ਸਕਦੇ ਹਨ ਤਲਾਕਾਂ ਬਾਰੇ ਇਸ ਲੇਖ ਵਿੱਚ ਜ਼ਿਆਦਾ ਗੱਲ ਕਰਨਾ ਸਿਰਫ਼ ਉਸੇ ਦਾ ਦੁਹਰਾਅ ਹੋਵੇਗਾ।

'ਕੀ ਬਣੂ ਦੁਨੀਆਂ ਦਾ', 'ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ', 'ਕਿਥੇ ਗਈਆਂ ਖੇਡਾਂ ਕਿਕਲੀ-ਕਲੀਰ ਦੀਆਂ' ਵਿੱਚ ਤਾਂ ਗਾਇਕ ਬੀਤੇ ਦੀ ਮੁੜ-ਬਹਾਲੀ ਲਈ ਰੁਦਨ ਦੇ ਸਿਖਰ 'ਤੇ ਚੜ੍ਹ ਜਾਂਦਾ ਹੈ। ਕੀ ਅੱਜ ਘੱਗਰੇ ਪਾ ਕੇ ਇਸ ਆਧੁਨਿਕ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਵਿਚਰਿਆ ਜਾ ਸਕਦਾ ਹੈ? ਇਹ ਵਰਤਮਾਨ ਤੇ ਭਵਿੱਖ ਨੂੰ ਇਤਿਹਾਸ ਨਾਲ਼ ਸਿੰਜਣਾ ਨਹੀਂ ਲਬੇੜਨਾ ਹੈ। ਅਸੀਂ ਆਪਣੇ ਇਤਿਹਾਸ ਨੂੰ ਦਫ਼ਨ ਕਰਨ ਦੇ ਹਾਮੀ ਨਹੀਂ ਸਗੋਂ ਇਸ ਗੱਲ 'ਤੇ ਜ਼ੋਰ ਜ਼ਰੂਰ ਦਿੰਦੇ ਹਾਂ ਉਸ ਇਤਿਹਾਸ ਵਿੱਚੋਂ ਸਿੱਖਿਆ ਕਿਸ ਚੀਜ਼ ਤੋਂ ਜਾਵੇ। ਇਤਿਹਾਸ-ਵਿਰੋਧੀ ਨਜ਼ਰੀਆ ਵੀ ਸਾਡਾ ਨਹੀਂ, ਸਾਡਾ ਕਹਿਣਾ ਤਾਂ ਸਿਰਫ਼ ਇਤਨਾ ਹੈ ਕਿ ਇਤਿਹਾਸ ਤੋਂ ਸਿੱਖ ਕੇ ਵਰਤਮਾਨ ਨੂੰ ਬਦਲਣਾ ਹੈ ਤੇ ਭਵਿੱਖ ਵੱਲ ਵੇਖਣਾ ਹੈ ਨਾ ਕਿ ਬੀਤੇ ਦਾ ਪਿਛਵਾੜਾ ਨਿਹਾਰਨਾ।

ਫਿਰ ਵੀ ਸੋਚਣ ਦੀ ਗੱਲ ਆਉਂਦੀ ਹੈ ਕਿ ਇਸ ਹੇਰਵੇ ਦਾ ਅਧਾਰ ਕੀ ਹੈ? ਕੀ ਕਾਰਨ ਹੈ ਕਿ ਹੇਰਵਾ ਵੀ ਸਮਾਜ ਵਿੱਚ ਵਿਚਰਦਾ ਹੈ? ਇਸ ਦਾ ਮੁੱਖ ਕਾਰਨ ਤਾਂ ਬੀਤੇ ਦੀਆਂ ਬਚੀਆਂ ਹੋਈਆਂ ਜਗੀਰੂ ਕਦਰਾਂ-ਕੀਮਤਾਂ ਦਾ ਲੋਕ ਮਨਾਂ ਵਿੱਚ ਵਸੇ ਹੋਣਾ ਤੇ ਨਵੀਆਂ ਬਦਲਵੀਆਂ ਕਦਰਾਂ-ਕੀਮਤਾਂ ਤੇ ਸੱਭਿਆਚਾਰ ਦੀ ਅਣਹੋਂਦ ਦਾ ਹੋਣਾ ਹੈ। ਭਾਰਤ ਵਰਗੇ ਦੇਸ਼ਾਂ ਵਿੱਚ ਇਸਦਾ ਇੱਕ ਕਾਰਨ ਇੱਥੋਂ ਦਾ ਲੂਲਾ ਲੰਗੜਾ ਪੂੰਜੀਵਾਦੀ ਵਿਕਾਸ ਵੀ ਹੈ। ਇੱਥੋਂ ਦਾ ਪੂੰਜੀਵਾਦ ਕਿਸੇ ਜਮਹੂਰੀ ਇਨਕਲਾਬ ਨਾਲ਼ ਆਉਣ ਦੀ ਬਜਾਏ ਧੱਕੇ ਖਾਂਦਾ ਅੱਗੇ ਵਧਦਾ ਹੋਇਆ ਸਥਾਪਤ ਹੋਇਆ ਹੈ। ਇਹ ਬਚਪਨ ਤੋਂ ਸਿੱਧਾ ਬੁਢਾਪੇ ਵਿੱਚ ਆ ਡਿੱਗਾ ਹੈ। ਇਸਨੇ ਲੋਕਾਂ ਦੇ ਦਿਮਾਗਾਂ ਨੂੰ ਜਮਹੂਰੀ ਵਿਚਾਰਾਂ ਨਾਲ਼ ਰੁਸ਼ਨਾਉਣ ਦੀ ਬਜਾਏ ਉਨ੍ਹਾਂ ਦਾ ਸਮੰਤੀ ਜ਼ੰਗ ਕਾਇਮ ਰੱਖਿਆ ਹੈ। ਇੱਕ ਹੋਰ ਅਧਾਰ ਵੀ ਹੈ ਬੀਤੇ ਨੂੰ ਰੋਣ ਦਾ। ਪਿਛਲੇ ਤਿੰਨ ਕੁ ਦਹਾਕਿਆਂ ਵਿਚ ਭਾਰਤ ਨੇ ਤੇਜ ਰਫ਼ਤਾਰ ਪੂੰਜੀਵਾਦੀ ਵਿਕਾਸ ਵੇਖਿਆ ਹੈ। ਜਿਸ ਕਰਕੇ ਖੇਤੀ 'ਚੋਂ ਵੱਡੇ ਪੱਧਰ 'ਤੇ ਵਾਧੂ ਕਿਰਤ ਸ਼ਕਤੀ ਸ਼ਹਿਰ ਵੱਲ ਨੂੰ ਜਾਂ ਵਿਦੇਸ਼ਾਂ ਵੱਲ ਹਿਜਰਤ ਕਰ ਗਈ। ਹੁਣ ਪਿੰਡਾਂ ਤੇ ਸ਼ਹਿਰਾਂ ਦਰਮਿਆਨ ਵੀ ਇੱਕ ਵਿਰੋਧਤਾਈ ਕਾਇਮ ਰਹਿੰਦੀ ਹੈ। ਪੇਂਡੂ ਜੀਵਨ ਵਿੱਚ ਰਚਿਆ-ਵਸਿਆ ਇੱਕ ਵਿਅਕਤੀ ਰੁਜ਼ਗਾਰ ਲਈ ਜਦ ਸ਼ਹਿਰ ਪਹੁੰਚਦਾ ਹੈ ਤਾਂ ਸ਼ਹਿਰੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਕੁੱਝ ਤਾਂ ਆਪਣੀ ਥਾਂ ਬਣਾ ਲੈਂਦੇ ਹਨ ਤੇ ਕੁੱਝ ਜਲਦੀ ਕਿਤੇ ਫਿਟ ਨਹੀਂ ਹੋ ਪਾਂਦੇ। ਪਿੰਡ ਦੀ ਜੂੰ ਤੋਰ ਜ਼ਿੰਦਗੀ, ਸਿੱਧੜਪੁਣੇ ਤੇ ਖੂਹ ਦੇ ਡੱਡੂਪੁਣੇ ਕਰਕੇ ਉਹ ਸ਼ਹਿਰ ਵਿੱਚ ਹਾਸੇ ਦਾ ਪਾਤਰ ਵੀ ਰਹਿੰਦਾ ਹੈ। ਉਸਦੀ ਔਲਾਦ ਜੋ

ਸ਼ਹਿਰ ਵਿੱਚ ਹੀ ਪੈਦਾ ਹੋਈ, ਪਲ਼ੀ ਅਤੇ ਵੱਡੀ ਹੋਈ ਹੈ ਉਸਦੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਸੱਟ ਮਾਰਦੀ ਹੈ "ਬਾਪੂ ਤੁਹਾਡਾ ਜ਼ਮਾਨਾ ਗਿਆ" ਉਸਨੂੰ ਅਕਸਰ ਸੁਣਨ ਨੂੰ ਮਿਲਦਾ ਹੈ। ਹੁਣ ਜੋ ਵਿਦੇਸ਼ਾਂ ਵਿੱਚ ਗਏ ਨੇ ਉਨ੍ਹਾਂ ਦਾ ਹਾਲ ਤਾਂ ਸ਼ਹਿਰ ਗਿਆਂ ਤੋਂ ਵੀ ਬੁਰਾ ਹੁੰਦਾ ਹੈ ਵਿਦੇਸ਼ੀ ਵਾਤਾਵਰਣ ਵਿੱਚ ਪਲ਼ੇ ਧੀ-ਪੁੱਤ ਬੇਬੇ-ਬਾਪੂ ਨੂੰ ਕੁੱਤੇ ਵਾਲ਼ੀ ਵੀ ਨਹੀਂ ਪੁੱਛਦੇ। ਫਿਰ ਇਸ ਸਭ ਵਿੱਚ ਉਨ੍ਹਾਂ ਨੂੰ ਬੀਤੇ ਹੋਏ 'ਭਲ਼ੇ ਵੇਲ਼ੇ' ਯਾਦ ਆਉਂਦੇ ਹਨ। ਬੀਤੇ ਦੇ ਹੇਰਵੇ ਦਾ ਸਭ ਤੋਂ ਵੱਡਾ ਅਧਾਰ ਇਹੀ ਲੋਕ ਹਨ। ਫਿਰ ਇਨ੍ਹਾਂ ਦੇ ਕਿਰਦੇ ਹੰਝੂ ਦੇਖ ਕੁੱਝ ਬੁੱਧੀਜੀਵੀ ਵੀ ਇਸ ਅਧਾਰ ਨੂੰ ਫਲਸਫੇ ਦਾ ਮੋਢਾ ਦੇਣ ਪਹੁੰਚ ਜਾਂਦੇ ਹਨ ਤੇ ਹੇਰਵੇ ਦੀ ਮਾਰਕਿਟ ਉਠਦੀ ਹੈ। ਇਸ ਤਰ੍ਹਾਂ ਬੀਤੇ ਦੇ ਹੇਰਵੇ ਦੀ ਮਾਰਕਿਟ ਹੋਂਦ ਵਿੱਚ ਆਉਂਦੀ ਹੈ। ਹੁਣ ਇਸ ਮਾਰਕਿਟ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਵਸਤਾਂ ਦਾ ਵਣਜ ਹੁੰਦਾ ਹੈ ਜਿਵੇਂ ਲੇਡੀਜ਼ ਕਲੱਬਾਂ ਵਿੱਚ ਤੀਆਂ ਦਾ ਤਿਓਹਾਰ, ਸਕੂਲਾਂ-ਕਾਲਜਾਂ ਵਿਚਲੇ ਫੰਕਸ਼ਨਾਂ ਵਿੱਚ ਉਡਦੀਆਂ ਫੁਲਕਾਰੀਆਂ, ਕੁੜਤੇ-ਚਾਦਰੇ, ਸੱਗੀ ਫੁੱਲ ਆਦਿ। ਇਸੇ ਤਰ੍ਹਾਂ ਗੀਤ-ਸੰਗੀਤ ਦੇ ਖੇਤਰ ਵਿੱਚ ਅਜਿਹੇ ਗੀਤਾਂ ਦੀ ਲੋੜ ਪੈਂਦੀ ਹੈ ਜੋ ਉਸ ਬੀਤ ਚੁੱਕੇ ਨੂੰ ਸਹੀ ਠਹਿਰਾਉਂਦੇ ਹੋਣ, ਉਸਦਾ ਗੁਣ-ਗਾਣ ਕਰਦੇ ਹੋਣ। ਇਨ੍ਹਾਂ ਦੀ ਹੀ ਮਾਨਸਿਕ ਸੰਤੁਸ਼ਟੀ ਦੀ ਇਹ ਮਾਰਕਿਟ ਹੈ ਜਿਸ ਨੂੰ ਗੁਰਦਾਸ ਮਾਨ ਕੈਸ਼ ਕਰਦੇ ਹਨ ਤੇ ਕੈਸ਼ ਵੀ ਕੈਸਾ! ਪੰਜਾਬ ਦੇ ਐੱਨ. ਆਰ. ਆਈਜ਼. ਦੀ ਮਾਰਕਿਟ ਤਾਂ ਕਰੋੜਾਂ ਦੀ ਹੈ।

ਪਿਛਾਖੜ ਹਰੇਕ ਤਰ੍ਹਾਂ ਦੇ ਨਵੇਂਪਣ ਨੂੰ ਨਾਕਰਦਾ ਹੈ ਜਿਵੇਂ ਕਿ ਪ੍ਰਵਾਸ। ਅਗਰ ਮਨੁੱਖੀ ਇਤਿਹਾਸ ਵਿੱਚ ਪ੍ਰਵਾਸ ਨਾ ਹੁੰਦਾ ਤਾਂ ਆਧੁਨਿਕ ਮਨੁੱਖ ਬਹੁਤ ਸਾਰੀਆਂ ਕਲਾਵਾਂ ਤੋਂ ਵਿਹੂਣਾ ਰਹਿ ਜਾਂਦਾ। ਇੱਕ ਖੂਹ ਦਾ ਡੱਡੂ ਬਣ ਜਾਂਦਾ, ਡਾਰਵਿਨ ਸਾਰੀ ਉਮਰ ਜੰਗਲਾਂ ਵਿੱਚ ਨਾ ਘੁੰਮਦਾ ਰਹਿੰਦਾ ਤਾਂ ਵਿਗਿਆਨੀ 'ਜੀਵਾਂ ਦੀ ਉਤਪਤੀ' ਅਤੇ 'ਮਨੁੱਖ ਦੀ ਉਤਪਤੀ' ਨਾਲ਼ ਅੱਜ ਵੀ ਸਿਰ ਖਪਾਉਂਦੇ ਫਿਰਦੇ। ਵਾਸਕੋ ਡਿ ਗਾਮਾ ਤੇ ਕੋਲੰਬਸ ਦੀਆਂ ਮਹਾਨ ਦੇਣਾਂ ਨੂੰ ਸੰਸਾਰ ਕਦੇ ਨਹੀਂ ਭੁੱਲੇਗਾ। ਪਰ ਮਾਨ ਹੁਰੀਂ ਇਸ 'ਤੇ ਲਿਖਦੇ ਹਨ, 'ਕਿਸੇ ਮਾਂ ਦੀ ਮੰਨ ਲਵੋ ਅੱਜਕੱਲ ਮੁਸ਼ਕਿਲ ਲੱਗਦੇ ਵੀਜ਼ੇ'। ਜ਼ਮੀਨ ਨਾਲ਼ ਲੋਕਾਂ ਨੂੰ ਨੂੜੀ ਰੱਖਣਾ ਇਤਿਹਾਸ ਵਿਰੋਧੀ ਨਜ਼ਰੀਆ ਹੈ, ਉਨ੍ਹਾਂ ਦੇ ਦਿਮਾਗਾਂ ਨੂੰ ਖੋਲਾਂ ਵਿੱਚ ਬੰਦ ਕਰਨ ਦੀ ਚਾਲ ਹੈ।

ਇੱਕ ਹੋਰ ਗੱਲ ਵੀ ਜੋ ਕਿ ਨੈਤਿਕ ਪੱਧਰ 'ਤੇ ਵੀ ਸੱਭਿਆਚਾਰ ਦੇ ਇਨ੍ਹਾਂ ਰਾਖਿਆਂ ਤੋਂ ਪੁੱਛਣੀ ਬਣਦੀ ਹੈ ਉਹ ਇਹ ਕਿ ਜੇ ਤੁਸੀਂ ਇਨ੍ਹੇ ਹੀ ਉਸ ਬੀਤ ਚੁੱਕੇ ਲਈ ਝੂਰ ਰਹੇ ਹੋ ਤਾਂ ਕਿਉਂ ਨਹੀਂ ਚੰਡੀਗੜ੍ਹ, ਦਿੱਲੀ ਦੇ ਆਪਣੇ ਬੰਗਲਿਆਂ ਨੂੰ ਛੱਡਕੇ ਮੁੜ ਪਿੰਡਾਂ ਵੱਲ ਵਹੀਰਾਂ ਘੱਤ ਲੈਂਦੇ? ਕਿਸੇ ਪਿੰਡ ਵਿੱਚ ਕੁੱਲੀ ਪਾ ਕੇ ਰਹਿਣ ਲੱਗ ਪਓ! ਮਾਨ ਕੋਈ ਪੰਜਾਬੀ ਫਿਲਮ ਬਣਾਉਂਦੇ ਹਨ ਤਾਂ ਸਾਰੇ ਨੌਜਵਾਨ ਮੁੰਡੇ-ਕੁੜੀਆਂ ਆਧੁਨਿਕ ਪਹਿਰਾਵਿਆਂ ਵਿੱਚ ਦਿੱਖਦੇ ਹਨ (ਪਿੱਛੇ ਜਿਹੇ ਉਨ੍ਹਾਂ ਦੀਆਂ ਕੁੱਝ ਫਿਲਮਾਂ ਦੇ ਸੰਦਰਭ ਵਿੱਚ) ਕਿਉਂ ਨਹੀਂ ਉਹ ਉਨ੍ਹਾਂ ਨੂੰ ਕੁੜਤੇ-ਚਾਦਰੇ ਪਵਾਈ ਕਾਲਜ ਜਾਂਦੇ ਦਿਖਾਂਉਂਦੇ? ਪਰ ਉਹ ਇਸ ਤਰ੍ਹਾਂ ਨਹੀਂ ਕਰਨਗੇ ਕਿਉਂਕਿ ਇਸ ਜੀਨ-ਕਲਚਰ ਦੀ ਵੀ ਇੱਕ ਮਾਰਕਿਟ ਹੈ ਤੇ ਉਸਨੂੰ ਕੈਸ਼ ਕਰਨਾ ਵੀ ਜ਼ਰੂਰੀ ਹੈ। ਇਸ ਪੂਰੇ ਮਾਮਲੇ ਵਿੱਚ ਜ਼ਿਆਦਾ ਜ਼ੋਰ ਤਾਂ ਮਾਰਕਿਟ ਨੂੰ ਕੈਸ਼ ਕਰਨ 'ਤੇ ਹੀ ਲੱਗਾ ਹੋਇਆ ਹੈ। ਸਿਰਫ਼ ਗੁਰਦਾਸ ਮਾਨ ਹੀ ਨਹੀਂ ਇੱਕ ਪੂਰੀ ਦੀ ਪੂਰੀ ਲਾਬੀ ਹੈ ਇਸ ਸੱਭਿਆਚਾਰ ਬਚਾਓ ਅੰਦੋਲਨ ਪਿੱਛੇ। ਜੇਕਰ ਇਹ ਨੌਜਵਾਨਾਂ ਨੂੰ 'ਵਿਰਸੇ' ਨਾਲ਼ ਜੋੜ ਕੇ ਅਸਲ ਵਿੱਚ ਬਦਲਣਾ ਚਾਹੁੰਦੇ ਹਨ, ਇਨ੍ਹਾਂ ਨੂੰ ਨੌਜਵਾਨ ਪੀੜ੍ਹੀ ਦੇ ਭਵਿੱਖ ਦੀ ਵਾਕਿਆ ਹੀ ਕੋਈ ਚਿੰਤਾ ਹੈ ਤਾਂ ਬੇਰੁਜ਼ਗਾਰੀ, ਮਹਿੰਗਾਈ ਆਦਿ ਅਨੇਕਾਂ ਮੁੱਦੇ ਹਨ। ਜੇਕਰ ਬੋਲਣ ਲਈ ਹੋਰ ਕੁੱਝ ਨਹੀਂ ਤਾਂ ਪੁਲਸ ਹੱਥੋਂ ਗੁੱਤਾਂ ਤੋਂ ਫੜ-ਫੜ ਘੜੀਸੀਆਂ ਜਾਂਦੀਆਂ ਵਿਦਿਆਰਥਣਾਂ, ਨਰਸਾਂ, ਆਂਗਣਵਾੜੀ ਵਰਕਰਾਂ ਆਦਿ ਦੇ ਹੱਕ ਵਿੱਚ ਘੱਟੋ-ਘੱਟ ਹਾਅ ਦਾ ਨਾਅਰਾ ਹੀ ਮਾਰ ਦੇਣ। ਪਿੱਛੇ ਜਿਹੇ ਤਾਂ ਵੈਟਨਰੀ ਵਿਦਿਆਰਥੀਆਂ ਦੇ ਮੁਜ਼ਾਹਰੇ 'ਤੇ ਲਾਠੀਚਾਰਜ ਸਮੇਂ ਪੁਲਸੀਆਂ ਨੇ ਵਿਦਿਆਰਥਣਾਂ ਦੀਆਂ ਕਮੀਜ਼ਾਂ ਵਿੱਚ ਹੱਥ ਪਾਉਣ ਤੱਕ ਦੀ ਨੀਚ ਹਰਕਤ ਕੀਤੀ। ਉਸ ਵਕਤ ਇਨ੍ਹਾਂ ਗਾਇਕਾਂ ਦੀ ਸੁਰ ਨਹੀਂ ਨਿਕਲਦੀ ਤੇ ਕਲਮ-ਨਵੀਸਾਂ ਦੀ ਕਲਮ ਘਾਹ ਚਰਨ ਤੁਰ ਪੈਂਦੀ ਹੈ ਸਗੋਂ ਇਹ ਤਾਂ ਉਲਟਾ ਕਰਦੇ ਹਨ, ਹਰ ਸੱਤਾਧਾਰੀ ਪਾਰਟੀ (ਵਿਰੋਧੀ ਧਿਰ ਤੇ ਹਰ ਵੋਟ ਬਟੋਰੂ ਪਾਰਟੀ) ਦੀਆਂ ਰੈਲ਼ੀਆਂ-ਜਲਸਿਆਂ ਵਿੱਚ ਇਕੱਠ ਕਰਨ ਲਈ ਪਿੰਡਾਂ ਦੇ ਭੰਡਾਂ ਦੀ ਤਰ੍ਹਾਂ ਸੁਰ ਕੱਢਦੇ ਹਨ ਤੇ ਸਾਡੇ ਜੋ ਲੋਕ ਇਨ੍ਹਾਂ ਤੋਂ ਸਮਾਜ ਨੂੰ ਦਿਸ਼ਾ ਦੇਣ ਦੀ ਆਸ ਰੱਖਦੇ ਹਨ ਉਨਾਂ ਦੀ ਅਕਲ ਲਈ ਸਾਨੂੰ ਫਿਕਰ ਹੋਣ ਲੱਗਦਾ ਹੈ।

ਚਿਲੀ ਦੇ ਕਵੀ ਪਾਬਲੋ ਨੇਰੂਦਾ ਦੀਆਂ ਕੁੱਝ ਸਤਰਾਂ ਯਾਦ ਆਉਂਦੀਆਂ ਹਨ—

ਤੁਸੀਂ ਪੁਛੋਂਗੇ
ਕਿਉਂ ਨਹੀਂ ਕਰਦੀ
ਉਸਦੀ ਕਵਿਤਾ
ਉਸਦੇ ਦੇਸ਼ ਦੇ
ਫੁੱਲਾਂ ਅਤੇ ਪੱਤਿਆਂ ਦੀ ਗੱਲ
ਆਓ
ਦੇਖੋ ਗਲ਼ੀਆਂ ਵਿੱਚ ਵਹਿੰਦਾ ਲਹੂ
ਆਓ ਦੇਖੋ
ਗਲ਼ੀਆਂ ਵਿੱਚ ਵਹਿੰਦਾ ਲਹੂ
ਆਓ ਦੇਖੋ ਗਲ਼ੀਆਂ ਵਿੱਚ
ਵਹਿੰਦਾ ਲਹੂ।

ਜਦ ਖੜ੍ਹੋਤ ਦੀ ਹਾਲਤ ਸਮਾਜ ਨੂੰ ਜਕੜ ਲੈਂਦੀ ਹੈ ਤਾਂ ਪਿਛਾਂਹ ਖਿੱਚੂ ਤਾਕਤਾਂ ਸਮਾਜ ਉੱਤੇ ਹਾਵੀ ਹੋ ਜਾਂਦੀਆਂ ਹਨ। ਅੱਜ ਭਾਰਤ ਵਿੱਚ ਵੀ ਕੁੱਝ ਅਜਿਹੀ ਸਥਿਤੀ ਹੈ ਇਥੇ 84 ਕਰੋੜ ਉਹ ਲੋਕ ਨੇ ਜੋ ਰੋਜ਼ਾਨਾ 20 ਰੁਪਏ ਤੋਂ ਵੀ ਘੱਟ 'ਤੇ ਗੁਜ਼ਰ ਬਸਰ ਕਰਦੇ ਹਨ। ਕਰੋੜਾਂ ਨੌਜਵਾਨ ਹੱਥਾਂ ਵਿੱਚ ਮਹਿੰਗੀਆਂ-ਮਹਿੰਗੀਆਂ ਡਿਗਰੀਆਂ ਲਈ ਦਰ-ਦਰ ਦੀ ਖਾਕ ਛਾਨਣ ਨੂੰ ਮਜਬੂਰ ਹਨ। ਦਾਜ-ਦਹੇਜ ਵਰਗੀਆਂ ਰੂੜੀਆਂ, ਨਸ਼ੇ, ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜਿਆ ਹੋਇਆ ਹੈ। ਪੱਛਮੀ ਸੱਭਿਆਚਾਰ ਵਿੱਚੋਂ ਛਣ ਕੇ ਆਇਆ 'ਕੂੜਾ ਸੱਭਿਆਚਾਰ' ਨਵੀਂ ਪਨੀਰੀ ਦੇ ਦਿਮਾਗਾਂ ਨੂੰ ਗੰਧਲਾ ਰਿਹਾ ਹੈ। ਨੌਜਵਾਨਾਂ ਅਤੇ ਆਮ ਲੋਕਾਂ ਵਿੱਚ ਕੋਈ ਵੀ ਇਨਕਲਾਬੀ ਬਦਲ ਮੌਜੂਦ ਨਹੀਂ ਤੇ ਜੋ ਹੈ ਉਹ ਬਹੁਤ ਸੀਮਤ ਹੈ। ਲੋਕ ਇਸ ਸਭ ਦਾ ਹੱਲ ਚਾਹੁੰਦੇ ਹਨ ਨਾ ਸਿਰਫ਼ ਰਾਜਨੀਤਕ ਅਤੇ ਆਰਥਿਕ

ਪੱਖੋਂ, ਸਗੋਂ ਸੱਭਿਆਚਾਰਕ ਪੱਖੋਂ ਵੀ। ਜਦ ਵੀ ਕਿਸੇ ਸਮਾਜ ਵਿੱਚ ਅਜਿਹੇ ਹਾਲਾਤ ਪੈਦਾ ਹੁੰਦੇ ਹਨ ਤਾਂ ਮੁੱਖ ਰੂਪ ਵਿੱਚ ਤਿੰਨ ਸ਼ਕਤੀਆਂ ਉੱਥੇ ਸਰਗਰਮ ਹੁੰਦੀਆਂ ਹਨ। ਜਿਨ੍ਹਾਂ ਵਿੱਚੋਂ ਇੱਕ ਪਿਛਾਖੜੀ ਧਾਰਾ ਹੁੰਦੀ ਹੈ ਦੂਸਰੀ ਯਥਾਸਥਿਤੀਵਾਦੀ ਤੇ ਤੀਸਰੀ ਅਗਾਂਹਵਧੂ ਧਾਰਾ ਜਾਂ ਇਨਕਲਾਬੀ ਧਾਰਾ। ਖੜ੍ਹੋਤ ਦੇ ਸਮਿਆਂ ਵਿੱਚ ਪਿਛਾਖੜੀ ਧਾਰਾ ਜ਼ਿਆਦਾ ਪ੍ਰਬਲ ਹੁੰਦੀ ਹੈ ਕਿਉਂਕਿ ਉਸ ਕੋਲ ਬਣੀ ਬਣਾਈ ਵਿਰਾਸਤ ਮੌਜੂਦ ਹੁੰਦੀ ਹੈ ਉਸਨੇ ਨਵਾਂ ਕੁੱਝ ਨਹੀਂ ਕਰਨਾ ਹੁੰਦਾ ਸਗੋਂ ਬੀਤੇ ਦਾ ਹੀ ਪੁਨਰਉਥਾਨ ਕਰਨਾ ਹੁੰਦਾ ਹੈ। ਕੋਈ ਪ੍ਰਭਾਵੀ ਬਦਲ ਨਾ ਹੋਣ ਕਾਰਨ ਲੋਕ ਬੀਤੇ ਦੇ ਗੌਰਵ ਵੱਲ ਵੇਖਦੇ ਹਨ। ਸਾਡੇ ਦੇਸ਼ ਵਿੱਚ ਆਰ. ਐੱਸ. ਐੱਸ., ਸਿਮੀ, ਅਤੇ ਪੰਜਾਬ ਵਿੱਚ ਦਲ ਖ਼ਾਲਸਾ ਵਰਗੀਆਂ ਜਥੇਬੰਦੀਆਂ ਇਸਦੀ ਇੱਕ ਛੋਟੀ ਜਿਹੀ ਉਦਾਹਰਣ ਹਨ।

ਇਹ ਠੀਕ ਹੈ ਕਿ ਅੱਜ ਹਾਲਾਤ ਬਦ ਨਾਲੋਂ ਬਦਤਰ ਹਨ ਪਰ ਇਸਦਾ ਹਲ ਇਤਿਹਾਸ ਦੇ ਖੂਹ ਵਿੱਚ ਡਿੱਗ ਕੇ ਨਹੀਂ ਮਿਲ਼ੇਗਾ ਜਿਸਦਾ ਆਕਾਸ਼ ਬਹੁਤ ਹੀ ਸੀਮਤ ਹੁੰਦਾ ਹੈ, ਸਗੋਂ ਇਹ ਭਵਿੱਖ ਦੀਆਂ ਖੋਜ ਯਾਤਰਾਵਾਂ ਵਿੱਚ ਹੈ ਜਿਥੇ ਹਰ ਕਦਮ 'ਤੇ ਨਵੀਂ ਚੁਣੌਤੀ ਹੈ ਅਤੇ ਜਿਸਦੇ ਆਕਾਸ਼ ਅਨੰਤ ਹਨ। ਅੱਜ ਵਿਗਿਆਨ ਜਿੰਨੀ ਤਰੱਕੀ ਕਰ ਚੁੱਕਾ ਹੈ ਇਹ ਜ਼ਰੂਰੀ ਹੋ ਗਿਆ ਹੈ ਕਿ ਚਰਖਿਆਂ ਦੀ ਜਗ੍ਹਾ ਫਲੈਟ ਮਸ਼ੀਨਾਂ ਨੂੰ ਦਿੱਤੀ ਜਾਵੇ, ਬੌਲਦਾਂ ਦੇ ਹਲ਼ਾਂ ਦੀ ਜਗ੍ਹਾ ਟਰੈਕਟਰ ਲੈਣ ਤੇ ਘੱਗਰੇ-ਫੁਲਕਾਰੀਆਂ ਦੀ ਥਾਂ ਪੈਂਟਾਂ ਕਮੀਜ਼ਾਂ ਲੈਣ। ਅਤੇ ਪੁਰਾਣੇ ਨੂੰ, ਮਰ ਚੁੱਕੇ ਨੂੰ ਇਤਿਹਾਸ ਦੇ ਮਿਊਜ਼ਿਅਮ ਵਿੱਚ ਸਜਾ ਦਿੱਤਾ ਜਾਵੇ। ਜਿਨ੍ਹਾਂ ਕਿਰਦਾਰਾਂ ਦਾ ਰੋਲ ਖ਼ਤਮ ਹੋ ਚੁੱਕਾ ਹੈ ਉਨ੍ਹਾਂ ਨੂੰ ਇਤਿਹਾਸ ਦੇ ਰੰਗ ਮੰਚ ਤੋਂ ਵਿਦਾ ਕਰ ਦਿੱਤਾ ਜਾਵੇ। ਤੁਸੀਂ ਸੋਚ ਕੇ ਤਾਂ ਵੇਖੋ ਕਿ ਘੱਗਰੇ ਜਾਂ ਕੁੜਤੇ ਚਾਦਰੇ ਪਾ ਕੇ ਖਰਾਦਾਂ 'ਤੇ ਕੰਮ ਕਰਨਾ ਪਵੇ ਤਾਂ ਕੀ ਬਣੇ, ਸੱਭਿਆਚਾਰ ਨੂੰ ਬਚਾਉਂਦਾ ਬੰਦਾ ਜਾ ਮਰੇ। ਪੀਟੀ ਊਸ਼ਾ ਘੱਗਰਾ ਪਾ ਕੇ ਦੌੜਦੀ ਤਾਂ ਦੌੜ ਨਾ ਲਾਉਂਦੀ ਸਿਰਫ 'ਸੱਭਿਆਚਾਰ' ਹੀ ਸੰਭਾਲਦੀ। ਨਾਲ਼ੇ ਇੱਕ ਹੋਰ ਵੀ ਸਵਾਲ ਹੈ ਸੱਭਿਆਚਾਰ ਦੇ ਵਾਰਸਾਂ ਅਤੇ ਰੱਖਿਅਕਾਂ ਤੋਂ ਕਿ ਉਹ ਸਿਰਫ਼ ਕੁੜਤੇ ਚਾਦਰੇ ਜਾਂ ਘੱਗਰਿਆਂ ਤੱਕ ਹੀ ਪਿੱਛੇ ਕਿਉਂ ਜਾਂਦੇ ਹਨ? ਅਗਰ ਅਸਲ ਵਿੱਚ ਹੀ ਉਹ ਪੁਰਾਣੇ ਸਮੇਂ ਬਹਾਲ ਕਰਨੇ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਪੱਤੇ ਬੰਨਣ ਦੀ ਮੰਗ ਉਠਾਉਣੀ ਚਾਹੀਦੀ ਹੈ। ਜਿਉਂ-ਜਿਉਂ ਮਨੁੱਖੀ ਸਮਾਜਾਂ ਨੇ ਵਿਕਾਸ ਕੀਤਾ ਹੈ ਤਿਵੇ ਹੀ ਅਚੇਤਨ ਤੇ ਸਚੇਤਨ ਦੋਵੇਂ ਹੀ ਰੂਪਾਂ ਵਿੱਚ ਉਨ੍ਹਾਂ ਪੁਰਾਣੇ ਸਮਾਜਾਂ ਦੀ ਰਹਿੰਦ ਖੂੰਹਦ ਨੂੰ ਖ਼ਤਮ ਕੀਤਾ ਹੈ ਹੋਰ ਸਟੀਕ ਕਹਿਣਾ ਹੋਵੇ ਤਾਂ ਅਸੀਂ ਕਹਾਂਗੇ ਕਿ ਜਿਵੇਂ-ਜਿਵੇਂ ਪੁਰਾਣੇ ਪੈਦਾਵਾਰੀ ਸਬੰਧ ਖ਼ਤਮ ਹੋਏ ਉਨ੍ਹਾਂ ਦੀ ਥਾਂ ਨਵੇਂ ਪੈਦਾਵਾਰੀ ਸਬੰਧਾਂ ਨੇ ਲੈ ਲਈ, ਨਵੀਆਂ ਪੈਦਾਵਾਰੀ ਸ਼ਕਤੀਆਂ ਹੋਂਦ ਵਿੱਚ ਆਈਆਂ ਅਤੇ ਸੱਭਿਆਚਾਰ ਨੇ ਨਵੀਂ ਅੰਗੜਾਈ ਭਰੀ। ਇਤਿਹਾਸ ਵੱਲ ਹੀ ਮੂੰਹ ਕਰੀ ਰੱਖਣਾ ਭਵਿੱਖ ਅਤੇ ਵਰਤਮਾਨ ਦੀਆਂ ਚੁਣੌਤੀਆਂ ਤੋਂ ਪੂੰਛ ਦਬਾ ਕੇ ਦੌੜਨਾ ਹੈ।

ਪੁਰਾਣੇ ਸੰਸਕਾਰ ਕਿਉਂਕਿ ਸਮਾਜ ਵਿੱਚ ਜੜ੍ਹਾਂ ਜਮਾਈ ਬੈਠੇ ਹੁੰਦੇ ਹਨ। ਇਸੇ ਲਈ ਇਨ੍ਹਾਂ ਗੀਤਾਂ ਨੂੰ ਲੋਕਾਂ ਵੱਲੋਂ ਵੀ ਹੁੰਗਾਰਾ ਮਿਲਦਾ ਹੈ। ਲੋਕ ਅੱਜ ਦੀਆਂ ਹਾਲਤਾਂ ਤੋਂ ਦੁਖੀ ਇਤਿਹਾਸਕ ਸ਼ਖ਼ਸੀਅਤਾਂ ਜਾਂ ਇਤਿਹਾਸਕ ਘਟਨਾਵਾਂ ਵੱਲ ਟੇਕ ਰੱਖਦੇ ਹਨ। ਇਤਿਹਾਸ ਦੇ ਉਹ ਇਨਸਾਨ ਮਹਾਨ ਸਨ ਪਰ ਉਨ੍ਹਾਂ ਨੂੰ ਅੱਜ ਦੇ ਸਮਾਜਾਂ ਵਿੱਚ ਫਿਟ ਕਰਨਾ ਨਾ ਸਿਰਫ ਉਨ੍ਹਾਂ ਨਾਲ਼ ਬੇਇਮਾਨੀ ਹੋਵੇਗੀ ਸਗੋਂ ਇਤਿਹਾਸ ਦਾ ਭੰਡ-ਚਿੱਤਰ ਪੇਸ਼ ਕਰਨਾ ਹੋਵੇਗਾ।

ਇੱਕ ਗੱਲ ਜ਼ਰੂਰ ਪੁੱਛਣੀ ਬਣਦੀ ਹੈ ਇਨ੍ਹਾਂ 'ਸੱਭਿਆਚਾਰ ਰੱਖਿਅਕਾਂ' ਨੂੰ ਕਿ ਉਹ ਬੀਤੇ ਦਾ ਕੀ ਬਹਾਲ ਕਰਨਾ ਚਾਹੁੰਦੇ ਹਨ? ਸਿਰਫ਼ ਸੱਭਿਆਚਾਰ? ਪਰ ਉਹ ਭੁੱਲ ਜਾਂਦੇ ਹਨ ਕਿ ਸੱਭਿਆਚਾਰ ਕਿਸੇ ਵੀ ਸਮਾਜ ਦੀ ਆਰਥਿਕ ਬੁਨਿਆਦ 'ਤੇ ਖੜ੍ਹਾ ਹੁੰਦਾ ਹੈ ਪੁਰਾਣਾ ਸਮਾਜ ਤਬਾਹ ਹੁੰਦਾ ਹੈ ਤਾਂ ਉਹਦੀ ਬੁਨਿਆਦ ਵੀ ਖਤਮ ਹੋ ਜਾਂਦੀ ਹੈ ਤੇ ਨਵੀਂ ਬੁਨਿਆਦ ਉੱਪਰ ਨਵੇਂ ਸੱਭਿਆਚਾਰ ਨੂੰ ਉਸਾਰਨ ਦੀ ਲੋੜ ਹੁੰਦੀ ਹੈ। ਕੀ ਇਹ ਰਖਵਾਲੇ ਚਾਹੁੰਦੇ ਹਨ ਭਾਰਤ ਵਿੱਚ ਮੁੜ ਤੋਂ 575 ਰਿਆਸਤਾਂ ਹੋਣ? ਨਵ-ਵਿਆਹੀ ਨਾਲ਼ ਪਹਿਲੀ ਰਾਤ ਸੌਣ ਦਾ ਹੱਕ ਇਲਾਕੇ ਦੇ ਜਗੀਰਦਾਰ ਦਾ ਹੋਵੇ? ਕਿ ਹਰ ਤੀਆਂ 'ਤੇ ਇਲਾਕੇ ਦੀਆਂ ਸਭ ਕੁੜੀਆਂ ਪਿੰਡ ਦੇ ਬਾਹਰ ਇਕੱਠੀਆਂ ਕੀਤੀਆਂ ਜਾਣ ਤੇ ਮਹਾਰਾਜਾ ਪਟਿਆਲਾ ਉਨ੍ਹਾਂ 'ਚੋਂ ਆਪਣੀਆਂ ਪਸੰਦੀਦਾ ਨੂੰ ਆਪਣੇ ਹਰਮ 'ਚ ਰੱਖੇ, ਕਿ ਮੁੜ ਤੋਂ ਰਾਇਤਵਾੜੀ, ਮਾਹਲਵਾੜੀ ਦੇ ਨਾਂ 'ਤੇ ਜਗੀਰੂ ਲੁੱਟ ਬਹਾਲ ਕੀਤੀ ਜਾਵੇ, ਇੱਕ ਬਾਦਸ਼ਾਹ ਹੋਵੇ ਜਿਸਨੂੰ ਦੈਵ-ਅਧਿਕਾਰ ਹੋਵੇ। ਹਾਂ! ਸਿਰਫ਼ ਇਸੇ ਤਰ੍ਹਾਂ ਹੀ ਉਸ ਮਰ ਚੁੱਕੇ ਸੱਭਿਆਚਾਰ ਦੀ ਮੁੜ ਬਹਾਲੀ ਹੋ ਸਕਦੀ ਹੈ। ਇਹ ਲੋਕ ਉਸ ਬੀਤ ਚੁੱਕੇ ਦੇ ਸੋਹਲੇ ਹੀ ਗਾਉਂਦੇ ਹਨ 'ਉਦੋਂ ਦੀ ਸਰਦਾਰੀ' ਦੇ ਸੁਰੀਲੇ ਰਾਗ ਗਾਉਂਦੇ ਹਨ। ਪਰ ਇਹ ਸਰਦਾਰੀ ਕਿਨ੍ਹਾਂ ਦੇ ਸਿਰ 'ਤੇ ਜਬਰ ਢਾਉਂਦੀ ਸੀ ਉਹ ਕਿਰਤੀ ਜਮਾਤ ਇਨ੍ਹਾਂ ਦੇ ਗੀਤਾਂ ਵਿੱਚੋਂ ਗਾਇਬ ਹੁੰਦੀ ਹੈ। ਤੀਆਂ ਦੇ ਤਿਓਹਾਰ ਦਾ ਪਿੱਟ ਸਿਆਪਾ ਹਰ ਸਾਲ ਕੀਤਾ ਜਾਂਦਾ ਹੈ ਪਰ ਪੰਜਾਬ ਵਿੱਚ ਇਸ ਦਾ ਕੀ ਇਤਿਹਾਸ ਸੀ? ਇਹ ਕਦੀ ਨਹੀਂ ਦੱਸਿਆ ਜਾਂਦਾ। ਜੋ ਸੋਹਲੇ ਇਨ੍ਹਾਂ ਵਿਰਸੇ ਦੇ ਅਲੰਬਰਦਾਰਾਂ ਵੱਲੋਂ ਗਾਏ ਜਾਂਦੇ ਹਨ ਉਹ ਉਦੋਂ ਦੇ ਜਾਬਰ ਸਮਾਜ ਨੂੰ ਨਿਆਂ ਉਚਿਤ ਠਹਿਰਾਂਉਦੇ ਹਨ ਕਿਉਂਕਿ ਇਹ ਜਗੀਰੂ ਲੁੱਟ ਅਤੇ ਬਰਬਰਤਾ ਉੱਤੇ ਚਾਦਰ ਪਾਉਂਦੇ ਹਨ। ਮਾਨ ਵਰਗੇ ਕਲਾਕਾਰਾਂ ਅਤੇ ਆਰ. ਐੱਸ. ਐੱਸ. ਵਰਗੇ ਪਿਛਾਖੜੀਆਂ ਵਿੱਚ ਫਰਕ ਇਹ ਹੈ ਕਿ ਪਹਿਲੇ ਸਿਰਫ਼ ਪਿਛਾਖੜੀ ਸੱਭਿਆਚਾਰ ਬਹਾਲ ਕਰਨਾ ਚਾਹੁੰਦੇ ਹਨ ਤੇ ਦੂਸਰੇ ਪਿਛਾਖੜ ਸੱਭਿਆਚਾਰ ਨੂੰ ਆਪਣੀਆਂ ਆਰਥਕ ਬੁਨਿਆਦਾਂ ਸਮੇਤ ਬਹਾਲ ਕਰਨਾ ਚਾਹੁੰਦੇ ਹਨ। ਦੂਸਰੇ ਪਿਛਾਖੜ ਇਸਨੂੰ ਬਹਾਲ ਕਰਨ ਲਈ ਸਚੇਤਨ ਯਤਨ ਕਰਦੇ ਹਨ ਤੇ ਪਹਿਲੇ ਆਪਣੇ ਅਚੇਤਨ ਭੋਲ਼ੇ ਯਤਨਾਂ ਦੌਰਾਨ ਇਹ ਭੁੱਲ ਜਾਂਦੇ ਹਨ ਕਿ ਕਬਰਾਂ ਵਿੱਚੋਂ ਕਦੀ ਮੁਰਦੇ ਬਾਹਰ ਨਹੀਂ ਨਿਕਲੇ ਸਿਰਫ਼ 'ਪ੍ਰੇਤ' ਹੀ ਨਿਕਲਦੇ ਹਨ।

ਹਰ ਕਲਾਕਾਰ ਸਚੇਤਨ ਤੌਰ 'ਤੇ ਪਿਛਾਖੜੀ ਨਹੀਂ ਹੁੰਦਾ (ਅਤੇ ਮਾਨ ਹੁਰਾਂ ਦੇ ਮਾਮਲੇ ਵਿੱਚ ਇਹ ਸੱਚ ਹੈ) ਸਗੋਂ ਅਚੇਤਨਤਾ ਦਾ ਪਲੜ੍ਹਾ ਇੱਥੇ ਭਾਰੀ ਹੁੰਦਾ ਹੈ। ਪਰ ਸਮਾਜ ਵਿੱਚ ਪਏ ਇਸ ਤਰ੍ਹਾਂ ਦੇ ਪਿਛਾਖੜੀ ਵਿਚਾਰਾਂ ਦਾ ਕਲਾਤਮਕ ਪ੍ਰਗਟਾਵਾ ਕਰਨਾ ਅਚੇਤਨ ਤੌਰ 'ਤੇ ਹੀ ਆਰ. ਐੱਸ. ਐੱਸ. ਵਰਗੀਆਂ ਫਿਰਕੂ ਜਥੇਬੰਦੀਆਂ ਦਾ ਸੱਭਿਆਚਾਰਕ ਵਿੰਗ ਬਣਨ ਦੇ ਤੁਲ ਹੈ ਤੇ ਜੇ ਇਹ ਪ੍ਰਗਟਾਵਾ ਸਚੇਤਨ ਹੋਵੇਂ ਤਾਂ ਕੁੱਝ ਕਹਿਣ ਦੀ ਲੋੜ ਨਹੀਂ। ਰੂਸੀ ਪ੍ਰਬੋਧਨਕਾਲ ਦੇ ਮਹਾਨ ਵਿਚਾਰਕ 'ਅਲੈਕਸਾਂਦਰ ਹਰਜ਼ਨ' ਦੇ ਇਨ੍ਹਾਂ ਸ਼ਬਦਾਂ ਨਾਲ਼ ਅਸੀਂ ਲੇਖ

**(ਬਾਕੀ ਸਫ਼ਾ 3 'ਤੇ)**

# ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿੰਨ੍ਹਾਂ ਦੀ ਸੇਵਾ ਕਰਦਾ ਹੈ?

(ਚੌਥੀ ਕਿਸ਼ਤ)

## ਅੰਤਰਿਮ ਸਰਕਾਰ ਅਤੇ ਸੰਵਿਧਾਨ ਸਭਾ

ਕੈਬਨਿਟ ਮਿਸ਼ਨ ਦਾ ਮਤਾ ਫੌਰੀ ਹਾਲਤਾਂ 'ਚ ਮੁਸਲਿਮ ਲੀਗ ਨੂੰ ਅਨੁਕੂਲ ਲੱਗਿਆ। 16 ਜੂਨ 1946 ਨੂੰ ਉਸਨੇ ਬ੍ਰਿਟਿਸ਼ ਯੋਜਨਾ ਨੂੰ ਪ੍ਰਵਾਨ ਕਰਨ ਦੇ ਨਾਲ਼ ਹੀ ਅੰਤਰਿਮ ਸਰਕਾਰ 'ਚ ਭਾਗ ਲੈਣ ਦੀ ਗੱਲ ਵੀ ਮੰਨ ਲਈ, ਜਿਦ੍ਹੇ ਗਠਨ ਦਾ ਐਲਾਨ ਵਾਇਸਰਾਏ ਵੇਵੇਲ ਨੇ 16 ਮਈ 1946 ਨੂੰ ਕੀਤਾ ਸੀ। ਕਾਂਗਰਸ ਨੇ ਸੂਬਿਆਂ ਦੇ ਲਾਜ਼ਮੀ ਸਮੂਹੀਕਰਨ (ਤਿੰਨ ਮੰਡਲਾਂ 'ਚ ਸੂਬਿਆਂ ਦਾ ਫਿਰਕੂ ਅਧਾਰ 'ਤੇ ਵਰਗੀਕਰਨ) ਦਾ ਵਿਰੋਧ ਕਰਦੇ ਹੋਏ ਕੈਬਨਿਟ ਮਿਸ਼ਨ ਅਤੇ ਵਾਇਸਰਾਏ ਨਾਲ਼ ਗੱਲਬਾਤ ਦਾ ਇੱਕ ਹੋਰ ਦੌਰ ਚਲਾਇਆ। ਪਰ ਬ੍ਰਿਟਿਸ਼ ਸੱਤਾਧਾਰੀ ਆਪਣੇ ਮਤਿਆਂ 'ਤੇ ਅਡਿੱਗ ਰਹੇ। ਅੰਤ 'ਚ ਸੱਤਾ ਲਈ ਉਤਾਵਲੀ ਕਾਂਗਰਸੀ ਲੀਡਰਸ਼ਿਪ ਨੇ ਗੋਡੇ ਟੇਕ ਦਿੱਤੇ ਅਤੇ 24 ਜੂਨ ਨੂੰ ਕੈਬਨਿਟ ਮਿਸ਼ਨ ਮਤਿਆਂ ਨੂੰ ਸੰਵਿਧਾਨ ਤਿਆਰ ਕਰਨ ਦੇ ਅਧਾਰ ਦੇ ਰੂਪ 'ਚ ਪ੍ਰਵਾਨਗੀ ਦੇ ਦਿੱਤੀ।

ਕਾਂਗਰਸ ਨੂੰ ਮਿਸ਼ਨ ਦੀ ਇਸ ਯੋਜਨਾ ਨਾਲ਼ ਵੀ ਦਿੱਕਤ ਸੀ ਕਿ ਸਮੂਹੀਕਰਣ ਸ਼ੁਰੂ 'ਚ ਤਾਂ ਲਾਜ਼ਮੀ ਹੋਵੇਗਾ। ਪਰ ਮਗਰੋਂ ਸੰਵਿਧਾਨ ਬਣ ਜਾਣ ਅਤੇ ਉਸ ਅਨੁਸਾਰ ਨਵੀਆਂ ਚੋਣਾਂ ਹੋ ਜਾਣ ਮਗਰੋਂ ਸੂਬਿਆਂ ਨੂੰ ਉਸ ਤੋਂ ਵੱਖ ਹੋ ਜਾਣ ਦਾ ਹੱਕ ਹੋਵੇਗਾ। ਸੰਵਿਧਾਨ ਸਭਾ ਲਈ ਰਿਆਸਤਾਂ ਤੋਂ ਪ੍ਰਤੀਨਿਧੀਆਂ ਦੀ ਲੋਕਾਂ ਰਾਹੀਂ ਚੋਣ ਦੀ ਬਜਾਏ ਰਾਜਿਆਂ-ਨਵਾਬਾਂ ਰਾਹੀਂ ਨਿਯੁਕਤ ਕਰਨ 'ਤੇ ਵੀ ਕਾਂਗਰਸ ਨੂੰ ਇਤਰਾਜ਼ ਸੀ। ਇਸ ਲਈ 10 ਜੁਲਾਈ ਨੂੰ ਕਾਂਗਰਸ ਪ੍ਰਧਾਨ ਨਹਿਰੂ ਨੇ ਐਲਾਨ ਕੀਤਾ ਕਿ ਕਾਂਗਰਸ ਸੰਵਿਧਾਨ ਸਭਾ 'ਚ ਹਿੱਸਾ ਲੈਣ ਲਈ ਪ੍ਰਤੀਬੱਧ ਹੈ, ਪਰ ਅੰਤਰਿਮ ਸਰਕਾਰ 'ਚ ਉਹ ਸ਼ਾਮਿਲ ਨਹੀਂ ਹੋਵੇਗੀ। ਉਹਨਾਂ ਨੇ ਇਸ ਗੱਲ ਦੀ ਵੀ ਸੰਭਾਵਨਾ ਪ੍ਰਗਟ ਕੀਤੀ ਕਿ ਪੱਛਮ-ਉੱਤਰੀ ਸਰਹੱਦੀ ਸੂਬਿਆਂ ਅਤੇ ਅਸਾਮ ਰਾਹੀਂ ਮੰਡਲ 'ਬੀ' ਅਤੇ 'ਸੀ' 'ਚ ਸ਼ਾਮਿਲ ਕੀਤੇ ਜਾਣ 'ਤੇ ਦਿੱਕਤ ਕਾਰਣ ਸਮੂਹੀਕਰਣ ਦੀ ਯੋਜਨਾ ਖਟਿਆਈ 'ਚ ਵੀ ਪੈ ਸਕਦੀ ਹੈ। ਇਹ ਸੰਭਾਵਨਾ ਮੁਸਲਿਮ ਲੀਗ ਲਈ ਘੋਰ ਤਕਲੀਫ਼ਦੇਹ ਸੀ। ਕਾਂਗਰਸ ਰਾਹੀਂ ਅੰਤਰਿਮ ਸਰਕਾਰ 'ਚ ਸ਼ਾਮਿਲ ਨਾ ਹੋਣ ਦੇ ਐਲਾਨ ਮਗਰੋਂ ਵਾਇਸਰਾਏ ਨੇ ਸਿਰਫ਼ ਲੀਗ ਰਾਹੀਂ ਅਜਿਹੀ ਸਰਕਾਰ ਬਣਾਉਣ ਦੀ ਯੋਜਨਾ ਨੂੰ ਵੀ ਠੁਕਰਾ ਦਿੱਤਾ। ਅੰਗਰੇਜ਼ਾਂ ਨੂੰ ਡਰ ਸੀ ਕਿ ਅੰਤਰਿਮ ਸਰਕਾਰ ਤੋਂ ਬਾਹਰ ਰਹਿਣ 'ਤੇ ਕਾਂਗਰਸ ਫਿਰ ਲੋਕ ਲਹਿਰ ਦੀ ਰਾਹ ਫੜ ਸਕਦੀ ਹੈ, ਜਿਹੜੀ ਬੇਕਾਬੂ ਹੋ ਕੇ ਸੱਤਾ-ਹਸਤਾਂਤਰਣ ਦੀ ਬ੍ਰਿਟਿਸ਼ ਯੋਜਨਾ ਨੂੰ ਖਟਿਆਈ 'ਚ ਪਾ ਸਕਦੀ ਹੈ। ਜੂਨ, 1946 'ਚ ਅਜਿਹੀ ਕਿਸੇ ਸੰਭਾਵਿਤ ਲਹਿਰ ਨਾਲ਼ ਨਿਪਟਣ ਲਈ ਉਹ ਫ਼ੌਜ ਦੀਆਂ ਪੰਜ ਡਿਵੀਜ਼ਨਾਂ ਭਾਰਤ ਲਿਆਉਣ ਦੀ ਤਿਆਰੀ ਕਰ ਰਹੇ ਸਨ। ਪਰ ਕਾਂਗਰਸ ਦੀ ਘੁਟੀ-ਘੁਟਾਈ ਉੱਚ-ਮੱਧਵਰਗੀ ਲੀਡਰਸ਼ਿਪ ਸੱਤਾ-ਪ੍ਰਾਪਤੀ ਦੀ ਦਹਲੀਜ਼ 'ਤੇ ਆ ਕੇ ਖ਼ੁਦ ਹੀ ਅਜਿਹਾ ਕੋਈ ਜ਼ੋਖ਼ਮ ਮੁੱਲ ਨਹੀਂ ਲੈਣਾ ਚਾਹੁੰਦੀ ਸੀ। ਕਾਹਲੀ ਉਸਨੂੰ ਸੀ, ਪਰ ਸਮਝੌਤਾ-ਸੌਦੇਬਾਜ਼ੀ ਜ਼ਰੀਏ ਹੀ ਉਸਨੇ ਉੱਲੂ ਸਿੱਧਾ ਕਰਨਾ ਸੀ। ਅੰਗਰੇਜ਼ਾਂ ਦੇ ਅਨੁਮਾਨ ਤੋਂ ਕਿਤੇ ਵੱਧ ਕਾਂਗਰਸੀ ਲੀਡਰਸ਼ਿਪ ਲੋਕ ਸੰਘਰਸ਼ਾਂ ਤੋਂ ਡਰਦੀ ਸੀ।

ਇਕੱਲੇ ਅੰਤਰਿਮ ਸਰਕਾਰ ਬਣਾਉਣ ਦਾ ਮਤਾ ਠੁਕਰਾਉਣ ਮਗਰੋਂ ਮੁਸਲਿਮ ਲੀਗ ਨੇ 29-30 ਜੁਲਾਈ ਦੀ ਕੈਬਨਿਟ ਮਿਸ਼ਨ ਮਤਿਆਂ ਦੀ ਮਨਜ਼ੂਰੀ ਵਾਪਸ ਲੈਂਦੇ ਹੋਏ ਸੰਵਿਧਾਨ ਸਭਾ 'ਚ ਵੀ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ 16 ਅਗਸਤ ਨੂੰ ਪਾਕਿਸਤਾਨ ਦੀ ਉਸਾਰੀ ਲਈ 'ਸਿੱਧੀ ਕਾਰਵਾਈ' ਲਈ 'ਮੁਸਲਿਮ ਕੌਮ' ਨੂੰ ਹੋਕਾ ਦਿੱਤਾ। ਮੁਸਲਿਮ ਲੀਗ ਰਾਹੀਂ ਫ਼ੈਸਲਾਕੁੰਨ ਦਬਾਅ ਬਣਾਉਣ ਦੀ ਮੁੱਖ ਵਜ੍ਹਾ ਇਹ ਸੀ ਕਿ ਉਸਨੂੰ ਅੰਗਰੇਜ਼ਾਂ ਅਤੇ ਕਾਂਗਰਸ ਦਰਮਿਆਨ ਅੰਤਰਿਮ ਸਰਕਾਰ ਦੇ ਗਠਨ ਨੂੰ ਲੈ ਕੇ ਪੱਕ ਰਹੀ ਖਿਚੜੀ ਦੀ ਬੋਅ ਆ ਗਈ ਸੀ। ਅੰਗਰੇਜ਼ ਅਜਿਹਾ ਇਸ ਲਈ ਚਾਹੁੰਦੇ ਸਨ ਕਿ ਉਹਨਾਂ ਨੂੰ ਲੋਕ ਸੰਘਰਸ਼ਾਂ ਦੇ ਪ੍ਰਚੰਡ ਉਭਾਰ ਦਾ ਭੂਤ ਸਤਾ ਰਿਹਾ ਸੀ। ਜੁਲਾਈ 'ਚ ਰੇਲਵੇ ਦੀ ਅਖਿਲ ਭਾਰਤੀ ਹੜਤਾਲ ਦੀ ਧਮਕੀ ਮਿਲ ਚੁੱਕੀ ਸੀ ਅਤੇ ਡਾਕ ਕਰਮਚਾਰੀਆਂ ਦੀ ਅਖਿਲ ਭਾਰਤੀ ਹੜਤਾਲ ਹੋ ਵੀ ਚੁੱਕੀ ਸੀ। ਪੂਰੇ 1946 'ਚ 2000 ਤੋਂ ਵੱਧ ਜੱਥੇਬੰਦ ਹੜਤਾਲਾਂ ਹੋਈਆਂ, ਜਿਨ੍ਹਾਂ 'ਚ 20 ਲੱਖ ਮਜ਼ਦੂਰਾਂ ਨੇ ਹਿੱਸਾ ਲਿਆ। ਪਿੰਡਾਂ 'ਚ ਵੀ ਕਿਸਾਨ ਸੰਘਰਸ਼ ਤੇਜ਼ੀ ਨਾਲ਼ ਅੱਗੇ ਵੱਧ ਰਹੇ ਸਨ। 31 ਜੁਲਾਈ 1946 ਨੂੰ ਭਾਰਤ ਸਕੱਤਰ ਨੂੰ ਲਿਖੇ ਗਏ ਖ਼ਤ 'ਚ ਵੇਵੇਲ ਨੇ ਲਿਖਿਆ ਸੀ ਕਿ ਜੇਕਰ ਕਾਂਗਰਸੀ ਸਰਕਾਰ ਬਣਾ ਲੈਣ ਤਾਂ ਉਹ ਅਰਾਜਕ ਤੱਤਾਂ ਅਤੇ ਕਮਿਊਨਿਸਟਾਂ ਨੂੰ ਦਬਾਉਣ ਨਾਲ਼ ਹੀ ਆਪਣੇ ਖੱਬੇਪੱਖੀ ਤੱਤਾਂ 'ਤੇ ਵੀ ਨਕੇਲ ਕੱਸਣਗੇ। ਉਸਦਾ ਮੰਨਣਾ ਸੀ ਕਿ ਇੱਕ "ਜਵਾਬਦੇਹ ਭਾਰਤੀ ਸਰਕਾਰ" ਮਜ਼ਦੂਰਾਂ ਨਾਲ਼ ਫ਼ੈਸਲਾਕੁੰਨ ਢੰਗ ਨਾਲ਼ ਸਿੱਝੇਗੀ। 15 ਅਗਸਤ ਤੱਕ ਸਰਮਾਏਦਾਰਾਂ ਅਤੇ ਕਾਂਗਰਸ ਦਰਮਿਆਨ ਜਗੀਰੂ ਕੁਲੀਨਾਂ ਦੇ ਦਬਾਅ 'ਚ ਪਟੇਲ ਅਤੇ ਉਹਨਾਂ ਦਾ ਸੱਜੇਪੱਖੀ ਗੁੱਟ ਫੈਸਲਾ ਕਰ ਚੁੱਕਾ ਸੀ ਕਿ ਹਾਲਾਤ ਬੇਕਾਬੂ ਹੋਣ ਤੋਂ ਬਚਾਉਣ ਲਈ ਕਾਂਗਰਸ ਨੂੰ ਸਰਕਾਰ 'ਚ ਸ਼ਾਮਿਲ ਹੋਣਾ ਹੀ ਹੋਵੇਗਾ। ਫਿਰ ਗਾਂਧੀ ਅਤੇ ਨਹਿਰੂ ਵੀ ਇਸ ਨਤੀਜੇ 'ਤੇ ਪੁੱਜੇ। 2 ਸਤੰਬਰ ਨੂੰ ਨਹਿਰੂ ਦੀ ਲੀਡਰਸ਼ਿਪ ਵਾਲ਼ੀ ਕਾਂਗਰਸੀ ਅੰਤਰਿਮ ਸਰਕਾਰ ਨੂੰ ਸਹੁੰ ਚੁਕਾਈ ਗਈ। ਗੋਡੇ ਟੇਕਣ ਸਮੇ ਇੱਜ਼ਤ ਬਚਾਉਂਦੇ ਹੋਏ ਨਹਿਰੂ ਨੇ ਬਿਆਨ ਦਿੱਤਾ ਕਿ ਕਾਂਗਰਸ ਹੁਣ ਵੀ ਲਾਜ਼ਮੀ ਸਮੂਹੀਕਰਣ ਦੇ ਖਿਲਾਫ਼ ਹੈ, ਪਰ ਇਸ ਮਾਮਲੇ ਨੂੰ ਉਹ ਭਾਵੀ ਸੰਘੀ ਅਦਾਲਤ ਦੇ ਹਵਾਲੇ ਕਰਨ ਨੂੰ ਤਿਆਰ ਹੈ।

ਜਿਨਾਹ ਦੁਆਰਾ 16 ਅਗਸਤ ਨੂੰ ਐਲਾਨੀ 'ਸਿੱਧੀ ਕਾਰਵਾਈ' ਦਾ ਸਰੂਪ ਲੋਕ-ਸੰਘਰਸ਼ਾਤਮਕ ਨਹੀਂ ਸਗੋਂ ਖ਼ੂਨੀ-

ਕਤਲੋਗਾਰਤ ਸੀ। ਦੰਗਿਆਂ ਦੀ ਸ਼ੁਰੂਆਤ 16-19 ਅਗਸਤ ਦੌਰਾਨ ਕਲਕੱਤਾ ਤੋਂ ਹੋਈ, ਫਿਰ ਬੰਬਈ (1 ਸਤੰਬਰ) ਤੋਂ ਹੁੰਦੇ ਹੋਏ ਇਹ ਅੱਗ ਪੂਰਵੀ ਬੰਗਾਲ ਦੇ ਨੋਆਖਾਲੀ (10 ਅਕਤੂਬਰ), ਬਿਹਾਰ (25 ਅਕਤੂਬਰ) ਅਤੇ ਸੰਯੁਕਤ ਸੂਬੇ ਦੇ ਗੜ੍ਹ ਮੁਕਤੇਸ਼ਵਰ (ਨਵੰਬਰ) ਤੱਕ ਫੈਲ ਗਈ। ਮਾਰਚ, 1947 ਤੱਕ ਪੂਰਾ ਪੰਜਾਬ ਇਸਦੀ ਅੱਗ 'ਚ ਧੂ-ਧੂ ਕਰਕੇ ਮੱਚਣ ਲੱਗਾ। ਅਗਸਤ ਤੱਕ ਸਿਰਫ਼ ਪੰਜਾਬ 'ਚ 5,000 ਲੋਕ ਮਾਰੇ ਜਾ ਚੁੱਕੇ ਸਨ। ਪਰ ਇਹ ਕਤਲੇਆਮ 15 ਅਗਸਤ 1947 ਮਗਰੋਂ ਸਰਹੱਦ ਦੇ ਦੋਨਾਂ ਪਾਸੇ ਹੋਈ ਹਿੰਸਾ ਦੇ ਮਹਾਤਾਂਡਵ ਤੋਂ ਵੱਧ ਕੁੱਝ ਵੀ ਨਹੀਂ ਸੀ ਜਿਸ 'ਚ ਤਕਰੀਬਨ 1,80,000 ਲੋਕ ਮਾਰੇ ਗਏ ਅਤੇ ਮਾਰਚ 1948 ਤੱਕ 60 ਲੱਖ ਮੁਸਲਮਾਨ ਅਤੇ 45 ਲੱਖ ਹਿੰਦੂ ਅਤੇ ਸਿੱਖ ਸ਼ਰਨਾਰਥੀ ਬਣ ਚੁੱਕੇ ਸਨ।

ਅਗਸਤ 1946 'ਚ ਦੰਗਿਆਂ ਦਾ ਸਿਲਸਿਲਾ ਜਦੋਂ ਸ਼ੁਰੂ ਹੋਇਆ, ਤਾਂ ਨਹਿਰੂ ਦੀ ਅੰਤਰਿਮ ਸਰਕਾਰ ਮੰਨੋ ਅਪਾਹਜ ਹੋ ਕੇ ਇਸਨੂੰ ਵੇਖ ਰਹੀ ਸੀ। ਜੂਨ '46 ਤੱਕ ਸੰਭਾਵਿਤ ਲੋਕ ਸੰਘਰਸ਼ ਨਾਲ਼ ਸਿੱਝਣ ਲਈ ਪੰਜ ਡਿਵੀਜ਼ਨਾਂ ਫ਼ੌਜ ਦੀਆਂ ਭਾਰਤ ਲਿਆਉਣ ਦੀ ਯੋਜਨਾ ਬਣਾਉਣ ਵਾਲ਼ੀ ਬਸਤੀਵਾਦੀ ਸੱਤਾ ਹੱਥ 'ਤੇ ਹੱਥ ਧਰ ਕੇ ਬੈਠੀ ਰਹੀ। ਘਟਨਾ ਕ੍ਰਮ ਸਪੱਸ਼ਟ ਅੰਗਿਤ ਕਰਦਾ ਹੈ ਕਿ ਅੰਗਰੇਜ਼ ਇਸ ਅੱਗ ਨੂੰ ਵੱਧ ਤੋਂ ਵੱਧ ਭੜਕਦੇ ਦੇਖਣਾ ਚਾਹੁੰਦੇ ਸਨ। ਅਕਤੂਬਰ 'ਚ ਮੁਸਲਿਮ ਲੀਗ ਵੀ ਅੰਤਰਿਮ ਸਰਕਾਰ 'ਚ ਸ਼ਾਮਿਲ ਹੋ ਗਈ, ਪਰ ਉਸਨੇ 'ਸਿੱਧੀ ਕਾਰਵਾਈ' ਦੀ ਯੋਜਨਾ ਤਿਆਗੀ ਨਹੀਂ। ਉਹ ਸਰਕਾਰ 'ਚ ਵੀ ਸ਼ਾਮਲ ਰਹੀ ਅਤੇ ਦੰਗੇ ਵੀ ਜਾਰੀ ਰਹੇ। ਉੱਧਰ ਦੱਖਣਪੰਥੀ ਹਿੰਦੂ ਪ੍ਰਤਿਕ੍ਰਿਆ ਨੂੰ ਹੱਲ੍ਹਾਸ਼ੇਰੀ ਅਤੇ ਸੁਰੱਖਿਆ ਦੇਣ 'ਚ ਕਾਂਗਰਸ ਦਾ ਸੱਜੇਪੱਖੀ ਧੜਾ ਵੀ ਪਿਛਾਂਹ ਨਹੀਂ ਸੀ।

ਅੰਤਰਿਮ ਸਰਕਾਰ 'ਚ ਸ਼ਾਮਿਲ ਹੋਣ ਦੇ ਬਾਵਜੂਦ ਲੀਗ ਨੇ ਸੰਵਿਧਾਨ ਸਭਾ 'ਚ ਬੈਠਣ ਤੋਂ ਮਨਾ ਕਰ ਦਿੱਤਾ, ਜਿਸਦੀ ਬੈਠਕ 9 ਸਿਤੰਬਰ ਤੋਂ ਸ਼ੁਰੂ ਹੋਣ ਵਾਲ਼ੀ ਸੀ। ਸੰਵਿਧਾਨ ਸਭ ਦੀ ਚੋਣ ਜੂਨ 'ਚ ਹੋ ਚੁੱਕੀ ਸੀ, ਪਰ ਲੀਗ ਅਤੇ ਸਿੱਖਾਂ ਦੇ ਬਾਈਕਾਟ ਕਰਕੇ ਉਸਦੀ ਬੈਠਕ ਸ਼ੁਰੂ ਹੋਣ 'ਚ ਦੇਰੀ ਹੋਈ। ਲੀਗ ਰਾਹੀਂ ਸੰਵਿਧਾਨ ਸਭਾ ਦੇ ਬਾਈਕਾਟ ਦਾ ਭਰਪੂਰ ਫ਼ਾਇਦਾ ਲੈਂਦੇ ਹੋਏ ਬ੍ਰਿਟਿਸ਼ ਸਰਕਾਰ ਨੇ ਭਾਵੀ ਸੰਵਿਧਾਨ 'ਚ ਧਾਰਾਵਾਂ 'ਤੇ ਮਤਦਾਨ ਦੇ ਕ੍ਰਮ 'ਚ ਇੱਕ ਪਰਿਵਰਤਨ ਦਾ ਸੁਝਾਅ ਦਿੱਤਾ। ਉਹ ਇਹ ਸੀ ਕਿ ਜਿਨ੍ਹਾਂ ਸੂਬਿਆਂ ਦੇ ਕਾਫੀ ਪ੍ਰਤੀਨਿਧੀ ਸਭਾ 'ਚ ਹਿੱਸਾ ਨਾ ਲੈ ਰਹੇ ਹੋਣ ਸੰਵਿਧਾਨ ਉਹਨਾਂ 'ਤੇ ਲਾਗੂ ਨਹੀਂ ਹੋਵੇਗਾ। ਇਹ ਮੁਸਲਿਮ ਲੀਗ ਦੇ ਦਾਅਵਿਆਂ ਨੂੰ ਜ਼ੋਰ ਪ੍ਰਦਾਨ ਕਰਨ ਵਾਲ਼ੀ ਬਸਤੀਵਾਦੀ ਸਾਜਿਸ਼ ਸੀ, ਜਿਸਨੂੰ ਸਵੀਕਾਰ ਕਰਕੇ ਕਾਂਗਰਸ ਨੇ ਵੀ ਵੰਡ ਦੀ ਪੂਰਵਪੀਠਿਕਾ ਤਿਆਰ ਕਰਨ 'ਚ ਯੋਗਦਾਨ ਦਿੱਤਾ। ਲੀਗ ਦੀ ਗੈਰ-ਮੌਜੂਦਗੀ 'ਚ ਸੰਵਿਧਾਨ ਸਭਾ ਦੀ ਬੈਠਕ ਨੇ ਬਸ ਇੱਕ ਸਧਾਰਣ ਟੀਚੇ ਸਬੰਧੀ ਮਤਾ ਪਾਸ ਕੀਤਾ, ਜਿਸ 'ਚ ਖੁਦਮੁਖਤਿਆਰ ਇਕਾਈਆਂ ਅਤੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਅਤੇ ਸਮਾਜਿਕ-ਸਿਆਸੀ-ਆਰਥਿਕ ਜਮਹੂਰੀਅਤ ਨਾਲ਼ ਲੈਸ 'ਇੱਕ ਅਜ਼ਾਦਾਨਾ ਖੁਦਮੁਖਤਿਆਰ ਸੰਪੰਨ ਗਣਤੰਤਰ' ਦਾ ਆਦਰਸ਼ ਪੇਸ਼ ਕੀਤਾ ਗਿਆ ਸੀ। ਇਸ ਆਦਰਸ਼ ਦਾ ਅਮਲੀ ਰੂਪ ਅੱਜ ਸਾਡੇ ਸਾਹਮਣੇ ਹੈ। ਇਸ ਆਮ ਟੀਚੇ ਅਤੇ ਆਦਰਸ਼ ਦੇ ਅਨੁਰੂਪ ਜਿਹੜਾ ਸੰਵਿਧਾਨ ਤਿਆਰ ਕੀਤਾ ਗਿਆ, ਉਸਦੀ ਚਰਚਾ ਅੱਗੇ ਕੀਤੀ ਜਾਵੇਗੀ। ਪਰ ਇਸ ਲੋਕਤੰਤਰਿਕ ਗਣਰਾਜ ਦੇ ਐਲਾਨੇ ਆਦਰਸ਼ ਦੀ ਅਸਲੀਅਤ ਉਜਾਗਰ ਕਰਨ ਲਈ ਮਹਿਜ਼ ਇੱਕ ਤੱਥ ਦਾ ਵਰਨਣ ਕਾਫ਼ੀ ਹੈ ਕਿ ਭਾਰਤੀ ਸੰਘ 'ਚ ਸ਼ਾਮਿਲ ਹੋਣ ਵਾਲ਼ੀਆਂ ਦੇਸੀ ਰਿਆਸਤਾਂ 'ਚ ਰਾਜਤੰਤਰ ਕਾਇਮ ਰੱਖਣ ਦੀ ਛੋਟ ਸੀ। ਸੰਵਿਧਾਨ ਸਭਾ 'ਚ ਆਮ ਟੀਚੇ-ਸਬੰਧੀ ਜਿਹੜਾ ਉਪਰੋਕਤ ਮਤਾ ਪਾਸ ਹੋਇਆ ਸੀ, ਉਹ ਕਾਂਗਰਸ ਦੇ ਮੇਰਠ ਸ਼ੈਸ਼ਨ (ਨਵੰਬਰ 1946) 'ਚ ਪਾਸ ਸਿਆਸੀ ਦਿਸ਼ਾ ਦੇ ਅਨੁਰੂਪ ਸੀ।

ਸੰਵਿਧਾਨ ਸਬੰਧੀ ਕਾਂਗਰਸੀ ਵਿਸਾਹਘਾਤ ਨੂੰ ਉਜਾਗਰ ਕਰਨ ਲਈ ਇੱਕ ਤੱਥ ਨੂੰ ਯਾਦ ਦਿਵਾਉਣਾ ਜ਼ਰੂਰੀ ਹੈ। ਮੇਰਠ ਸ਼ੈਸ਼ਨ 'ਚ 'ਸਬਜੇਕਟਸ ਕਮੇਟੀ' ਦੀ ਬੈਠਕ 'ਚ ਬੋਲਦੇ ਹੋਏ ਜਵਾਹਰ ਲਾਲ ਨਹਿਰੂ ਨੇ ਵਾਅਦਾ ਕੀਤਾ ਸੀ ਕਿ ਅਜ਼ਾਦੀ ਮਿਲਣ ਮਗਰੋਂ ਸਰਵਜਨਿਕ ਬਾਲਗ ਵੋਟ ਦੇ ਅਧਿਕਾਰ 'ਤੇ ਅਧਾਰਿਤ ਇੱਕ ਨਵੀਂ ਸੰਵਿਧਾਨ ਸਭਾ ਬੁਲਾਈ ਜਾਵੇਗੀ (ਐੱਸ. ਗੋਪਾਲ ਸੰਪਾਦਿਤ 'ਸੈਲੇਕਟਡ ਵਰਕਸ ਆਫ਼ ਜਵਾਹਰਲਾਲ ਨਹਿਰੂ, ਭਾਗ-1, ਪੰਨਾ 19)। ਪਰ ਸਾਰੇ ਵਾਅਦਿਆਂ ਵਾਗੂੰ ਇਹ ਵਾਅਦਾ ਵੀ ਭੁਲਾ ਦਿੱਤਾ ਗਿਆ। ਇਸ ਮਗਰੋਂ ਕਾਂਗਰਸ ਨੇ ਕਦੇ ਵੀ ਸਰਵਜਨਿਕ ਬਾਲਗ ਵੋਟ ਦੇ ਹੱਕ 'ਤੇ ਅਧਾਰਿਤ ਸੰਵਿਧਾਨ ਸਭਾ ਬੁਲਾਉਣ ਦੀ ਗੱਲ ਨਹੀਂ ਕੀਤੀ। ਜਨਵਰੀ, 1947 'ਚ ਹੀ ਕਾਂਗਰਸ ਨੇ ਸੰਵਿਧਾਨ ਸਭਾ 'ਚ ਦੇਸੀ ਰਿਆਸਤਾਂ ਦੀ ਅਗਵਾਈ ਬਾਰੇ ਰਾਜਿਆਂ ਨਾਲ਼ ਗੱਲਬਾਤ ਲਈ ਇੱਕ ਵਿਸ਼ੇਸ਼ ਕਮੇਟੀ ਬਣਾਈ। ਗੱਲਬਾਤ ਮਗਰੋਂ ਇਹ ਸਮਝੌਤਾ ਹੋਇਆ ਕਿ ਰਿਆਸਤਾਂ ਦੇ ਅੱਧੇ ਪ੍ਰਤੀਨਿਧੀ ਰਾਜਿਆਂ ਰਾਹੀਂ ਨਿਯੁਕਤ ਕੀਤੇ ਹੋਣਗੇ ਅਤੇ ਅੱਧੇ ਚੁਣੇ ਜਾਣਗੇ। ਇਸਦੀ ਪਿੱਠਭੂਮੀ 'ਚ ਤੇਭਾਗਾ, ਪੁਨਪਰਾ-ਵਾਇਲਾਰ, ਤੇਲੰਗਾਨਾ ਤੋਂ ਛੁੱਟ ਕਸ਼ਮੀਰ, ਰਾਜਪੁਤਾਨਾ ਅਤੇ ਮੱਧ ਭਾਰਤ ਦੀਆਂ ਕਈ ਰਿਆਸਤਾਂ 'ਚ ਜਾਰੀ ਜਗੀਰਦਾਰੀ-ਵਿਰੋਧੀ ਲੋਕ ਸੰਘਰਸ਼ ਸਨ, ਜਿਨ੍ਹਾਂ ਦੇ ਚਲਦੇ ਜਗੀਰੂ ਹਾਕਮ ਇਸ ਸਮਝੌਤੇ ਲਈ ਮਜਬੂਰ ਹੋਏ ਸਨ।

ਲੀਗ ਅਤੇ ਕਾਂਗਰਸ ਦੀ ਮਿਲੀ-ਜੁਲੀ ਅੰਤਰਿਮ ਸਰਕਾਰ ਦੇ ਤਜ਼ਰਬਿਆਂ ਤੋਂ ਸਾਫ਼ ਹੁੰਦਾ ਜਾ ਰਿਹਾ ਸੀ ਕਿ ਸੱਤਾ-ਲੋਭ ਅਤੇ ਸੌਦੇਬਾਜ਼ੀ ਦੀ ਸਿਆਸਤ ਦਾ ਰਾਹ ਮੁਲਕ ਦੀ ਵੰਡ ਵੱਲ ਤੇਜ਼ੀ ਨਾਲ਼ ਵੱਧ ਰਿਹਾ ਸੀ। ਵਾਇਸਰਾਏ ਨਾਲ਼ ਮਿਲਣ ਤੋਂ ਪਹਿਲਾਂ ਕੀਤੀ ਜਾਣ ਵਾਲ਼ੀਆਂ ਨਹਿਰੂ ਦੀ ਗੈਰ-ਰਸਮੀ ਕੈਬਨਿਟ ਬੈਠਕਾਂ ਦਾ ਲੀਗ ਬਾਈਕਾਟ ਕਰਦੀ ਸੀ। ਲੀਗੀ ਵਿੱਤ-ਮੰਤਰੀ ਲਿਆਕਤ ਅਲੀ ਖ਼ਾਨ ਨੇ ਫ਼ਰਵਰੀ 1947 'ਚ ਪੇਸ਼ ਬਜਟ 'ਚ ਵੱਡੇ ਸਨਅਤਕਾਰਾਂ 'ਤੇ ਮੋਟਾ ਟੈਕਸ ਲਗਾ ਕੇ ਕਾਂਗਰਸ 'ਤੇ ਵੱਡੀ ਸੱਟ ਮਾਰੀ। ਇਹ ਵੱਡੇ ਸਨਅਤਕਾਰ ਕਾਂਗਰਸ ਦੇ ਮੁੱਖ ਸਮਰਥਕ ਸਨ ਅਤੇ ਉਹਨਾਂ ਦੇ ਹਿੱਤਾਂ 'ਤੇ ਸੱਟ ਉਹ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ ਸੀ। ਇਸਦੀ ਬਜਾਏ ਉਹ ਦੇਸ਼ ਦੀ ਵੰਡ ਨੂੰ

ਚੁਣਨਾ ਬਿਹਤਰ ਸਮਝਦੀ, ਇਸਨੂੰ ਲੀਗ ਵੀ ਸਮਝਦੀ ਸੀ ਅਤੇ ਫਿਰੰਗੀ ਵੀ। ਨੋਆਖਾਲੀ, ਕਲਕੱਤਾ, ਬਿਹਾਰ ਅਤੇ ਪੰਜਾਬ ਦੇ ਦੰਗਿਆਂ ਮਗਰੋਂ ਜ਼ਿਆਦਾਤਰ ਕਾਂਗਰਸੀਆਂ ਦੇ ਧਰਮ-ਨਿਰਪੱਖ ਆਦਰਸ਼ ਕਾਫ਼ੂਰ ਹੋਣ ਲੱਗੇ ਸਨ ਅਤੇ ਸੱਜੇਪੱਖੀ ਕਾਂਗਰਸੀ ਧੜੇ ਦਾ ਜੱਥੇਬੰਦਕ ਅਧਾਰ ਬਹੁਤ ਮਜ਼ਬੂਤ ਹੋ ਗਿਆ ਸੀ। ਨਹਿਰੂ ਨੂੰ ਕਿਸੇ ਵੀ ਸਥਿਤੀ 'ਚ ਸੱਤਾ 'ਤੇ ਕਾਬਜ਼ ਹੋਣ ਦੀ ਕਾਹਲੀ ਸੀ। ਮਜ਼ਦੂਰਾਂ-ਕਿਸਾਨਾਂ ਦੇ ਜੁਝਾਰੂ ਜਮਾਤੀ-ਸੰਘਰਸ਼ਾਂ ਅਤੇ ਕਮਿਊਨਿਜ਼ਮ ਦੀ ਲਹਿਰ ਤੋਂ ਉਹ ਵੀ ਕਿਸੇ ਹੋਰ ਬੁਰਜੂਆ ਆਗੂ (ਬੁਰਜੂਆ ਤੋਂ ਭਾਵ ਪੂੰਜੀਵਾਦੀ ਹੈ-ਅਨੁ) ਤੋਂ ਘੱਟ ਦਹਿਸ਼ਤ 'ਚ ਨਹੀਂ ਸਨ। ਆਪਣੇ ਧਰਮ-ਨਿਰਪੱਖ ਆਦਰਸ਼ਾਂ ਨੂੰ ਲੈ ਕੇ ਉਹ ਇਸ ਹੱਦ ਤੱਕ ਜਾਣ ਨੂੰ ਤਿਆਰ ਨਹੀਂ ਸੀ ਕਿ ਸਾਮਰਜਾਵਾਦ-ਵਿਰੋਧੀ ਜੁਝਾਰੂ ਲੋਕ ਸੰਘਰਸ਼ ਦਾ ਰਾਹ ਚੁਣ ਲੈਂਦੇ। ਗਾਂਧੀ ਇਸ ਦੌਰ 'ਚ ਇੱਕ ਈਮਾਨਦਾਰ ਪੂੰਜੀਵਾਦੀ ਮਨੁੱਖਤਾਵਾਦੀ ਦੀ ਤਰ੍ਹਾਂ ਦੰਗਿਆਂ ਦੀ ਲਹਿਰ, ਵੰਡ ਦਾ ਵਿਰੋਧ ਕਰ ਰਹੇ ਸਨ। ਪਰ ਉਨ੍ਹਾਂ ਦੀ ਸਥਿਤੀ ਹੁਣ ਪੂੰਜੀਪਤੀ ਜਮਾਤ ਦੇ ਸਿਆਸੀ ਪ੍ਰਤੀਨਿਧੀ, ਨੀਤੀ-ਘਾੜੇ ਅਤੇ ਯੁੱਧ-ਨੀਤੀ-ਘਾੜੇ ਦੀ ਨਹੀਂ ਰਹਿ ਗਈ ਸੀ। ਉਹਨਾਂ ਦੇ 'ਹਿੰਦ-ਸਵਰਾਜ' ਅਤੇ 'ਗ੍ਰਾਮ ਸਵਰਾਜ' ਦੇ ਯੂਟੋਪੀਆ ਦੀ ਲੋੜ ਭਾਰਤੀ ਪੂੰਜੀਪਤੀ ਜਮਾਤ ਨੂੰ ਤਦ ਤੱਕ ਸੀ, ਜਦ ਤੱਕ ਅੰਗਰੇਜ਼ਾਂ 'ਤੇ ਦਬਾਅ ਬਣਾਉਣ ਲਈ ਵਿਆਪਕ ਕਿਸਾਨ ਅਬਾਦੀ ਅਤੇ ਸ਼ਹਿਰੀ ਮੱਧਵਰਗ ਦੇ ਸੰਘਰਸ਼ਾਂ ਦੀ ਲੋੜ ਸੀ। ਹੁਣ ਪੂੰਜੀਪਤੀ ਜਮਾਤ ਨੂੰ ਗਾਂਧੀ ਦੀ ਨਹੀਂ, ਸਗੋਂ ਨਹਿਰੂ ਅਤੇ ਪਟੇਲ ਦੀ ਲੋੜ ਸੀ। ਨਤੀਜੇ ਦੇ ਤੌਰ 'ਤੇ, ਗਾਂਧੀ, ਇੱਕ ਜੀਵਤ ਮੂਰਤੀ ਬਣਾ ਕੇ ਕੰਢੇ ਲਾ ਦਿੱਤੇ ਗਏ ਸਨ। ਫਿਰਕੂ ਦੰਗਿਆਂ ਅਤੇ ਮਿਲੀ-ਜੁਲੀ ਸਰਕਾਰ ਵੀ ਅਵਿਵਹਾਰਿਕਤਾ ਦੇ ਚਲਦੇ ਨਾ ਸਿਰਫ਼ ਬਹੁਗਿਣਤੀ ਕਾਂਗਰਸੀ ਹੁਣ ਵੰਡ ਨੂੰ ਮਹਿਜ਼ ਇੱਕ ਬਦਲ ਮੰਨਣ ਲੱਗੇ ਸਨ, ਸਗੋਂ ਪੰਜਾਬ ਅਤੇ ਬੰਗਾਲ ਦੇ ਹਿੰਦੂ ਅਤੇ ਸਿੱਖ ਫਿਰਕੂ ਵੀ ਹੁਣ ਪੁਰਜ਼ੋਰ ਤਰੀਕੇ ਨਾਲ਼ ਵੰਡ ਦਾ ਸਮਰਥਨ ਕਰਨ ਲੱਗੇ ਸਨ। ਸੌਦੇਬਾਜ਼ੀ, ਸਮਝੌਤਿਆਂ ਅਤੇ ਅੰਤਰਿਮ ਸਰਕਾਰਾਂ ਚਲਾਉਣ ਦੀ ਪੂੰਜੀਵਾਦੀ ਸਿਆਸਤ ਦਾ ਇਹ ਤਰਕਸ਼ੀਲ ਸਿੱਟਾ ਸੀ ਕਿ ਦੇਸ਼-ਵੰਡ ਦੀਆਂ ਬਸਤੀਵਾਦੀ ਸਾਜ਼ਿਸ਼ਾਂ ਲਗਾਤਾਰ ਕਾਮਯਾਬੀ ਵੱਲ ਅੱਗੇ ਵੱਧ ਰਹੀਆਂ ਸਨ। ਪਹਿਲਾਂ ਵੀ ਇਹ ਚਰਚਾ ਕੀਤੀ ਜਾ ਚੁੱਕੀ ਹੈ ਕਿ ਸਿਰਫ਼ ਸਾਮਰਾਜਵਾਦ-ਵਿਰੋਧੀ, ਜਗੀਰਦਾਰੀ-ਵਿਰੋਧੀ ਜੁਝਾਰੂ ਲੋਕ-ਸੰਘਰਸ਼ ਹੀ ਫਿਰਕੂ ਸਿਆਸਤ ਨੂੰ ਖ਼ਤਮ ਕਰ ਸਕਦੇ ਸਨ, ਪਰ ਕਾਂਗਰਸ ਦੀ ਪੂੰਜੀਵਾਦੀ ਲੀਡਰਸ਼ਿਪ ਇਸ ਰਸਤੇ ਨੂੰ ਚੁਣਨ ਲਈ ਕਦੇ ਵੀ ਤਿਆਰ ਨਹੀਂ ਸੀ। ਇਸ ਦੌਰ ਬਾਰੇ ਇਤਿਹਾਸਕਾਰ ਸੁਮਿਤ ਸਰਕਾਰ ਨੇ ਲਿਖਿਆ ਹੈ: **"ਇੰਨਾ ਤਾਂ ਕਿਹਾ ਜਾ ਸਕਦਾ ਹੈ ਕਿ ਮਹਿਜ਼ ਇੱਕ ਬਦਲ ਸਾਮਰਾਜਵਾਦ ਅਤੇ ਇਸਦੇ ਭਾਰਤੀ ਮਿੱਤਰਾਂ ਵਿਰੁੱਧ ਸੰਯੁਕਤ ਅਤੇ ਜੁਝਾਰੂ ਲੋਕ ਸੰਘਰਸ਼ ਦਾ ਹੀ ਰਾਹ ਸੀ, ਇਹ ਅਜਿਹੀ ਗੱਲ ਸੀ ਜਿਸ ਨਾਲ਼, ਜਿਵੇਂ ਕਿ ਅਸੀਂ ਵਾਰੀ-ਵਾਰੀ ਦੇਖਿਆ, ਫਿਰੰਗੀ ਸੱਚੀਓਂ ਡਰਦੇ ਸਨ। ਦੰਗਿਆਂ ਰਾਹੀਂ ਸਪੱਸ਼ਟ ਰੂਪ ਨਾਲ਼ ਰੁਕਾਵਟ ਹੋਣ ਦੇ ਬਾਵਜੂਦ ਇਹ ਗੁੰਜਾਇਸ਼ 1946-47 ਦੀ ਠੰਡ ਤੱਕ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਸੀ। ਅਗਸਤ ਦੇ ਦੰਗਿਆਂ ਦੇ ਪੰਜ ਮਹੀਨਿਆਂ ਮਗਰੋਂ, 21 ਜਨਵਰੀ 1947 ਨੂੰ ਕੱਲਕਤਾ ਦੇ ਵਿਦਿਆਰਥੀ ਮੁੜ ਸੜਕਾਂ 'ਤੇ ਨਿਕਲ ਆਏ ਅਤੇ 'ਵੀਅਤਨਾਮ ਤੋਂ ਦੂਰ ਰਹੋ' ਵਾਲ਼ੇ ਵਿਖਾਵੇ 'ਚ ਫਰਾਂਸੀਸੀ ਹਵਾਈ-ਸਾਧਨਾਂ ਰਾਹੀਂ ਦਮਦਮ ਹਵਾਈ ਅੱਡੇ ਦੀ ਵਰਤੋਂ ਕੀਤੇ ਜਾਣ ਦਾ ਵਿਰੋਧ ਕਰ ਰਹੇ ਸਨ। ਇਸੇ ਦਿਨ ਕਮਿਊਨਿਸਟ ਲੀਡਰਸ਼ਿਪ 'ਚ ਹੋਈ ਬੇਹੱਦ ਜੱਥੇਬੰਦ ਅਤੇ ਅੰਤ 'ਚ ਜੇਤੂ, 85 ਦਿਨਾਂ ਦੀ ਟਰਾਮ ਹੜ੍ਹਤਾਲ 'ਚ ਜਾਪਦਾ ਸੀ ਕਿ ਸਾਰੇ ਫਿਰਕੂ ਵਿਤਕਰੇ ਭੁਲਾ ਦਿੱਤੇ ਗਏ ਹਨ। ਇਸਦੇ ਤੁਰੰਤ ਮਗਰੋਂ ਹੀ ਬੰਦਰਗਾਹ ਦੇ ਕਰਮਚਾਰੀਆਂ ਅਤੇ ਹਾਵੜਾ ਦੇ ਇੰਜਨਿਅਰਿੰਗ ਵਰਕਰਾਂ ਨੇ ਵੀ ਹੜਤਾਲਾਂ ਕੀਤੀਆਂ। ਅਸਲ 'ਚ ਜਨਵਰੀ ਅਤੇ ਫਰਵਰੀ 'ਚ ਤਾਂ ਹੜਤਾਲਾਂ ਦੀ ਨਵੀਂ ਲਹਿਰ ਜਿਹੀ ਆ ਗਈ ਸੀ। ਕਾਨਪੁਰ ਦੀਆਂ ਕੱਪੜਾ ਮਿੱਲਾਂ 'ਚ 1,00,000 ਲੋਕ ਹੜਤਾਲ 'ਤੇ ਸਨ, ਕੋਇਲਾ ਰੋਕ ਦੇਣ ਦੀ ਧਮਕੀ ਦਿੱਤੀ ਗਈ ਸੀ ਅਤੇ ਕੋਇਬੰਟੂਰ, ਕਰਾਚੀ ਅਤੇ ਹੋਰ ਸਥਾਨਾਂ 'ਤੇ ਵੀ "ਮੁੱਖ ਤੌਰ 'ਤੇ ਕਮਿਊਨਿਸਟ ਲਹਿਰ" ਕਾਰਨ ਹੜ੍ਹਤਾਲਾਂ ਹੋਈਆਂ** (ਵੇਵੇਲ ਰਾਹੀਂ ਕਿਰਤ ਮੰਤਰੀ ਜਗਜੀਵਨ ਰਾਮ ਦਾ ਹਵਾਲਾ, 14 ਜਨਵਰੀ 1947, ਵਾਇਸਰਾਏ ਜਰਨਲ, ਪੰਨਾ 410)। 18 ਜਨਵਰੀ ਨੂੰ ਬਿਰਲਾ ਨੇ ਗਾਂਧੀ ਜੀ ਦੇ ਸੱਕਤਰ ਪਿਆਰੇ ਲਾਲ ਨੂੰ ਸ਼ਿਕਾਇਤ ਕੀਤੀ ਕਿ **"ਹਰ ਜਗ੍ਹਾ ਹੜਤਾਲਾਂ ਹੋ ਰਹੀਆਂ ਹਨ... ਹਰ ਕੋਈ ਵੱਧ ਮਿਹਨਤਾਨਾ ਅਤੇ ਘੱਟ ਕੰਮ ਕਰਨਾ ਚਾਹੁੰਦਾ ਹੈ"** (ਜੀ. ਡੀ. ਬਿਰਲਾ, ਬਾਪੂ, ਭਾਗ-1, ਪੰਨਾ 434)। **ਜਦ ਕਿ ਇਹ ਹੜਤਾਲਾਂ ਸ਼ੁੱਧ ਰੂਪ ਨਾਲ਼ ਆਰਥਿਕ ਮੰਗਾਂ 'ਤੇ ਅਧਾਰਿਤ ਸਨ, ਕਮੀ ਸੀ ਤਾਂ ਲੋੜੀਂਦੇ ਪ੍ਰਭਾਵੀ ਅਤੇ ਦ੍ਰਿੜ ਸੰਕਲਪ ਵਾਲ਼ੀ ਸਿਆਸੀ ਲੀਡਰਸ਼ਿਪ ਦੀ।"** (ਆਧੁਨਿਕ ਭਾਰਤ, ਪੰਨਾ 460)।

ਜ਼ਾਹਿਰ ਹੈ ਕਿ ਲੋਕ ਸੰਘਰਸ਼ਾਂ ਦੀਆਂ ਕੜੀਆਂ ਪਿਰੋ ਕੇ ਇੱਕ ਦੇਸ਼ ਵਿਆਪੀ ਸਮਾਜਰਾਜਵਾਦ-ਵਿਰੋਧੀ ਲੋਕ ਉਭਾਰ ਦੀਆਂ ਹਾਲਤਾਂ ਉਸਾਰਨ ਦੀ ਜ਼ਿੰਮੇਵਾਰੀ ਕਾਂਗਰਸ ਦੀ ਪੂੰਜੀਵਾਦੀ ਲੀਡਰਸ਼ਿਪ ਨਹੀਂ ਨਿਭਾ ਸਕਦੀ ਸੀ। ਉਸਦਾ ਸਮਝੌਤਾਪ੍ਰਸਤ ਚਰਿੱਤਰ ਹੁਣ ਤੱਕ ਸਾਫ਼ ਹੋ ਕੇ ਸਾਮ੍ਹਣੇ ਆ ਚੁੱਕਿਆ ਸੀ। ਵਿਡੰਬਨਾ ਇਹ ਸੀ ਕਿ ਸ਼ੁਰੂ ਤੋਂ ਹੀ ਵਿਚਾਰਧਾਰਕ ਕਮਜ਼ੋਰੀਆਂ ਨਾਲ਼ ਗ੍ਰਸਤ ਅਤੇ ਗ਼ੈਰ-ਬਾਲਸ਼ਵਿਕ ਢਾਂਚੇ ਅਤੇ ਕਾਰਜਪ੍ਰਣਾਲੀ ਵਾਲ਼ੀ ਕਮਿਊਨਿਸਟ ਪਾਰਟੀ ਵੀ ਇਸ ਦਿਸ਼ਾ 'ਚ ਅੱਗੇ ਵੱਧ ਕੇ ਪਹਿਲ ਲੈ ਲੈਣ ਦੀ ਹਾਲਤ 'ਚ ਨਹੀਂ ਸੀ। ਪੀ. ਸੀ. ਜੋਸ਼ੀ ਦੀ ਸੱਜੇਪੱਖੀ ਭਟਕਾਅ ਦੀ ਲਾਈਨ ਨੇ ਲਗਭਗ ਇੱਕ ਦਹਾਕੇ ਮਗਰੋਂ ਪਾਰਟੀ ਦੀ ਰਹੀ-ਸਹੀ ਫੈਸਲਾ ਲੈਣ ਦੀ ਤਾਕਤ ਅਤੇ ਜੁਝਾਰੂਪਣ ਨੂੰ ਕਾਫ਼ੀ ਹੱਦ ਤੱਕ ਖਿੰਡਾ-ਪੁਡਾ ਦਿੱਤਾ ਸੀ।

ਗੱਲ ਉਦੋਂ ਹੋਰ ਸਪਸ਼ਟ ਹੋ ਜਾਂਦੀ ਹੈ, ਜਦੋਂ ਅਸੀਂ 1946-48 ਦੇ ਕਿਸਾਨ ਸੰਘਰਸ਼ਾਂ ਦੇ ਦੇਸ਼ਵਿਆਪੀ ਦ੍ਰਿਸ਼ 'ਤੇ ਨਜ਼ਰ ਮਾਰਦੇ ਹਾਂ ਤਾਂ ਅਜਿਹਾ ਜਾਪਦਾ ਹੈ ਕਿ ਇਤਿਹਾਸਕ ਸੰਕਰਮਣ ਦੇ ਉਸ ਦੌਰ ਵਿੱਚ ਕਿਸਾਨ ਅਬਾਦੀ ਜ਼ਰਈ-ਇਨਕਲਾਬ ਨੂੰ ਅੱਗੇ ਗਤੀ ਦਿੰਦੇ ਹੋਏ ਬਸਤੀਵਾਦ ਦੀ ਰੀੜ੍ਹ ਤੋੜ ਦੇਣ ਲਈ ਤਿਆਰ ਸੀ ਅਤੇ ਦੇਸ਼ ਦੇ ਕਈ ਇਲਾਕਿਆਂ 'ਚ

ਲੋਕਯੁੱਧ ਦੀ ਸ਼ੁਰੂਆਤ ਹੋ ਸਕਦੀ ਸੀ। ਗਰਾਸਰੂਟ ਪੱਧਰ 'ਤੇ ਕਮਿਊਨਿਸਟ ਜੱਥੇਬੰਦਕ ਹੀ ਕਿਸਾਨ ਸੰਘਰਸ਼ਾਂ ਨੂੰ ਅਗਵਾਈ ਦੇ ਰਹੇ ਸਨ, ਪਰ ਚੋਟੀ ਦੀ ਲੀਡਰਸ਼ਿਪ ਕੋਲ਼ ਉਹਨਾਂ ਨੂੰ ਜੋੜ ਕੇ ਦੇਸ਼ ਪੱਧਰ 'ਤੇ ਕਿਸਾਨ ਛਾਪਾਮਾਰ ਸੰਘਰਸ਼ਾਂ ਅਤੇ ਸਾਮਰਾਜਵਾਦ-ਵਿਰੋਧੀ ਦੇਸ਼ ਵਿਆਪੀ ਲੋਕ-ਵਿਦਰੋਹ ਦੀ ਕੋਈ ਯੋਜਨਾ ਹੀ ਨਹੀਂ ਸੀ। ਇੰਞ ਕਹੋ ਕਿ ਸੰਕਲਪ-ਸ਼ਕਤੀ ਹੀ ਨਹੀਂ ਸੀ। ਇਸ ਇਤਿਹਾਸਿਕ ਮੌਕੇ ਤੋਂ ਖੁੰਝਣ ਮਗਰੋਂ ਪਾਰਟੀ ਦੇ ਕੁਰਾਹੇ ਪੈਣ ਦੀ ਪ੍ਰਕ੍ਰਿਆ ਹੋਰ ਤੇਜ਼ ਹੋ ਗਈ। ਰਹੀ-ਸਹੀ ਕਸਰ 1948-50 ਦੌਰਾਨ ਨਵੇਂ ਮਹਾਂ ਸਕੱਤਰ ਬੀ.ਟੀ. ਰਣਦੀਵੇ ਦੀ "ਖੱਬੇਪੱਖੀ" ਭਟਕਾਅਗ੍ਰਸਤ ਲਾਈਨ ਨੇ ਪੂਰੀ ਕਰ ਦਿੱਤੀ। ਫਿਰ 1951 ਤੋਂ ਤਾਂ ਪਾਰਟੀ ਹੀ ਇੱਕ ਸੰਸਦੀ ਖੱਬੇਪੱਖੀ ਪਾਰਟੀ ਬਣ ਗਈ।

### ਤੇਭਾਗਾ, ਪੁਨਪਰਾ-ਵਾਇਲਾਰ ਅਤੇ ਤੇਲੰਗਾਨਾ

ਜਿਸ ਸਮੇਂ ਕਾਂਗਰਸ ਦੇ ਆਗੂ ਸੱਤਾ ਹਾਸਲ ਕਰਨ ਦੀ ਬੇਅਕਲੀ 'ਚ ਲਗਾਤਾਰ ਸੌਦੇਬਾਜ਼ੀਆਂ 'ਚ ਮਸ਼ਗੂਲ ਸਨ ਅਤੇ ਵੰਡ ਦਾ ਸਾਮਰਾਜਵਾਦੀ ਕੁਚੱਕਰ ਤੇਜ਼ੀ ਨਾਲ਼ ਕਾਮਯਾਬੀ ਵੱਲ ਵੱਧ ਰਿਹਾ ਸੀ, ਫਿਰਕੂ ਵਿਨਾਸ਼-ਲੀਲਾ ਉਭਾਰ 'ਤੇ ਸੀ ਅਤੇ ਭਾਰਤੀ ਪੂੰਜੀਪਤੀ ਜਮਾਤ ਦੇ ਸਿਆਸੀ ਨੁਮਾਇੰਦੇ ਲੋਥਾਂ ਥਾਣੀਂ ਲੰਘ ਕੇ ਸੱਤਾ 'ਤੇ ਕਾਬਜ਼ ਹੋਣ ਨੂੰ ਬੇਤਾਬ ਸਨ, ਉਸ ਸਮੇਂ ਤੇਲੰਗਾਨਾ, ਆਂਧਰਾ, ਕੇਰਲਾ, ਬੰਗਾਲ, ਪੰਜਾਬ, ਉੱਤਰ ਪ੍ਰਦੇਸ਼ ਅਤੇ ਕਈ ਹੋਰ ਇਲਾਕਿਆਂ 'ਚ ਕਮਿਊਨਿਸਟ ਲੀਡਰਸ਼ਿਪ 'ਚ ਭੂਮੀ-ਸੰਘਰਸ਼ ਉਭਾਰ 'ਤੇ ਸਨ। ਇਨ੍ਹਾਂ 'ਚ ਤੇਲੰਗਾਨਾ, ਤੇਭਾਗਾ ਅਤੇ ਪੁਨਪਰਾ-ਵਾਇਲਾਰ ਦੇ ਕਿਸਾਨ-ਸੰਘਰਸ਼ ਇਤਿਹਾਸ ਪ੍ਰਸਿੱਧ ਹਨ।

ਬੰਗਾਲ ਦੀ ਤੇਭਾਗਾ ਲਹਿਰ ਅਸਾਮੀ ਕਾਸ਼ਤਕਾਰਾਂ ਅਤੇ ਬਟਾਈਦਾਰਾਂ (ਬਰਗਾਦਾਰਾਂ ਅਤੇ ਅਧਿਆਰਾਂ) ਦੀ ਲਹਿਰ ਸੀ। ਉਹਨਾਂ ਦੀ ਮੰਗ ਸੀ ਕਿ ਜੋਤਦਾਰਾਂ ਨੂੰ ਦਿੱਤਾ ਜਾਣ ਵਾਲ਼ਾ ਲਗਾਨ ਉਪਜ ਦਾ ਇੱਕ ਤਿਹਾਈ ਹੋਣਾ ਚਾਹੀਦਾ ਹੈ। ਜੰਗਲ ਦੀ ਅੱਗ ਵਾਂਗੂੰ ਇਹ ਲਹਿਰ ਸਿਤੰਬਰ 1946 ਤੋਂ ਸ਼ੁਰੂ ਹੋ ਕੇ ਛੇਤੀ ਹੀ ਬੰਗਾਲ ਦੇ ਗਿਆਰਾਂ ਜ਼ਿਲ੍ਹਿਆਂ 'ਚ ਫੈਲ ਗਈ। ਕਲਕੱਤਾ ਅਤੇ ਨੋਆਖਾਲੀ ਦੇ ਦੰਗਿਆ ਦੇ ਬਾਵਜੂਦ ਇਸ 'ਚ ਹਿੰਦੂ-ਮੁਸਲਮਾਨ ਬਰਗਾਦਾਰਾਂ ਅਤੇ ਅਧਿਆਰਾਂ ਨੇ ਇੱਕ ਹੋ ਕੇ ਹਿੱਸਾ ਲਿਆ। ਪੁਲਿਸ ਦੀਆਂ ਤਾਜ਼ੀਰੀ ਟੁਕੜੀਆਂ ਅਤੇ ਜਗੀਰਦਾਰਾਂ ਦੇ ਗੁੰਡਿਆਂ ਵਿਰੁੱਧ ਜਲਦੀ ਹੀ ਕਿਸਾਨਾਂ ਨੇ ਛਾਪਾਮਾਰ ਸੰਘਰਸ਼ ਦੀ ਰਾਹ ਫੜ ਲਈ। ਇਸ 'ਚ ਭਾਗ ਲੈਣ ਵਾਲ਼ੇ ਕਿਸਾਨਾਂ ਦੀ ਗਿਣਤੀ 50 ਲੱਖ ਤੱਕ ਜਾ ਪਹੁੰਚੀ। ਅੱਗ 'ਤੇ ਪਾਣੀ ਦੇ ਛਿੱਟੇ ਮਾਰਨ ਲਈ ਬੰਗਾਲ ਦੀ ਮੁਸਲਿਮ ਲੀਗ ਸਰਕਾਰ ਨੇ ਬਿਲ ਪੇਸ਼ ਕੀਤਾ (ਜਿਹੜਾ 1950 'ਚ ਜਾ ਕੇ ਕਾਨੂੰਨ ਬਣ ਸਕਿਆ ਅਤੇ ਉਹ ਵੀ ਪ੍ਰਭਾਵੀ ਢੰਗ ਨਾਲ਼ ਕਦੇ ਲਾਗੂ ਨਹੀਂ ਹੋਇਆ)। ਇਹ ਸਾਜ਼ਿਸ਼ ਵੀ ਜਦੋਂ ਕੰਮ ਨਾ ਆਈ ਤਾਂ ਫਰਵਰੀ 1947 'ਚ ਉਸਨੇ ਜ਼ਬਰਦਸਤ ਦਮਨ-ਚੱਕਰ ਚਲਾਇਆ। 49 ਕਿਸਾਨ ਸ਼ਹੀਦ ਹੋਏ, ਹਜ਼ਾਰਾਂ ਫੱਟੜ ਹੋਏ ਅਤੇ ਪਿੰਡਾਂ 'ਚ ਬਰਬਰ ਪੁਲਿਸ ਜ਼ੁਲਮ ਹੋਇਆ। ਗੌਰ ਕਰਨ ਯੋਗ ਹੈ ਕਿ ਕਾਂਗਰਸੀਆਂ ਨੇ ਲੀਗ ਸਰਕਾਰ ਦੇ ਇਸ ਜ਼ਬਰ-ਚੱਕਰ 'ਤੇ ਚੂੰ ਤੱਕ ਦੀ ਅਵਾਜ਼ ਨਹੀਂ ਕੱਢੀ। ਕਿਸਾਨ ਟਾਕਰੇ ਲਈ ਹਥਿਆਰਾਂ ਦੀ ਮੰਗ ਕਰ ਰਹੇ ਸਨ, ਪਰ ਕਮਿਊਨਿਸਟ ਪਾਰਟੀ ਹਥਿਆਰਬੰਦ ਸੰਘਰਸ਼ ਲਈ ਤਿਆਰ ਹੀ ਨਹੀਂ ਸੀ। ਅੰਤ 'ਚ ਮਾਰਚ ਤੱਕ ਆਉਂਦੇ-ਆਉਂਦੇ ਉਤਰਾਅ ਦੇ ਦੌਰ ਦੀ ਸ਼ੁਰੂਆਤ ਹੋ ਚੁੱਕੀ ਸੀ। 27 ਮਾਰਚ ਨੂੰ ਕਲਕੱਤਾ 'ਚ ਨਵੇਂ ਸਿਰੇ ਤੋਂ ਦੰਗੇ ਸ਼ੁਰੂ ਹੋਣ ਅਤੇ 28 ਮਾਰਚ ਨੂੰ ਹਿੰਦੂ ਮਹਾਂਸਭਾ ਰਾਹੀਂ ਬੰਗਾਲ ਵੰਡ ਲਈ ਸੰਘਰਸ਼ ਸ਼ੁਰੂ ਕੀਤੇ ਜਾਣ ਮਗਰੋਂ ਤੇਭਾਗਾ ਲਹਿਰ ਦਾ ਖਤਮ ਹੋਣਾ ਤੈਅ ਹੋ ਗਿਆ ਸੀ।

ਪੁਨਪਰਾ ਅਤੇ ਵਾਇਲਾਰ ਉੱਤਰ-ਪੱਛਮੀ ਤਰਾਵਣਕੋਰ ਦੇ ਸ਼ੇਰਤਲਾਈ-ਅਲੇਪੀ-ਅੰਬਾਲਪੁਜਾ ਇਲਾਕੇ ਦੇ ਦੋ ਪਿੰਡ ਹਨ ਜਿਹਨਾਂ ਨੂੰ ਸ਼ਾਨਾਮਤੇ ਕਿਸਾਨ ਸੰਘਰਸ਼ਾਂ ਦੌਰਾਨ ਹੋਈਆਂ ਸ਼ਹਾਦਤਾਂ ਨੇ ਅਮਰ ਬਣਾ ਦਿੱਤਾ। ਇਸ ਇਲਾਕੇ 'ਚ 1946 'ਚ ਕਮਿਊਨਿਸਟਾਂ ਨੇ ਨਾਰੀਅਲ ਦੇ ਰੇਸ਼ਿਆਂ ਦਾ ਕੰਮ ਕਰਨ ਵਾਲ਼ੇ ਕਾਮਿਆਂ,ਮਛੇਰਿਆਂ ਅਤੇ ਖੇਤ ਮਜ਼ਦੂਰਾਂ 'ਚ ਤਕੜਾ ਅਧਾਰ ਬਣਾ ਲਿਆ ਸੀ। ਮਜ਼ਦੂਰ-ਕਿਸਾਨ ਸਾਂਝੇ ਮੋਰਚੇ ਦੀ ਇੱਕ ਸ਼ਾਨਦਾਰ ਉਦਾਹਰਣ ਉੱਥੇ ਤਿਆਰ ਹੋਈ ਸੀ। ਕਿਰਤੀਆਂ ਨੇ ਏਕਤਾ ਦੇ ਜ਼ੋਰ 'ਤੇ ਕਈ ਪ੍ਰਾਪਤੀਆਂ ਹਾਸਿਲ ਕਰ ਲਈਆਂ ਸਨ। ਇਸ ਦਰਮਿਆਨ ਤਰਾਣਵਕੋਰ ਰਿਆਸਤ ਦਾ ਦੀਵਾਨ ਰਾਮਾਸਵਾਮੀ ਅਇਅਰ ਫਿਰੰਗੀਆਂ ਨਾਲ਼ ਚਲੇ ਜਾਣ ਮਗਰੋਂ ਖੁਦ ਆਪਣੇ ਕੰਟਰੋਲ 'ਚ ਅਜ਼ਾਦਾਨਾ ਤਰਾਣਵਕੋਰ ਦੀ ਮਹਤੱਵਕਾਂਖਿਆਈ ਯੋਜਨਾ ਬਣਾ ਰਿਹਾ ਸੀ। ਸਥਾਨਕ ਕਾਂਗਰਸੀ ਆਗੂ ਕਮਿਊਨਿਸਟ ਲੀਡਰਸ਼ਿਪ ਵਾਲ਼ੀ ਮਜ਼ਦੂਰ-ਕਿਸਾਨ ਲਹਿਰ ਦਾ ਧੁਰ ਵਿਰੋਧੀ ਸੀ ਅਤੇ ਦੀਵਾਨ ਨਾਲ਼ ਸਮਝੌਤਾਵਾਦੀ ਰੁਖ ਅਪਣਾ ਰਿਹਾ ਸੀ। ਪਰ ਕਮਿਊਨਿਸਟ ਲੀਡਰਸ਼ਿਪ ਨੇ ਦੀਵਾਨ ਦੇ ਮਨਸੂਬਿਆਂ ਵਿਰੁੱਧ ਪ੍ਰਚੰਡ ਲੋਕ ਲਹਿਰ ਛੇੜ ਦਿੱਤੀ। ਰਿਆਸਤ ਦੀ ਸਰਕਾਰ ਨੇ ਬਰਬਰ ਜ਼ਬਰ-ਚੱਕਰ ਚਲਾਇਆ। ਆਤਮ ਰੱਖਿਆ ਦੀ ਦ੍ਰਿਸ਼ਟੀ ਨਾਲ਼ ਸਤਾਏ ਹੋਏ ਕਾਮਿਆਂ ਦੇ ਕੈਂਪਾਂ 'ਚ ਕਮਿਊਨਿਸਟ ਵਲੰਟੀਅਰਾਂ ਨੇ ਥੋੜੀ ਫੌਜੀ ਟਰੇਨਿੰਗ ਵੀ ਦੇਣੀ ਸ਼ੁਰੂ ਕੀਤੀ। 22 ਅਕਤੂਬਰ ਨੂੰ ਅਲੇਪੀ-ਸ਼ੇਰਤਲਾਈ ਇਲਾਕੇ 'ਚ ਇੱਕ ਸਿਆਸੀ ਆਮ ਹੜਤਾਲ ਦੀ ਸ਼ੁਰੂਆਤ ਹੋਈ। ਦੋ ਦਿਨ ਮਗਰੋਂ ਪੁਨਪਰਾ ਪਿੰਡ ਦੇ ਪੁਲਿਸ ਕੈਂਪ 'ਤੇ ਕਿਸਾਨ-ਮਜ਼ਦੂਰ ਵਲੰਟੀਅਰ ਦਸਤਿਆਂ ਨੇ ਹਮਲਾ ਕਰਕੇ ਹਥਿਆਰ ਖੋਹ ਲਏ। 25 ਅਕਤੂਬਰ ਨੂੰ ਮਾਰਸ਼ਲ ਲਾਅ ਲਾਗੂ ਹੋਣ ਮਗਰੋਂ ਵਲੰਟੀਅਰਾਂ ਦੇ ਮੁੱਖ ਦਫ਼ਤਰ 'ਤੇ ਫੌਜ ਨੇ ਹਮਲਾ ਬੋਲ ਦਿੱਤਾ। ਪੁਨਪਰਾ-ਵਾਇਲਾਰ ਦੇ ਸੰਖੇਪ ਖ਼ੂਨੀ-ਵਿਦਰੋਹ 'ਚ ਕਰੀਬ 800 ਲੋਕ ਮਾਰੇ ਗਏ। ਲੋਕ ਫਿਰ ਵੀ ਲੜਨ ਨੂੰ ਤਿਆਰ ਸਨ, ਪਰ ਕਮਿਊਨਿਸਟ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਕੋਲ਼ ਅਸਲ 'ਚ ਅਜਿਹੀ ਕੋਈ ਯੋਜਨਾ ਸੀ ਹੀ ਨਹੀਂ। ਬਰਬਰ ਫ਼ੌਜੀ ਜ਼ਬਰ ਨੇ ਇਸ ਲਹਿਰ ਨੂੰ ਕੁਚਲ ਦਿੱਤਾ, ਪਰ ਇਸ ਦਾ ਨਤੀਜਾ ਸੀ ਕਿ ਕਾਂਗਰਸ ਅਤੇ ਦੀਵਾਨ ਦਰਮਿਆਨ ਕੋਈ ਸਮਝੌਤਾ ਨਹੀਂ ਹੋ ਸਕਿਆ। ਦੀਵਾਨ ਰਾਮਾਸਵਾਮੀ ਅਈਅਰ ਵੀ ਸਮਝ ਗਿਆ ਕਿ ਆਜ਼ਾਦਾਨਾ ਤਰਾਵਣਕੋਰ ਦਾ ਮਨਸੂਬਾ ਕਿਰਤੀ ਲੋਕ ਸਾਕਾਰ ਨਹੀਂ ਹੋਣ ਦੇਣਗੇ ਅਤੇ ਉਹ ਭਾਰਤ 'ਚ ਤਰਾਵਣਕੋਰ ਨੂੰ ਮਿਲਾਉਣ

ਲਈ ਤਿਆਰ ਹੋ ਗਿਆ।

ਤੇਲੰਗਾਨਾ ਕਿਸਾਨ ਸੰਘਰਸ਼ ਦਾ ਫ਼ਲਕ ਤੇਭਾਗਾ ਅਤੇ ਪੁਨਪਰਾ-ਵਾਇਲਾਰ ਤੋਂ ਕਾਫ਼ੀ ਵੱਡਾ ਸੀ। ਜੁਲਾਈ 1946 ਤੋਂ ਅਕਤੂਬਰ 1951 ਦਰਮਿਆਨ ਤੇਲੰਗਾਨਾ 'ਚ ਆਧੁਨਿਕ ਭਾਰਤੀ ਇਤਿਹਾਸ ਦਾ ਸਭ ਤੋਂ ਵੱਡਾ ਕਿਸਾਨ ਛਾਪਾਮਾਰ ਸੰਘਰਸ਼ ਹੋਇਆ। ਆਪਣੀ ਚੋਟੀ 'ਤੇ, ਇਸ ਹਥਿਆਰਬੰਦ ਕਿਸਾਨ ਸੰਘਰਸ਼ ਨੇ ਕੁੱਲ 3000 ਪਿੰਡਾਂ ਦੇ 16,000 ਵਰਗਮੀਲ ਇਲਾਕੇ ਨੂੰ ਮੁਕਤ ਕਰਾ ਲਿਆ ਸੀ ਜਿਸਦੀ ਵਸੋਂ ਕਰੀਬ 30 ਲੱਖ ਸੀ। ਲਗਭਗ ਡੇਢ ਵਰ੍ਹਿਆਂ ਤੱਕ ਇਸ ਇਲਾਕੇ ਦਾ ਸਾਰਾ ਪ੍ਰਸ਼ਾਸਨਿਕ ਢਾਂਚਾ ਕਿਸਾਨਾਂ ਦੀਆਂ ਪੇਂਡੂ ਕਮੇਟੀਆਂ ਦੇ ਹੱਥਾਂ 'ਚ ਸੀ। ਹੈਦਰਾਬਾਦ ਦੇ ਆਸਫ਼ਜਾਹੀ ਨਿਜ਼ਾਮਾਂ ਦੇ ਜਗੀਰੂ ਸ਼ਾਸਨ ਦਰਮਿਆਨ ਤੇਲੰਗਾਨਾ ਦੀਆਂ ਹੇਠਲੀਆਂ ਜਾਤੀਆਂ ਦੇ ਅਤੇ ਆਦਿਵਾਸੀ ਕਿਸਾਨ ਜਗੀਰਦਾਰਾਂ, ਦੇਸ਼ਮੁਖਾਂ ਅਤੇ ਜਗੀਰਦਾਰਾਂ ਦੀ ਬਰਬਰ ਲੁੱਟ-ਦਾਬੇ ਦੇ ਸ਼ਿਕਾਰ ਸਨ। ਕਮਿਊਨਿਸਟਾਂ ਨੇ ਜੰਗ ਦੌਰਾਨ ਹੀ ਰਾਸ਼ਨ ਦੇ ਮਾੜੇ ਪ੍ਰਬੰਧ, ਬੇਗਾਰ (ਵੇਟੀ) ਲਗਾਨ ਆਦਿ ਵੰਨ-ਸੁਵੰਨਾ-ਭਰਪੂਰ ਸਥਾਨਕ ਮਸਲਿਆਂ ਨੂੰ 'ਆਂਧਰ ਮਹਾਂਸਭਾ' ਦੇ ਬੈਨਰ ਹੇਠ ਚਲਾਉਂਦੇ ਹੋਏ ਗਰੀਬਾਂ 'ਚ ਵਿਆਪਕ ਅਧਾਰ ਬਣਾ ਲਿਆ ਸੀ। ਵਿਦਰੋਹ ਦੀ ਸ਼ੁਰੂਆਤ ਜੁਲਾਈ 1946 'ਚ ਵਿਸ਼ਸੂਰ ਦੇ ਜ਼ਾਲਮ ਦੇਸ਼ਮੁਖ ਵਿਰੁੱਧ ਹੋਈ ਤੇ ਜਲਦੀ ਹੀ ਪੂਰੇ ਤੇਲੰਗਾਨਾ 'ਚ ਫੈਲ ਗਿਆ। 1947 ਦੇ ਸ਼ੁਰੂ ਤੋਂ ਨਿਯਮਿਤ ਹਥਿਆਰਬੰਦ ਛਾਪਾਮਾਰ ਦਸਤੇ ਬਣਾਏ ਜਾਣ ਲੱਗੇ। ਆਪਣੇ ਚੜ੍ਹਾਈ ਦੇ ਦੌਰ 'ਚ ਇਸ 'ਚ 10,000 ਪੇਂਡੂ ਰੱਖਿਆ ਵਲੰਟੀਅਰ ਅਤੇ ਨਿਯਮਿਤ ਦਸਤਿਆਂ ਦੇ 2000 ਮੈਂਬਰ ਸਨ। ਅਗਸਤ 1947 ਤੋਂ ਸਤੰਬਰ 1948 ਦਰਮਿਆਨ ਦਾ ਸਮਾਂ ਸੰਘਰਸ਼ ਦਾ ਸਭ ਤੋਂ ਵੱਧ ਚੜ੍ਹਾਈ ਦਾ ਸਮਾਂ ਸੀ। ਛਾਪੇਮਾਰਾਂ ਦੇ ਕੰਟਰੋਲ ਵਾਲ਼ੇ ਇਲਾਕਿਆਂ 'ਚ ਇਸ ਦੌਰਾਨ ਭੂਮੀ ਮੁੜ-ਵੰਡ ਤੋਂ ਇਲਾਵਾ ਸਮਾਜਿਕ-ਸਭਿਆਚਾਰਕ ਬਦਲਾਅ ਦੀ ਦਿਸ਼ਾ 'ਚ ਵੀ ਮਹਤੱਵਪੂਰਣ ਕੋਸ਼ਿਸ਼ਾਂ ਹੋਈਆਂ। ਪਰ ਇਸ ਸੰਘਰਸ਼ ਨੂੰ ਅੱਗੇ ਲੈ ਜਾਣ ਅਤੇ ਦੇਸ਼ਵਿਆਪੀ ਕੌਮੀ ਜਮੂਹਰੀ ਮੁਕਤੀ ਸੰਘਰਸ਼ ਦੀ ਕੜੀ ਬਣਾਉਣ ਬਾਰੇ ਕਮਿਊਨਿਸਟ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੀ ਕੋਈ ਸੋਚੀ-ਵਿਚਾਰੀ ਅਤੇ ਢੁਕਵੀਂ ਨੀਤੀ ਸੀ ਹੀ ਨਹੀਂ। ਫਰਵਰੀ-ਮਾਰਚ 1948 ਦੀ ਦੂਜੀ ਪਾਰਟੀ ਕਾਂਗਰਸ 'ਚ ਸੱਜੇ ਪੱਖੀ ਪੀ. ਸੀ. ਜੋਸ਼ੀ ਦੀ ਜਗ੍ਹਾ ਬੀ.ਟੀ. ਰਣਦੀਵੇ ਪਾਰਟੀ ਮੁੱਖ ਸਕੱਤਰ ਬਣੇ, ਜਿਨ੍ਹਾਂ ਨੇ ਕਿਸਾਨ ਛਾਪਾਮਾਰ ਜੰਗਾਂ ਦੇ ਇਲਾਕਿਆਂ ਦੀ ਉਸਾਰੀ ਅਤੇ ਪਸਾਰ ਅਤੇ ਉਹਨਾਂ ਨੂੰ ਸ਼ਹਿਰੀ ਲੋਕ ਉਭਾਰਾਂ ਨਾਲ਼ ਜੋੜਨ ਦੀ ਢੁਕਵੀਂ ਨੀਤੀ ਦੇ ਬਜਾਇ, ਜਮੂਹਰੀ ਅਤੇ ਸਮਾਜਵਾਦੀ ਇਨਕਲਾਬ ਦੀਆਂ ਮੰਜਲਾਂ ਨੂੰ ਮਿਲਾ ਦੇਣ ਦੀ ਥੀਸਿਸ ਦਿੱਤੀ ਅਤੇ ਪੂਰੇ ਦੇਸ਼ 'ਚ ਹਥਿਆਰਬੰਦ ਆਮ ਬਗਾਵਤ ਦਾ ਹੋਕਾ ਦਿੱਤਾ। ਇਸ ਵਿਨਾਸ਼ਕਾਰੀ "ਖੱਬੇਪੱਖੀ" — ਮਾਅਰਕੇਬਾਜ਼ ਲਾਈਨ ਨੇ ਪੂਰੀ ਕਮਿਊਨਿਸਟ ਲਹਿਰ ਅਤੇ ਤੇਲੰਗਾਨਾ ਕਿਸਾਨ ਸੰਘਰਸ਼ ਨੂੰ ਵੱਡਾ ਹਰਜਾ ਪਹੁੰਚਿਆ। ਇਹ ਅਤਿ ਖੱਬੇਪੱਖੀ ਲਾਈਨ ਅਸਲ 'ਚ ਸੱਜੇਪੱਖੀ ਭਟਕਾਅ ਦੇ ਲੰਮੇ ਦੌਰ ਦੀ ਉਲਟ ਪ੍ਰਤੀਕ੍ਰਿਆ ਸੀ। ਮਈ 1948 'ਚ ਕਮਿਊਨਿਸਟ ਪਾਰਟੀ ਦੀ ਆਂਧਰਾ ਇਕਾਈ ਨੇ ਰਣਦੀਵੇ ਦੀ ਲਾਈਨ ਦਾ ਵਿਰੋਧ ਕਰਦੇ ਹੋਏ ਚੀਨੀ ਇਨਕਲਾਬ ਦੀ ਆਮ ਲੀਹ ਦੇ ਅਨੁਰੂਪ ਪਿੰਡਾਂ 'ਚ ਛਾਪਾਮਾਰ ਸੰਘਰਸ਼ ਜ਼ਰੀਏ ਵੱਖ-ਵੱਖ ਇਲਾਕਿਆਂ 'ਚ ਅਧਾਰ ਇਲਾਕਿਆਂ ਦੇ ਵਿਕਾਸ ਦੀ ਲਾਈਨ ਰੱਖੀ। ਪਰ ਰਣਦੀਵੇ ਗੁੱਟ ਦੇ ਰਹਿੰਦੇ ਇਸ ਲਾਈਨ 'ਤੇ ਅਮਲ ਸੰਭਵ ਨਹੀਂ ਸੀ। ਤੇਲੰਗਾਨਾ 'ਚ ਆਂਧਰਾ ਕਮੇਟੀ ਦੀ ਲਾਈਨ 'ਤੇ ਕੰਮ ਸ਼ੁਰੂ ਹੋਇਆ, ਪਰ ਸਤੰਬਰ 1948 'ਚ ਭਾਰਤੀ ਫੌਜ ਹੈਦਰਾਬਾਦ ਪਹੁੰਚੀ। ਨਿਜ਼ਾਮ ਦੇ ਆਤਮਸਮਰਪਣ ਮਗਰੋਂ, 50-60 ਹਜ਼ਾਰ ਦੀ ਗਿਣਤੀ ਅਤੇ ਉੱਨਤ ਹਥਿਆਰਾਂ ਵਾਲ਼ੀ ਭਾਰਤੀ ਫੌਜ ਨੇ ਕਮਿਊਨਿਸਟ ਛਾਪੇਮਾਰਾਂ ਵਿਰੁੱਧ ਜੰਗ ਛੇੜ ਦਿੱਤੀ। ਪਿੰਡਾਂ 'ਚ ਬਰਬਰ ਅਣ-ਮਨੁੱਖੀ ਜਬਰ ਦਾ ਤਾਂਡਵ ਹੋਇਆ ਅਤੇ ਅੰਤ 'ਚ ਛਾਪਾਮਾਰ ਦੁਰੇਡੇ ਜੰਗਲਾਂ 'ਚ ਖਿੰਡ ਗਏ ਕਿਉਂਕਿ ਛਾਪਾਮਾਰ ਸੰਘਰਸ਼ਾਂ ਦੇ ਕਈ ਇਲਾਕੇ ਵਿਕਸਿਤ ਕਰਨ ਦੀ ਕੋਈ ਕੇਂਦਰੀ ਪਾਰਟੀ ਨੀਤੀ ਨਹੀਂ ਸੀ ਅਤੇ ਆਂਧਰਾ ਕਮੇਟੀ ਦੇ ਵੱਖ-ਵੱਖ ਪੈ ਜਾਣ ਕਰਕੇ ਪਿੱਛੇ ਹਟਣ, ਖਿੰਡ ਜਾਣ ਅਤੇ ਛਾਪਾਮਾਰ ਸੰਘਰਸ਼ ਨਵੇਂ ਦੌਰ ਦੀ ਤਿਆਰੀ ਦੀ ਕੋਈ ਕੇਂਦਰੀ ਯੋਜਨਾ ਨਹੀਂ ਸੀ, ਇਸ ਲਈ ਤੇਲੰਗਾਨਾ ਸੰਘਰਸ਼ ਨੂੰ ਅੰਤ 'ਚ ਤਰਾਸਦੀ-ਪੂਰਨ ਹਾਰ ਅਤੇ ਲਹੂ ਦੀ ਦਲਦਲ 'ਚ ਧੱਕ ਦਿੱਤਾ ਗਿਆ ਸੀ। ਆਪਣੇ ਹੀ ਲੋਕਾਂ 'ਤੇ ਬਰਬਰ ਫੌਜੀ ਜ਼ਬਰ ਕਰਕੇ ਨਹਿਰੂ ਦੀ ਸਰਕਾਰ ਨੇ ਆਪਣਾ ਜਮਾਤੀ-ਚਰਿੱਤਰ ਉਘਾੜ ਕੇ ਰੱਖ ਦਿੱਤਾ। ਪਿੱਛੇ ਹਟਣ ਜਾਂ ਖਿੰਡਣ ਦੇ ਬਾਵਜੂਦ 1950-51 ਤੱਕ ਛਾਪੇਮਾਰ ਕਾਰਵਾਈਆਂ ਜਾਰੀ ਰਹੀਆਂ। ਛਾਪੇਮਾਰਾਂ ਦਾ ਅਖੀਰਲਾ ਮੋਰਚਾ ਗੋਦਾਵਰੀ ਦਾ ਵਨਯ ਪ੍ਰਦੇਸ਼ ਸੀ। ਮਈ-ਜੂਨ 1950 'ਚ ਰਣਦੀਵੇ ਦੀ ਲਾਈਨ ਦੀ ਹਾਰ ਮਗਰੋਂ ਕੁੱਝ ਸਮੇਂ ਲਈ ਰਾਜੇਸ਼ਵਰ ਰਾਓ ਪਾਰਟੀ ਮੁੱਖ ਸਕੱਤਰ ਬਣੇ ਅਤੇ ਪਾਰਟੀ ਨੇ ਆਂਧਰਾ ਲਾਈਨ ਨੂੰ ਰਾਹ ਦਰਸੇਵੀ ਲਾਈਨ ਦੇ ਤੌਰ 'ਤੇ ਮੰਨ ਲਿਆ। ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਗਲਤ ਲਾਈਨ ਦੇ ਚਲਦੇ ਸੰਘਰਸ਼ ਦੇ ਦੇਸ਼ ਵਿਆਪੀ ਵਿਸਥਾਰ ਦੀਆਂ ਸੰਭਾਵਨਾਵਾਂ ਦੀ ਸੰਘੀ ਘੁੱਟੀ ਜਾ ਚੁੱਕੀ ਸੀ ਅਤੇ ਨਵੀਂ ਪੂੰਜੀਵਾਦੀ ਸੱਤਾ ਦੇ ਮਜ਼ਬੂਤੀਕਰਣ ਲਈ ਤਿੰਨ ਵਰ੍ਹਿਆਂ ਦਾ ਸਮਾਂ ਮਿਲ ਚੁੱਕਾ ਸੀ। ਸੰਵਿਧਾਨ ਪਾਸ ਹੋ ਚੁੱਕਿਆ ਸੀ ਅਤੇ ਪਹਿਲੀਆਂ ਆਮ ਚੋਣਾਂ ਦੀ ਤਿਆਰੀ ਹੋ ਰਹੀ ਸੀ। ਕਮਿਊਨਿਸਟ ਪਾਰਟੀ ਸੰਕਰਮਣ ਦੌਰ ਦਾ ਫਾਇਦਾ ਲੈਣ ਦਾ ਇਤਿਹਾਸਕ ਮੌਕਾ ਗੁਆ ਚੁੱਕੀ ਸੀ ਅਤੇ ਹੁਣ ਪੂੰਜੀਵਾਦੀ ਸੰਸਦੀ ਹੱਦਾਂ 'ਚ ਕੰਮ ਕਰਨ ਵਾਲ਼ੀ ਸੋਧਵਾਦੀ ਪਾਰਟੀ ਬਣ ਚੁੱਕੀ ਸੀ। ਥਿੜਕਣ ਦਾ ਨਤੀਜਾ ਵਿਚਾਰਧਾਰਾ ਦੇ ਤਿਆਗ ਵਿੱਚ ਨਿਕਲਿਆ। ਪਰ ਇਹ ਇੱਕ ਵੱਖਰੀ ਕਹਾਣੀ ਹੈ। ਅਸੀਂ ਆਪਣੀ ਮੂਲ ਚਰਚਾ 'ਤੇ ਮੁੜ ਪਰਤਦੇ ਹਾਂ।

1946 'ਚ ਕਾਂਗਰਸ ਅਤੇ ਲੀਗ ਫਿਰੰਗੀਆਂ ਨਾਲ਼ ਸੌਦੇਬਾਜ਼ੀ ਕਰਦੇ ਹੋਏ ਜਦੋਂ ਮੁਲਕ ਦੀ ਵੰਡ ਦਾ ਬਲੂ-ਪ੍ਰਿੰਟ ਤਿਆਰ ਕਰ ਰਹੇ ਸਨ ਅਤੇ ਸੰਵਿਧਾਨ ਸਭ 'ਚ ਬੈਠੇ 11.5 ਪ੍ਰਤੀਸ਼ਤ ਲੋਕਾਂ ਦੇ ਪ੍ਰਤੀਨਿਧੀ ਜਦੋਂ ਪੂੰਜੀਵਾਦੀ ਸ਼ਾਸਨ-ਵਿਧਾਨ ਦੀ ਦਿਸ਼ਾ ਅਤੇ ਸਰੂਪ ਤੈਅ ਕਰਨ ਦੀਆਂ ਮੁਸ਼ੱਕਤਾਂ 'ਚ ਰੁੱਝੇ ਹੋਏ ਸਨ, ਉਸ ਸਮੇਂ ਤੇਭਾਗਾ, ਤੇਲੰਗਾਨਾ, ਪੁਨਪਰਾ-ਵਾਇਲਾਰ ਤੋਂ ਛੁੱਟ ਦੇਸ਼ ਦੇ ਕਈ

ਹੋਰ ਖੇਤਰਾਂ 'ਚ ਕਿਸਾਨਾਂ ਦੇ ਉੱਗਰ ਸੰਘਰਸ਼ ਜਾਰੀ ਸਨ।

1945 ਮਗਰੋਂ ਹੀ ਸ਼ਾਮਰਾਓ ਅਤੇ ਗੋਦਾਵਰੀ ਪਾਰੁਲੇਕਰ ਜਿਹੇ ਕਮਿਊਨਿਸਟ ਕਾਰਕੁੰਨ ਠਾਣੇ ਜ਼ਿਲ੍ਹੇ ਦੇ ਵਰਲੀ ਆਦਿਵਾਸੀਆਂ ਦਰਮਿਆਨ ਕੰਮ ਕਰ ਰਹੇ ਸਨ ਅਤੇ ਕਈ ਸਫ਼ਲ ਸੰਘਰਸ਼ਾਂ ਦੀ ਉਹਨਾਂ ਨੇ ਅਗਵਾਈ ਕੀਤੀ। ਪੰਜਾਬ 'ਚ ਲਾਇਲਪੁਰ ਜ਼ਿਲ੍ਹੇ 'ਚ ਅਸਾਮੀ ਕਾਸ਼ਤਕਾਰ ਕਿਸਾਨ ਸਭਾ ਦੀ ਅਗਵਾਈ 'ਚ ਲਗਾਨ ਘਟਾਉਣ ਅਤੇ ਕਿਸਾਨਾਂ ਦੇ ਰਿਣ-ਪੱਤਰਾਂ ਨੂੰ ਮੁਲਤਵੀ ਕਰਨ ਲਈ ਸੰਘਰਸ਼ ਕਰ ਰਹੇ ਸਨ। ਸੰਯੁਕਤ ਸੂਬੇ 'ਚ ਪ੍ਰਚੰਡ ਸੰਘਰਸ਼ ਬਸਤੀ ਅਤੇ ਬਲੀਆ ਜ਼ਿਲਿਆਂ 'ਚ ਚੱਲਿਆ ਜਿੱਥੇ ਅਸਾਮੀ ਕਾਸ਼ਤਕਾਰ ਜਗੀਰਦਾਰਾਂ ਰਾਹੀਂ ਭੂਮੀ-ਸੁਧਾਰ ਦੀ ਪੇਸ਼ਬੰਦੀ ਲਈ ਸ਼ੁਰੂ ਕੀਤੀਆਂ ਗਈਆਂ ਵਿਆਪਕ ਬੇਦਖ਼ਲੀਆਂ ਵਿਰੁੱਧ ਮੈਦਾਨ 'ਚ ਆ ਗਏ। ਜੰਮੂ-ਕਸ਼ਮੀਰ 'ਚ ਵੀ ਨੈਸ਼ਨਲ ਕਾਨਫਰੰਸ ਦੀ ਅਗਵਾਈ 'ਚ ਕਿਸਾਨਾਂ ਰਾਹੀਂ ਲਗਾਨ ਅਤੇ ਰਿਣ ਦੀ ਅਦਾਇਗੀ ਨਾ ਕਰਨ ਦੀ ਲੋਕ ਲਹਿਰ ਰਾਜੇ ਦੀ ਸੱਤਾ ਨੂੰ ਚੁਣੌਤੀ ਦੇਣ ਵਾਲ਼ਾ ਸੰਘਰਸ਼ ਬਣ ਚੁੱਕਾ ਸੀ।

ਸਾਰ-ਸੰਖੇਪ ਇਹ ਹੈ ਕਿ ਜਿਸ ਸਮੇਂ ਕਾਂਗਰਸੀ ਲੀਡਰ ਕੁਲੀਨ ਲੋਕਾਂ ਅਤੇ ਜਗੀਰੂ ਹਾਕਮਾਂ ਦੇ ਪ੍ਰਤੀਨਿਧੀਆਂ ਨਾਲ਼ ਭਾਵੀ ਭਾਰਤ ਦੇ ਸੰਵਿਧਾਨ ਦੀ ਤਿਆਰੀ 'ਤੇ ਡੂੰਘੀਆਂ ਵਾਰਤਾਵਾਂ 'ਚ ਮਗਨ ਸਨ ਅਤੇ ਆਪਣੇ-ਆਪਣੇ ਹਿੱਤਾਂ ਨੂੰ ਲੈ ਕੇ ਬਸਤੀਵਾਦੀਆਂ ਅਤੇ ਦੇਸੀ ਪੂੰਜੀਪਤੀ ਜਮਾਤ ਦਰਮਿਆਨ ਸਮਝੌਤਿਆਂ-ਸੌਦੇਬਾਜ਼ੀਆਂ ਦਾ ਡੂੰਘਾ ਦੌਰ ਜਾਰੀ ਸੀ; ਜਿਹੜੇ ਦਿਨਾਂ 'ਚ 'ਪਾੜੋ ਤੇ ਰਾਜ ਕਰੋ' ਦੀ ਬਸਤੀਵਾਦੀ ਨੀਤੀ ਦੇ ਅੰਤਮ ਨਤੀਜੇ ਦੇ ਤੌਰ 'ਤੇ ਫਿਰਕੂ ਦੰਗਿਆਂ ਦਾ ਖ਼ੂਨੀ-ਇਸ਼ਨਾਨ ਜਾਰੀ ਸੀ ਅਤੇ ਸੱਤਾ ਲਈ ਉਤਾਵਲੀ ਕਾਂਗਰਸ ਨਾ ਸਿਰਫ਼ ਇਹ ਵੱਡੀ ਕੀਮਤ ਚੁਕਾਉਣ ਨੂੰ ਤਿਆਰ ਸੀ ਸਗੋਂ ਕਿਸੇ ਹੱਦ ਤੱਕ ਇਸ ਲਈ ਜ਼ਿੰਮੇਵਾਰ ਸੀ; ਠੀਕ ਇਹਨਾਂ ਹੀ ਦਿਨਾਂ 'ਚ ਭਾਰਤ ਦੇ ਬਹੁਗਿਣਤੀ ਮਜ਼ਦੂਰ, ਕਿਸਾਨ ਅਤੇ ਆਮ ਮੱਧਵਰਗੀ ਨਾਗਰਿਕਾਂ ਦੇ ਜੁਝਾਰੂ ਸੰਘਰਸ਼ ਆਪਣੇ ਪੂਰੇ ਜੋਬਨ 'ਤੇ ਸਨ। ਅਗਸਤ, 1947 ਤੋਂ ਪਹਿਲਾਂ ਕਾਂਗਰਸ ਅਤੇ ਲੀਗ ਦੇ ਲੀਡਰ ਜਲ-ਸੈਨਾ ਵਿਦਰੋਹ, ਮਜ਼ਦੂਰਾਂ ਦੇ ਸੰਘਰਸ਼ਾਂ ਅਤੇ ਕਿਸਾਨਾਂ ਦੇ ਸੰਘਰਸ਼ਾਂ 'ਤੇ ਜ਼ਬਰ ਦੇ ਸਵਾਲ 'ਤੇ ਬਸਤੀਵਾਦੀਆਂ ਨਾਲ਼ ਸਨ। ਅਗਸਤ, 1947 ਮਗਰੋਂ ਕਾਂਗਰਸੀ ਸੱਤਾ ਲੋਕ-ਸੰਘਰਸ਼ਾਂ 'ਤੇ ਜ਼ਬਰ 'ਚ ਬਸਤੀਵਾਦੀਆਂ ਨਾਲ਼ੋਂ ਇੱਕ ਕਦਮ ਵੀ ਪਿਛਾਂਹ ਨਹੀਂ ਸਨ। ਤੇਲੰਗਾਨਾ ਕਿਸਾਨ ਸੰਘਰਸ਼ 'ਤੇ ਬਰਬਰ ਫੌਜੀ ਜ਼ਬਰ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

ਸੰਵਿਧਾਨ ਬਣਾਉਣ ਦੇ ਇਸ ਦੌਰ ਦੇ ਸਿਆਸੀ ਘਟਨਾਵਾਂ ਦਾ ਵਹਾਅ ਵੀ ਆਪਣੇ-ਆਪ 'ਚ ਇੱਕ ਗੱਲ ਦਾ ਗਵਾਹ ਸੀ ਕਿ ਭਾਵੀ ਭਾਰਤ ਦਾ ਸੰਵਿਧਾਨ ਕਿੰਨਾ ਲੋਕ ਪੱਖੀ ਹੋਵੇਗਾ ਅਤੇ ਇਸਦੇ ਅਧਾਰ 'ਤੇ ਜਿਹੜੀ ਜਮ੍ਹੂਰੀਅਤ ਕਾਇਮ ਹੋਵੇਗੀ ਇਹ ਅਸਲ 'ਚ ਕਿਹੋ ਜਿਹੀ ਜਮਹੂਰੀਅਤ ਹੋਵੇਗੀ ?

**(ਅਗਲੇ ਅੰਕ 'ਚ ਜਾਰੀ)**

**(ਸਫ਼ਾ 20 ਦਾ ਬਾਕੀ)**

ਤਾਕਤ ਮੂਹਰੇ ਆਪਣੇ ਗੋਡੇ ਨਹੀਂ ਟੇਕੇ। ਅਤੇ ਅਖ਼ੀਰ ਉਹਨਾਂ ਨੇ ਅਮਰੀਕੀਆਂ ਨੂੰ ਆਪਣੇ ਨਾਪਾਕ ਇਰਾਦੇ ਪੂਰੇ ਕੀਤੇ ਬਗੈਰ ਹੀ ਆਪਣੇ ਦੇਸ਼ 'ਚੋਂ ਪੁੱਠੇ ਪੈਰੀਂ ਭਜਾਉਣ ਵਿੱਚ ਸਫਲਤਾ ਹਾਸਲ ਕਰਨੀ ਸ਼ੁਰੂ ਵੀ ਕਰ ਦਿੱਤੀ ਹੈ। ਇਹ ਸੱਚ ਹੈ ਕਿ ਇਸ ਥੋਪੀ ਗਈ ਸਾਮਰਾਜਵਾਦੀ ਜੰਗ ਨੇ ਇਰਾਕ ਨੂੰ ਬਿਲਕੁਲ ਤਬਾਹ ਕਰ ਦਿੱਤਾ ਹੈ। ਇਰਾਕ ਹੁਣ ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਰੂਪ 'ਚ ਬਿਲਕੁਲ ਖਿੰਡ ਗਿਆ ਹੈ। ਪਰ ਇਰਾਕੀ ਜਨਤਾ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਸਾਮਰਾਜਵਾਦੀ ਤਾਕਤ ਦੇ ਸਾਹਮਣੇ ਕੋਈ ਇਨਕਲਾਬੀ ਬਦਲ ਨਾ ਹੋਣ ਦੀ ਹਾਲਤ ਵਿੱਚ ਜੇ ਜਨਤਾ ਜਿੱਤ ਨਹੀਂ ਸਕਦੀ ਤਾਂ ਉਹ ਸਾਮਰਾਜਵਾਦੀ ਤਾਕਤਾਂ ਅੱਗੇ ਹਾਰ ਵੀ ਨਹੀਂ ਮੰਨਦੀ।

• • • • • • • • • • • • • • • • • • • •

**(ਸਫ਼ਾ 32 ਦਾ ਬਾਕੀ)**

ਦੇ ਉਨ੍ਹਾਂ ਲੋਕਾਂ ਦੁਆਰਾ ਵਰਤਣ ਤੇ ਕੋਈ ਇਤਰਾਜ਼ ਨਹੀਂ, ਜੋ ਪੂਰੀ ਦੁਨੀਆਂ ਵਿਚ ਚੀ ਦੀ ਯਾਦ ਅਤੇ ਸਮਾਜਕ ਨਿਆਂ ਦਾ ਪ੍ਰਚਾਰ ਕਰਦੇ ਹਨ, ਜਿਸ ਲਈ ਮੈਂ ਵੀ ਪ੍ਰਤੀਬੱਧ ਹਾਂ ਪਰ ਮੈਂ ਚੀ ਦੀ ਫੋਟੋ ਦੇ ਸ਼ਰਾਬ ਜਿਹੀਆਂ ਵਸਤਾਂ ਦੇ ਪ੍ਰਚਾਰ ਲਈ ਵਰਤਣ ਦੇ ਪੂਰੀ ਤਰ੍ਹਾਂ ਖਿਲਾਫ਼ ਹਾਂ।" ਅਦਾਲਤ ਤੋਂ ਬਾਹਰ ਹੋਏ ਸਮਝੌਤੇ ਵਿਚ ਕੋਰਡਾ ਨੂੰ 50,000 ਅਮਰੀਕੀ ਡਾਲਰ ਮਿਲੇ। ਕੋਰਡਾ ਨੇ ਇਹ ਰਕਮ ਕਿਊਬਾ ਦੇ ਸਿਹਤ ਪ੍ਰਬੰਧ ਨੂੰ ਭੇਂਟ ਕਰ ਦਿਤੀ। ਕੋਰਡਾ ਦਾ ਇਹ ਕਹਿਣਾ ਸੀ ਕਿ "ਜੇ ਚੀ ਜਿਊਂਦਾ ਹੁੰਦਾ, ਤਾਂ ਉਸ ਨੇ ਵੀ ਇਹੀ ਕੁਝ ਕੀਤਾ ਹੁੰਦਾ!"

ਕੋਰਡਾ ਨੇ ਸਫ਼ੇਦ ਅਤੇ ਸ਼ਿਆਮ (Black & White) ਫੋਟੋਗ੍ਰਾਫ਼ੀ ਦੀ ਰਚਨਾ ਅਤੇ ਫਰੇਮ ਸਿਰਜਣ ਵਿਚ ਨਵੇਂ ਅਯਾਮ ਸਥਾਪਤ ਕੀਤੇ। ਉਸ ਨੇ ਨਕਲੀ ਰੌਸ਼ਨੀ ਨੂੰ 'ਯਥਾਰਥ ਨਾਲ ਮਜ਼ਾਕ' ਆਖਿਆ ਅਤੇ ਆਪਣੀਆਂ ਫੋਟੋਆਂ ਵਿਚ ਸਿਰਫ਼ ਕੁਦਰਤੀ ਰੌਸ਼ਨੀ ਦੀ ਵਰਤੋਂ ਹੀ ਕੀਤੀ। ਇਕ ਫੈਸ਼ਨ ਫੋਟੋਗ੍ਰਾਫ਼ਰ ਤੋਂ ਇਨਕਲਾਬੀ ਫੋਟੋਗ੍ਰਾਫਰ ਬਣਿਆ ਕੋਰਡਾ ਸਸਤੀ ਸ਼ੋਹਰਤ ਮਗਰ ਨਹੀਂ ਭੱਜਿਆ। ਉਹ ਆਪਣੀ ਤੋਰੇ ਤੁਰਦਾ ਗਿਆ।

ਉਸ ਦੁਆਰਾ ਖਿਚੀ ਗਈ ਹਰੇਕ ਫੋਟੋ ਇਨਕਲਾਬ ਦੀਆਂ ਘਟਨਾਵਾਂ ਦਾ ਦਸਤਾਵੇਜ਼ ਹੋਣ ਦੀ ਬਜਾਇ ਇਨਕਲਾਬ ਦਾ ਚਿੰਨ ਹੈ। 'ਲਾ ਨੀਨਾ ਡੀ ਲਾ ਮੁਨੀਕਾ ਡੀ ਪਾਲੋ' (1958), 'ਐਨਟਰਾ ਡੀ ਫੀਡਲ ਏ ਲਾ ਹਵਾਨਾ' (1959) ਅਤੇ 'ਫੀਡਲ ਇਨ ਵਸ਼ਿੰਗਟਨ' (1959) ਆਦਿ ਉਸ ਦੀਆਂ ਪ੍ਰਸਿਧ ਫੋਟੋਆਂ ਹਨ।

ਉਹ 1968 ਤੋਂ 1978 ਤੱਕ ਦਾ ਸਮਾਂ ਕੋਰਡਾ ਨੇ ਆਪਣਾ ਧਿਆਨ ਪਾਣੀ ਹੇਠਲੀ ਫੋਟੋਗ੍ਰਾਫ਼ੀ ਤੇ ਕੇਂਦਰਤ ਕੀਤਾ। ਇਸ ਤੋਂ ਬਾਅਦ ਦਾ ਬਹੁਤਾ ਸਮਾਂ ਕੋਰਡਾ ਨੇ ਆਪਣੀਆਂ ਫੋਟੋਆਂ ਦੇ ਪੂਰੀ ਦੁਨੀਆਂ ਵਿਚ ਹੋ ਰਹੇ ਪ੍ਰਦਰਸ਼ਨਾਂ ਤੇ ਲਗਾਇਆ। 25 ਮਈ, 2001 ਨੂੰ ਫਰਾਂਸ ਦੇ ਸ਼ਹਿਰ ਪੈਰਿਸ ਵਿਚ ਇਕ ਪ੍ਰਦਰਸ਼ਨੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਣ 72 ਸਾਲਾਂ ਦੀ ਉਮਰ ਵਿਚ ਇਸ ਲਾ ਮਿਸਾਲ ਇਨਕਲਾਬੀ ਫੋਟੋਗ੍ਰਾਫਰ ਦੀ ਮੌਤ ਹੋ ਗਈ। ਐਲਬਰਟੋ ਕੋਰਡਾ ਦਾ ਜੀਵਨ ਸਮਾਜ ਨੂੰ ਬਦਲਣ ਦੀ ਤਾਂਘ ਰੱਖਣ ਵਾਲੇ ਕਲਾਕਾਰਾਂ ਲਈ ਪ੍ਰੇਰਣਾ ਦਾ ਸਰੋਤ ਹੈ।

• • • • • • • • • • • • • • • • • • • •

# ਕਸ਼ਮੀਰ ਸਮੱਸਿਆ ਦਾ ਹੱਲ

**-ਸ਼ਿਸ਼ਿਰ**

ਪਿਛਲੇ ਕੁਝ ਮਹਿਨਿਆਂ ਤੋਂ ਜਿਹੜਾ ਮੁੱਦਾ ਹਰ ਭਾਰਤੀ ਨਾਗਰਿਕ ਦੇ ਦਿਲੋ ਦਿਮਾਗ ਤੇ ਛਾਇਆ ਹੋਇਆ ਹੈ, ਉਹ ਹੈ ਕਸ਼ਮੀਰ ਦਾ ਮੁੱਦਾ। ਜੁਲਾਈ ਵਿੱਚ ਇੱਕ ਕਿਸ਼ੋਰ **ਤੁਫੈਲ ਮੱਟੂ** ਦੀ ਫ਼ੌਜ ਦੁਆਰਾ ਹੱਤਿਆ ਤੋਂ ਬਾਅਦ ਹਾਲੇ ਤਕ ਕਸ਼ਮੀਰੀ ਲੋਕ ਸੜਕਾਂ 'ਤੇ ਹਨ। ਪ੍ਰਧਾਨ ਮੰਤਰੀ ਤੋਂ ਲੈ ਕੇ ਰਾਸ਼ਟਰਪਤੀ ਤਕ ਸਭ ਇਸ ਗੱਲ ਦਾ ਰੌਲਾ ਰੋ ਰਹੇ ਹਨ ਕਿ ਕਸ਼ਮੀਰ ਦੀਆਂ ਸੜਕਾਂ 'ਤੇ ਜੋ ਭੀੜ ਹਥਿਆਰਬੰਦ ਸਿਪਾਹੀਆਂ 'ਤੇ ਪਥਰਾਅ ਕਰ ਰਹੀ ਹੈ, ਉਹ ਕੋਈ ਦਹਿਸ਼ਤਗਰਦਾਂ ਦੀ ਭੀੜ ਨਹੀਂ ਹੈ। ਉਹ ਵੀ ਇਹ ਮੰਨਣ ਲਈ ਮਜਬੂਰ ਹੋਏ ਕਿ ਇਹ ਆਮ ਲੋਕ ਹਨ, ਜਿਸ ਵਿਚ ਬੱਚੇ, ਕਿਸ਼ੋਰ ਅਤੇ ਨੌਜਵਾਨਾਂ ਦੇ ਨਾਲ-ਨਾਲ ਔਰਤਾਂ ਵੀ ਸ਼ਾਮਲ ਹਨ। ਜੁਲਾਈ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਮੁਜ਼ਾਹਰਿਆਂ 'ਤੇ ਫੌਜ ਦੁਆਰਾ ਗੋਲ਼ੀ ਚਲਾਏ ਜਾਣ ਨਾਲ ਤਕਰੀਬਨ 80 ਲੋਕ ਮਾਰੇ ਜਾ ਚੁੱਕੇ ਹਨ ਅਤੇ ਸੈਂਕੜੇ ਜ਼ਖ਼ਮੀ ਹੋਏ ਹਨ। ਕਸ਼ਮੀਰੀ ਲੋਕਾਂ ਦਾ ਇਕ ਵਿਚਾਰਨਯੋਗ ਹਿਸਾ ਸੱਈਅਦ ਅਲੀ ਸ਼ਾਹ ਗਿਲਾਨੀ, ਮਸਰਤ ਆਲਮ ਅਤੇ ਆਸਿਆ ਅੰਦਰਾਬੀ ਵਰਗੇ ਇਸਲਾਮੀ ਵੱਖਵਾਦੀ ਆਗੂਆਂ ਦੀਆਂ ਅਪੀਲਾਂ 'ਤੇ ਚੱਲ ਰਿਹਾ ਹੈ। ਜੇਕਰ ਵੱਖਵਾਦੀ 2009 ਦੇ ਸ਼ੁਰੂ ਤੱਕ ਪਿੱਛੇ ਧੱਕ ਦਿੱਤੇ ਪ੍ਰਤੀਤ ਹੁੰਦੇ ਸਨ, ਉਹ ਇੱਕ ਵਾਰ ਫਿਰ ਮੰਚ ਦੇ ਬਿਲਕੁਲ ਵਿਚਕਾਰ ਖੜੇ ਹਨ ਅਤੇ ਕਾਫ਼ੀ ਮਾਮਲੇ ਸਿਰਫ਼ ਉਹਨਾਂ ਦੇ ਇਸ਼ਾਰਿਆ 'ਤੇ ਹੀ ਚੱਲ ਰਹੇ ਹਨ। ਖਾਂਦਾ-ਪੀਂਦਾ ਭਾਰਤੀ ਮੱਧਵਰਗ ਆਪਣੇ "ਕੌਮਵਾਦ" ਅਤੇ ਖਪਤ 'ਚ ਵਿਲੀਨ ਹੋ ਕੇ ਸਰਕਾਰ ਨੂੰ ਲਾਹਣਤਾਂ ਫਿਟਕਾਰਾਂ ਭੇਜ ਰਿਹਾ ਹੈ ਕਿ ਉਹ ਕਸ਼ਮੀਰ ਦੇ ਇਹਨਾਂ ਵੱਖਵਾਦੀਆਂ ਨਾਲ ਨਰਮੀ ਦਾ ਸਲੂਕ ਕਰ ਰਹੀ ਹੈ। ਉਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਦੇ 'ਭਾਰਤ ਦਾ ਤਾਜ' ਹੁਣ ਖੋਹੇ ਜਾਣ ਦੇ ਕੰਢੇ ਹੈ ਅਤੇ ਸਰਕਾਰ ਦੀ ਨਰਮੀ ਕਾਰਨ, ਸਾਨੂੰ ਕਸ਼ਮੀਰ ਤੋਂ ਨਾ ਹੱਥ ਧੋਣੇ ਪੈ ਜਾਣ। ਇਹ ਉਹ ਵਰਗ ਹੈ ਜੋ ਕਸ਼ਮੀਰ ਦੇ ਮੌਜੂਦਾ ਹਾਲਤਾਂ ਬਾਰੇ ਕੱਖ ਵੀ ਨਹੀਂ ਜਾਣਦਾ। ਉਹਨਾਂ ਲਈ ਕਸ਼ਮੀਰ ਦਾ ਅਰਥ ਕਸ਼ਮੀਰ ਦੀ ਜਨਤਾ ਨਹੀਂ, ਸਗੋਂ ਇੱਕ ਨਕਸ਼ਾ ਹੈ, ਜੋ ਭਾਰਤ ਦੇ ਨਕਸ਼ੇ ਦੇ ਅੰਦਰ ਹੀ ਹੋਣਾ ਚਾਹੀਦਾ ਹੈ। ਉਹਨਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਕਿ ਇੱਕ ਫੌਜੀ ਹਕੂਮਤ ਅਧੀਨ ਰਹਿਣ ਦਾ ਅਰਥ ਕੀ ਹੁੰਦਾ ਹੈ ? ਉਹਨਾਂ ਨੂੰ ਇਹ ਨਹੀਂ ਪਤਾ ਕਿ ਪਿਛਲੇ ਡੇਢ ਦਹਾਕੇ ਤੋਂ ਹਥਿਆਰਬੰਦ ਫੌਜੀ ਦਸਤਿਆਂ ਹੱਥੋਂ 60,000 ਕਸ਼ਮੀਰੀ ਆਪਣੀ ਜਾਨ ਗਵਾ ਚੁੱਕੇ ਹਨ ਅਤੇ 7000 ਲਾਪਤਾ ਹਨ। ਪਿਛਲੇ ਦਿਨੀਂ ਕੁਝ ਸਮੂਹਿਕ ਕਬਰਾਂ ਮਿਲੀਆਂ ਹਨ, ਜੋ ਇਹਨਾਂ ਲਾਪਤਾ ਲੋਕਾਂ ਦਾ ਸੁਰਾਗ ਹੋ ਸਕਦੀਆਂ ਹਨ। ਉਹਨਾਂ ਨੂੰ ਨਹੀਂ ਪਤਾ ਕਿ ਕਿੰਨੀਆਂ ਔਰਤਾਂ ਨੂੰ ਅਗਵਾ ਅਤੇ ਕਿੰਨੀਆਂ ਨਾਲ ਬਲਾਤਕਾਰ ਕੀਤੇ ਜਾ ਚੁੱਕੇ ਹਨ ਅਤੇ ਕਿੰਨੇ ਮਾਸੂਮ ਅਪੰਗ ਹੋ ਚੁੱਕੇ ਹਨ। ਇਹਨਾਂ ਸਾਰੀਆਂ ਗੱਲਾਂ ਨਾਲ਼ ਉਹਨਾਂ ਦਾ ਕੋਈ ਮਤਲਬ ਨਹੀਂ ਹੈ। ਉਹਨਾਂ ਨੂੰ ਇਹ ਵੀ ਨਹੀਂ ਪਤਾ ਕਿ ਇਹ ਮੌਤਾਂ ਉਸ ਦੌਰ ਵਿੱਚ ਨਹੀਂ ਹੋਈਆਂ ਜਦੋਂ ਕਸ਼ਮੀਰ ਘਾਟੀ ਦਹਿਸ਼ਤਗਰਦੀ ਦਾ ਕਰੋਪ ਝੱਲ ਰਹੀ ਸੀ। 2003 ਤੋਂ ਲੈ ਕੇ ਹੁਣ ਤੱਕ ਦੇ ਦੌਰ ਵਿੱਚ ਹੀ ਇਹ ਸਭ ਵਾਪਰਿਆ ਹੈ, ਜਿਸ ਦੌਰ ਵਿੱਚ ਸਰਕਾਰੀ ਅੰਕੜੇ ਹੀ ਦੱਸਦੇ ਹਨ ਕਿ ਘੁਸਪੈਠ ਨੂੰ ਖ਼ਤਮ ਕੀਤਾ ਜਾ ਚੁੱਕਿਆ ਅਤੇ ਘਾਟੀ ਵਿੱਚ ਕੁੱਲ ਮਿਲਾਕੇ 1000 ਅੱਤਵਾਦੀ ਵੀ ਨਹੀਂ ਹਨ। ਪਰ ਅੱਤਵਾਦ ਦਾ ਇਹ ਦੌਰ ਖ਼ਤਮ ਹੋ ਜਾਣ ਦੇ ਬਾਵ ਜੂਦ ਵੀ ਕਸ਼ਮੀਰ ਘਾਟੀ ਵਿੱਚ ਅੱਜ ਸੱਤ ਲੱਖ ਹਥਿਆਰਬੰਦ ਫੌਜੀ ਦਸਤੇ ਤੈਨਾਤ ਹਨ; ਘਾਟੀ ਵਿੱਚ ਖੁਫੀਆ ਏਜੰਸੀਆਂ ਇਸ ਤਰ੍ਹਾਂ ਕੰਮ ਕਰਦੀਆਂ ਹਨ, ਜਿਵੇਂ ਉਹ ਆਪਣੇ ਨਹੀਂ ਸਗੋਂ ਕਿਸੇ ਦੁਸ਼ਮਣ ਦੇਸ਼ ਦੇ ਅੰਦਰ ਕੰਮ ਕਰ ਰਹੀਆਂ ਹੋਣ; ਸੜਕਾਂ 'ਤੇ ਥੋੜ੍ਹੀ ਦੇਰ ਘੁੰਮਣ ਨਾਲ਼ ਹੀ ਤੁਸੀਂ ਦਿਲ ਦਹਿਲਾ ਦੇਣ ਵਾਲੀ ਫੌਜੀ ਮੌਜੂਦਗੀ ਦੇਖ ਸਕਦੇ ਹੋ। ਕਿਸੇ ਥਾਂ 'ਤੇ ਫੌਜੀ ਸ਼ਾਸਨ ਬਾਰੇ ਸੁਣਨ ਅਤੇ ਉਸਦੇ ਅਧੀਨ ਰਹਿਣ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਫੌਜ ਦੀ ਇਸ ਗੈਰ ਜ਼ਰੂਰੀ ਮੌਜੂਦਗੀ ਨੂੰ ਕਸ਼ਮੀਰੀ ਜਨਤਾ, ਭਾਰਤ ਦੁਆਰਾ ਕਸ਼ਮੀਰ 'ਤੇ ਕਬਜ਼ਾ ਮੰਨਦੀ ਹੈ। ਇਹੀ ਕਾਰਨ ਹੈ ਕਿ ਜੋ ਕੁਝ ਕਸ਼ਮੀਰ ਵਿੱਚ ਅੱਜ ਚੱਲ ਰਿਹਾ ਹੈ ਉਸਦੇ ਨਿਸ਼ਾਨੇ 'ਤੇ ਹਰ ਉਹ ਚੀਜ਼ ਹੈ, ਜੋ ਭਾਰਤ ਦੀ ਮੌਜੂਦਗੀ ਦਾ ਚਿੰਨ੍ਹ ਹੈ। ਚਾਹੇ ਉਹ ਸਕੂਲ ਹੋਣ, ਚਾਹੇ ਸਰਕਾਰੀ ਦਫ਼ਤਰ, ਫੌਜੀ ਛਾਉਣੀਆਂ, ਪੁਲਿਸ ਸਟੇਸ਼ਨ ਜਾਂ ਫਿਰ ਕੋਈ ਸਰਕਾਰੀ ਇਮਾਰਤ।



ਕਸ਼ਮੀਰ ਦੀ ਸਮੱਸਿਆ ਦਾ ਹੱਲ ਹਰ ਅਖ਼ਬਾਰ ਦੇ ਲੇਖਕ ਸੁਝਾ ਰਹੇ ਹਨ। ਕੋਈ ਕੁਝ ਕਹਿੰਦਾ ਹੈ ਕੋਈ ਕੁਝ। ਲੱਗਦਾ ਹੈ ਸਾਰਿਆਂ ਕੋਲ ਹੀ ਇਸ ਸਮੱਸਿਆ ਦਾ ਹੱਲ ਹੈ! ਪਰ ਇਸ ਪੂਰੀ ਸਮੱਸਿਆ ਨੂੰ ਸਮਝਣ ਲਈ ਕੁਝ ਗੱਲਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਣਾ ਪਵੇਗਾ ਅਤੇ

ਇਸ ਦੇ ਲਈ ਸਾਨੂੰ ਇਕ ਨਜ਼ਰ ਕਸ਼ਮੀਰ ਦੇ ਇਤਿਹਾਸ 'ਤੇ ਜ਼ਰੂਰ ਮਾਰਨੀ ਚਾਹੀਦੀ ਹੈ। ਇਸ ਤੋਂ ਬਿਨਾਂ ਕਸ਼ਮੀਰ ਸਮੱਸਿਆ ਦਾ ਹੱਲ ਕਰਨਾ ਬੇਅਰਥ ਹੋਵੇਗਾ।

ਕਸ਼ਮੀਰ ਦੀ ਭਾਰਤ ਵਿੱਚ ਸ਼ਮੂਲੀਅਤ ਕੁਝ ਵਿਸ਼ੇਸ਼ ਹਾਲਤਾਂ ਵਿੱਚ ਹੋਈ ਸੀ। ਭਾਰਤ ਦੀ ਵੰਡ ਫਿਰਕੂ ਆਧਾਰ 'ਤੇ ਹੋਈ ਸੀ। ਕਸ਼ਮੀਰ ਵਿੱਚ ਮੁਸਲਮਾਨ ਬਹੁ-ਗਿਣਤੀ ਵਿੱਚ ਸਨ ਪਰ ਉੱਥੇ ਹਕੂਮਤ ਇੱਕ ਹਿੰਦੂ ਰਾਜੇ ਦੇ ਹੱਥਾਂ ਵਿੱਚ ਸੀ। ਕਸ਼ਮੀਰ ਆਪਣੇ ਪਿਛੋਕੜ ਤੋਂ ਹੀ ਧਾਰਮਿਕ ਫਿਰਕਾਪ੍ਰਸਤੀ ਤੋਂ ਕਾਫੀ ਹੱਦ ਤੱਕ ਮੁਕਤ ਰਿਹਾ ਸੀ। ਕਸ਼ਮੀਰ ਦੀ ਜਨਤਾ ਵਿੱਚ ਜਿਸ ਆਗੂ ਦੀ ਸਭ ਤੋਂ ਜ਼ਿਆਦਾ ਪਕੜ ਸੀ, ਉਹ ਸਨ ਸ਼ੇਖ ਅਬਦੁੱਲਾ। ਸ਼ੇਖ ਅਬਦੁੱਲਾ ਫਿਰਕੂ ਆਧਾਰ 'ਤੇ ਪਾਕਿਸਤਾਨ 'ਚ ਸ਼ਾਮਲ ਹੋਣ ਵਿੱਚ ਸ਼ੰਕਾਗ੍ਰਸਤ ਸੀ ਅਤੇ ਇੱਕ ਇਸਲਾਮਕ ਸਿਧਾਂਤਾਂ 'ਤੇ ਬਣੇ ਰਾਜ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਸੀ। ਆਜ਼ਾਦੀ ਤੋਂ ਇੱਕਦਮ ਬਾਅਦ ਪਾਕਿਸਤਾਨੀ ਸ਼ਹਿ 'ਤੇ ਕੀਤੇ ਕਬਾਇਲੀ ਹਮਲੇ ਨਾਲ਼ ਸ਼ੇਖ ਅਬਦੁੱਲਾ ਪਾਕਿਸਤਾਨ ਵਿੱਚ ਸ਼ਾਮਲ ਹੋਣ ਦੇ ਵਿਰੋਧੀ ਹੋ ਗਏ ਸਨ। ਪਰ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਨੂੰ ਲੈ ਕੇ ਵੀ ਉਹ ਸ਼ੰਕਾਗ੍ਰਸਤ ਸਨ। ਕਸ਼ਮੀਰੀ ਲੋਕ ਬਿਨਾਂ ਕਿਸੇ ਸ਼ਰਤ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਨੂੰ ਲੈ ਕੇ ਦੁਚਿੱਤੀ ਵਿੱਚ ਸਨ ਅਤੇ ਆਪਣੀ ਵੱਖਰੀ ਕੌਮੀ ਪਹਿਚਾਣ ਨੂੰ ਲੈ ਕੇ ਕਾਫੀ ਸੁਚੇਤ ਵੀ ਸੀ। ਲੰਮੀ ਸੋਚ-ਵਿਚਾਰ ਅਤੇ ਰਾਜਨੀਤਕ ਮੰਥਨ ਤੋਂ ਬਾਅਦ ਕਸ਼ਮੀਰ ਨੇ ਕੁਝ ਸ਼ਰਤਾਂ 'ਤੇ ਭਾਰਤੀ ਸੰਘ ਵਿੱਚ ਸ਼ਾਮਲ ਹੋਣਾ ਪ੍ਰਵਾਨ ਕੀਤਾ। ਕਸ਼ਮੀਰ ਇਸ ਸ਼ਰਤ 'ਤੇ ਭਾਰਤੀ ਸੰਘ ਵਿੱਚ ਸ਼ਾਮਲ ਹੋਇਆ ਸੀ ਕਿ ਵਿਦੇਸ਼ੀ ਮਾਮਲਿਆਂ, ਸੁਰੱਖਿਆ ਅਤੇ ਮੁਦਰਾ ਲੈਣ-ਦੇਣ ਨੂੰ ਛੱਡਕੇ ਭਾਰਤੀ ਸੰਘ ਕਸ਼ਮੀਰ ਦੀ ਮਾਮਲਿਆਂ ਦੀ ਖੁਦ-ਮੁਖਤਿਆਰੀ ਨੂੰ ਬਰਕਾਰ ਰੱਖੇਗਾ। ਇਸ ਦੇ ਲਈ ਭਾਰਤੀ ਸੰਵਿਧਾਨ ਵਿਚ ਵਿਸ਼ੇਸ਼ ਧਾਰਾ 370 ਨੂੰ ਵੀ ਸ਼ਾਮਲ ਕੀਤਾ ਗਿਆ। ਇਹ ਇਸ ਗੱਲ ਦੀ ਗਰੰਟੀ ਕਰਦੀ ਸੀ ਕਿ ਕਸ਼ਮੀਰ ਦਾ ਮੁੱਖ-ਮੰਤਰੀ ਪ੍ਰਧਾਨ ਮੰਤਰੀ ਕਹਾਵੇਗਾ ਅਤੇ ਰਾਜਪਾਲ ਗਵਰਨਰ ਕਹਾਵੇਗਾ। ਕਸ਼ਮੀਰ ਦੇ ਅੰਦਰੂਨੀ ਮਸਲਿਆਂ ਵਿੱਚ ਕਸ਼ਮੀਰ ਦੀ ਸਰਕਾਰ ਨੂੰ ਖੁਦਮੁਖਤਿਆਰੀ ਦਿੱਤੀ ਜਾਵੇਗੀ। ਇਸ ਤਰ੍ਹਾਂ ਭਾਰਤੀ ਸੰਵਿਧਾਨ ਦੇ ਘੇਰੇ ਅੰਦਰ ਕਸ਼ਮੀਰ ਨੂੰ ਇੱਕ ਖੁਦ-ਮੁਖਤਿਆਰ ਰਾਜ ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ। ਪਰ ਨਹਿਰੂ ਨੂੰ ਰਾਜ ਦੀ ਇਹ ਖੁਦ-ਮੁਖਤਿਆਰੀ ਪ੍ਰਵਾਨ ਨਹੀਂ ਸੀ। ਭਾਰਤ-ਪਾਕ ਵੰਡ ਮਗਰੋਂ ਅਕਸਰ ਸਾਰੀ ਜ਼ਿੰਮੇਵਾਰੀ ਜਿਨਾਹ ਦੇ ਸਿਰ ਮੜ੍ਹ ਦਿੱਤੀ ਜਾਂਦੀ ਹੈ ਪਰ ਘੱਟ ਹੀ ਲੋਕ ਇਹ ਜਾਣਦੇ ਸਨ ਕਿ ਕ੍ਰਿਪਸ ਮਿਸ਼ਨ ਤੋਂ ਬਾਅਦ ਜਿਨਾਹ ਨੇ ਨਹਿਰੂ ਸਾਹਮਣੇ ਇੱਕ ਅਲੱਗ ਪਾਕਿਸਤਾਨ ਦੀ ਮੰਗ ਨੂੰ ਛੱਡਣ ਦਾ ਪ੍ਰਸਤਾਵ ਰੱਖਦੇ ਹੋਏ ਕਿਹਾ ਸੀ ਕਿ ਅਜਿਹੇ ਭਾਰਤੀ ਸੰਘ ਵਿੱਚ ਸ਼ਾਮਲ ਹੋਣਾ ਮਨਜ਼ੂਰ ਹੈ ਜਿੱਥੇ ਮੁਸਲਮਾਨ ਬਹੁਗਿਣਤੀ ਰਾਜਾਂ ਨੂੰ ਸਪੇਖਕ ਖੁਦ-ਮੁਖਤਿਆਰੀ ਹਾਸਲ ਹੋਵੇ। ਪਰ ਇੱਕ ਮਜ਼ਬੂਤ ਕੇਂਦਰੀ ਰਾਜ ਮਸ਼ੀਨਰੀ ਦੇ ਪੱਖ ਵਿੱਚ ਖੜ੍ਹੇ ਨਹਿਰੂ ਨੂੰ ਇਹ ਪ੍ਰਸਤਾਵ ਮਨਜ਼ੂਰ ਨਹੀਂ ਸੀ। ਇਸ ਮੁੱਦੇ 'ਤੇ ਨਹਿਰੂ ਗਾਂਧੀ ਨਾਲ਼ ਸਹਿਮਤ ਨਹੀਂ ਸੀ। ਪਟੇਲ ਤੇ ਨਹਿਰੂ ਹਰ ਹਾਲਤ ਇੱਕ ਮਜਬੂਤ ਕੇਂਦਰ ਚਾਹੁੰਦੇ ਸਨ, ਚਾਹੇ ਇਸ ਨਾਲ਼ ਦੇਸ਼ ਦੀ ਵੰਡ ਹੋ ਜਾਵੇ।

ਕਸ਼ਮੀਰ ਦੇ ਸ਼ਾਮਲ ਹੋਣ ਨਾਲ਼ ਕਸ਼ਮੀਰੀ ਜਨਤਾ ਨਾਲ਼ ਜਨਮਤ ਸੰਗ੍ਰਹਿ ਦਾ ਕੀਤਾ ਵਾਅਦਾ ਵੀ ਕਦੇ ਪੂਰਾ ਹੀ ਨਹੀਂ ਕੀਤਾ ਗਿਆ। ਇਸ ਦੇ ਲਈ ਨਹਿਰੂ ਦਾ ਤਰਕ ਇਹ ਸੀ ਕਿ ਸੰਯੁਕਤ ਰਾਸ਼ਟਰ ਦੁਆਰਾ 1947-48 ਵਿੱਚ ਪਾਕਿਸਤਾਨ ਦੀ ਹਮਾਇਤ ਵਾਲੇ ਹਮਲੇ ਤੋਂ ਬਾਅਦ ਇਹ ਤੈਅ ਕੀਤਾ ਗਿਆ ਕਿ ਪਾਕਿਸਤਾਨ ਕਸ਼ਮੀਰ ਦੇ ਉੱਤਰ-ਪੱਛਮੀ ਹਿੱਸਿਆ ਤੋਂ ਆਪਣੀ ਫੌਜ ਵਾਪਸ ਬੁਲਾਏਗਾ ਅਤੇ ਉਸਤੋਂ ਬਾਅਦ ਕਸ਼ਮੀਰ ਵਿੱਚ ਜਨਮਤ ਸੰਗ੍ਰਹਿ ਕਰਾਇਆ ਜਾਵੇਗਾ। ਪਾਕਿਸਤਾਨੀ ਹਾਕਮਾਂ ਨੇ ਆਪਣੀਆਂ ਫੌਜਾਂ ਨੂੰ ਵਾਪਸ ਨਹੀਂ ਬੁਲਾਇਆ ਅਤੇ ਭਾਰਤੀ ਹਾਕਮਾਂ ਨੇ ਕਸ਼ਮੀਰ ਵਿੱਚ ਜਨਮਤ ਸੰਗ੍ਰਹਿ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਪਰ ਭਾਰਤ-ਪਾਕਿਸਤਾਨ ਦੀਆਂ ਖੇਤਰੀ-ਲਾਲਸਾਵਾਂ ਵਿੱਚ ਕਸ਼ਮੀਰੀ ਲੋਕ ਸੰਨ੍ਹ ਵਿਚਾਲੇ ਪਿਸ ਗਏ।

1953 ਵਿੱਚ ਨਹਿਰੂ ਨੇ ਸ਼ੇਖ ਅਬਦੁੱਲਾ ਦੀ ਚੁਣੀ ਹੋਈ ਸਰਕਾਰ ਨੂੰ ਬਰਖਾਸਤ ਕਰ ਦਿੱਤਾ ਅਤੇ ਸ਼ੇਖ ਅਬਦੁੱਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ, ਕਸ਼ਮੀਰ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਜਦੋਂ ਸ਼ੇਖ ਅਬਦੁੱਲਾ ਹਿਰਾਸਤ 'ਚੋਂ ਬਾਹਰ ਆਏ ਤਾਂ ਨਹਿਰੂ ਨੂੰ ਹਾਲੇ ਵੀ ਅਬਦੁੱਲਾ ਦਾ ਜਨਮਤ ਸੰਗ੍ਰਹਿ ਦਾ ਪ੍ਰਸਤਾਵ ਪ੍ਰਵਾਨ ਨਹੀਂ ਸੀ। ਥੋੜ੍ਹੇ ਸਮੇਂ ਮਗਰੋਂ ਸ਼ੇਖ ਅਬਦੁੱਲਾ ਨੂੰ ਫਿਰ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ। 1964 ਤੱਕ ਆਉਂਦੇ-ਆਉਂਦੇ ਸ਼ੇਖ ਅਬਦੁੱਲਾ ਕਸ਼ਮੀਰੀ ਜਨਮਤ ਨੂੰ ਲੈ ਕੇ ਕਾਫੀ ਸਮਝੌਤਾਵਾਦੀ ਹੋ ਚੁੱਕੇ ਸਨ। 1970 ਆਉਂਦੇ-ਆਉਂਦੇ ਧਾਰਾ 370 ਅਰਥਹੀਣ ਹੋ ਗਈ। ਭਾਰਤੀ ਹਾਕਮਾਂ ਦੀ ਇਸ ਅਸੁਰੱਖਿਅਤ ਭਾਵਨਾ ਕਾਰਨ ਕਿ ਜੇ ਕਸ਼ਮੀਰੀ ਜਨਤਾ ਨੂੰ ਖੁੱਲ੍ਹਾ ਛੱਡ ਦਿੱਤਾ ਗਿਆ ਤਾਂ ਉਹ ਪਾਕਿਸਤਾਨ ਵਿੱਚ ਸ਼ਾਮਲ ਹੋ ਸਕਦੀ ਹੈ, ਕਦੇ ਵੀ ਭਾਰਤ ਨੇ ਕਸ਼ਮੀਰ ਦੀ ਜਨਤਾ ਨੂੰ ਭਾਰਤ ਵਿੱਚ ਆਪਣੀ ਕੌਮੀ ਪਹਿਚਾਣ ਦੇ ਨਾਲ਼ ਸ਼ਾਮਲ ਨਹੀਂ ਹੋਣ ਦਿੱਤਾ। ਕਸ਼ਮੀਰ ਦੀ ਜਨਤਾ ਆਪਣੀ ਇੱਛਾ ਨਾਲ਼ ਖੁਦ-ਮੁਖਤਿਆਰ ਰਾਜ ਦੀ ਸ਼ਰਤ 'ਤੇ ਭਾਰਤੀ ਸੰਘ ਵਿੱਚ ਸ਼ਾਮਲ ਹੋਈ ਸੀ। ਭਾਰਤੀ ਸੰਘ ਦੁਆਰਾ ਕਸ਼ਮੀਰੀ ਜਨਤਾ ਨਾਲ ਕੀਤੇ ਇਸ ਵਿਹਾਰ ਨੂੰ, ਜਨਤਾ ਨੇ ਧੋਖੇ ਅਤੇ ਵਿਸ਼ਵਾਸਘਾਤ ਦੇ ਰੂਪ ਵਿੱਚ ਲਿਆ। ਇਹੀ ਕਾਰਨ ਹੈ ਕਿ ਫਾਰੁੱਖ ਅਬਦੁੱਲਾ ਵਰਗੇ ਸਮੌਝਤਾਵਾਦੀ ਵੀ 1953 ਦੀ ਸਥਿਤੀ ਬਹਾਲ ਕਰਨ ਦੀ ਮੰਗ ਕਰਦੇ ਹਨ, ਜੇ ਉਹ ਇਸ ਤੋਂ ਅੱਗੇ ਨਾ ਵੀ ਵੱਧਣ। ਕਿਉਂਕਿ ਜੇ ਉਹ ਇਹ ਮੰਗ ਨਹੀਂ ਕਰਦੇ ਤਾਂ ਕਸ਼ਮੀਰੀ ਜਨਤਾ ਦਾ ਬਚਿਆ-ਖੁਚਿਆ ਵਿਸ਼ਵਾਸ ਵੀ ਗਵਾ ਦੇਣਗੇ। ਪਹਿਲਾਂ ਹੀ ਕਸ਼ਮੀਰੀ ਜਨਤਾ ਦਾ ਇੱਕ ਵਿਚਾਰਨਯੋਗ ਹਿੱਸਾ ਉਹਨਾਂ ਨੂੰ ਗੁਲਾਮ ਬਖ਼ਸ਼ੀ ਮੁਹੰਮਦ ਜਿਹਾ ਗੱਦਾਰ ਸਮਝਣ ਲੱਗਾ ਹੈ। ਗੁਲਾਮ ਬਖ਼ਸ਼ੀ ਮੁਹੰਮਦ ਨੂੰ ਸ਼ੇਖ ਅਬਦੁੱਲਾ ਨੂੰ ਲਾਂਭੇ ਕਰਨ ਤੋਂ ਬਾਅਦ ਕਸ਼ਮੀਰ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ। ਅਤੇ ਭਾਰਤੀ ਹਾਕਮ ਜਮਾਤ ਦੀ ਕਠਪੁੱਤਲੀ ਦੇ ਰੂਪ ਵਿੱਚ ਆਪਣਾ ਕੰਮ ਕਰਦਾ ਸੀ।

ਇਸ ਇਤਿਹਾਸਕ ਧੋਖੇ ਨੇ ਕਸ਼ਮੀਰੀ ਜਨਤਾ ਅੰਦਰ ਅਲਹਿਦਗੀ ਦੀ ਭਾਵਨਾ ਨੂੰ ਹੋਰ ਵਧਾਇਆ। ਜਨਮਤ ਸੰਗ੍ਰਹਿ ਨੂੰ ਲੈ ਕੇ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਜਥੇਬੰਦੀਆਂ ਨੇ ਕਸ਼ਮੀਰੀ ਲੋਕਾਂ ਵਿੱਚ ਕੰਮ ਕੀਤਾ ਅਤੇ ਉਹਨਾਂ ਨੂੰ ਜਥੇਬੰਦ ਕੀਤਾ। ਜਿਸ ਰਫ਼ਤਾਰ ਨਾਲ਼ ਅਜਿਹੀਆਂ ਸਰਗਰਮੀਆਂ ਵਧੀਆਂ, ਓਸੇ ਰਫ਼ਤਾਰ ਨਾਲ਼ ਭਾਰਤੀ ਰਾਜ ਦਾ ਕਿਰਦਾਰ ਵੱਧ ਤੋਂ ਵੱਧ ਜ਼ਾਬਰ ਹੁੰਦਾ ਗਿਆ। 'ਹਥਿਆਰਬੰਦ ਤਾਕਤਾਂ ਵਿਸ਼ੇਸ਼ ਅਧਿਕਾਰ ਕਾਨੂੰਨ' ਲਾਗੂ ਹੋਣ ਤੋਂ ਬਾਅਦ ਕਸ਼ਮੀਰ

ਵਿੱਚ ਫੌਜੀ ਰਾਜ ਵਰਗੀ ਸਥਿਤੀ ਬਣ ਗਈ ਸੀ। ਇਸ ਪੂਰੇ ਦੌਰ ਵਿੱਚ ਪਾਕਿਸਤਾਨ ਦੁਆਰਾ ਦਹਿਸ਼ਤਗਰਦੀ ਨੂੰ ਅੱਗੇ ਵਧਾਉਣ ਅਤੇ ਧਾਰਮਿਕ ਕੱਟੜਪੰਥੀ ਦਹਿਸ਼ਤਗਰਦੀ ਨੂੰ ਅੱਗੇ ਵਧਾਉਣ ਦੀਆਂ ਪ੍ਰਕਿਰਿਆ ਜਾਰੀ ਰਹੀਆਂ। 1980 ਦੇ ਦਹਾਕੇ ਤੋਂ ਕਸ਼ਮੀਰ ਵਿੱਚ ਦਹਿਸ਼ਤਗਰਦੀ ਇੱਕ ਵੱਡੇ ਵਰਤਾਰੇ ਦੇ ਰੂਪ ਵਿੱਚ ਸਾਹਮਣੇ ਆਈ। ਇਸ ਦਹਾਕੇ ਦਾ ਮਗਰਲਾ ਅੱਧ ਦਹਿਸ਼ਤਗਰਦੀ ਦੀ ਭਿਆਨਕਤਾ ਦਾ ਸਿਖ਼ਰ ਸੀ। 1989 ਤੋਂ 1991-92 ਵਿੱਚ ਹੀ ਹਜ਼ਾਰਾਂ ਕਸ਼ਮੀਰੀਆਂ ਨੇ ਦਹਿਸ਼ਤਗਰਦੀ ਅਤੇ ਭਾਰਤੀ ਰਾਜ ਦਰਮਿਆਨ ਟਕਰਾਅ ਦੀ ਕੀਮਤ ਚੁਕਾਈ। ਧਾਰਮਿਕ ਕੱਟੜਪੰਥੀ ਦਹਿਸ਼ਤਗਰਦੀ ਦਾ ਕਸ਼ਮੀਰੀ ਜਨਤਾ ਦੇ ਇੱਕ ਹਿੱਸੇ ਵਿੱਚ ਅਧਾਰ ਵੀ ਤਿਆਰ ਹੋਇਆ। ਫੌਜ ਦੁਆਰਾ ਕਲਪਨਾ ਤੋਂ ਪਰ੍ਹੇ ਜਬਰ, ਕਤਲ, ਬਲਾਤਕਾਰ ਅਤੇ ਅਗਵਾ ਵਰਗੀਆਂ ਦੀ ਪ੍ਰਤੀਕ੍ਰਿਆ ਵਿੱਚ ਕਸ਼ਮੀਰੀ ਨੌਜਵਾਨ ਦਹਿਸ਼ਤਗਰਦੀ ਦੇ ਰਾਹ 'ਤੇ ਜਾਣ ਲੱਗੇ। ਭਾਰਤੀ ਰਾਜ ਦੁਆਰਾ ਕਸ਼ਮੀਰੀਆਂ ਨਾਲ਼ ਕੀਤੇ ਧੋਖੇ ਅਤੇ ਉਸ ਤੋਂ ਬਾਅਦ ਜਬਰ ਨੇ ਮਿਲਕੇ ਕਸ਼ਮੀਰੀ ਜਨਤਾ ਦੀ ਅਲਿਹਦਗੀ ਨੂੰ ਨਵੀਆਂ ਹੱਦਾਂ ਤੱਕ ਵਧਾ ਦਿੱਤਾ ਹੈ। ਆਜ਼ਾਦੀ ਜਾਂ ਪਾਕਿਸਤਾਨ ਵਿੱਚ ਸ਼ਾਮਲ ਹੋਣ ਵਾਲੇ ਵੱਖਵਾਦੀ ਗਰੁੱਪਾਂ ਦੀ ਕਸ਼ਮੀਰੀ ਲੋਕਾਂ ਵਿੱਚ ਜਬਰਦਸਤ ਪਕੜ ਬਣ ਚੁੱਕੀ ਸੀ। ਪਰ ਇਸ ਗੱਲ ਦੀ ਸੱਚਾਈ ਇਹ ਹੈ ਕਿ ਇਸ ਲਈ ਕਾਫੀ ਹੱਦ ਤੱਕ ਭਾਰਤੀ ਰਾਜ ਦੁਆਰਾ ਕੀਤਾ ਧੋਖਾ ਅਤੇ ਫੌਜੀ ਜਬਰ ਸੀ। ਨਿਸ਼ਚਿਤ ਰੂਪ 'ਚ ਇਸ ਵਿੱਚ ਸਹਾਇਕ ਯੋਗਦਾਨ ਪਾਕਿਸਤਾਨ ਦੁਆਰਾ ਦਹਿਸ਼ਤਗਰਦੀ ਅਤੇ ਧਾਰਮਿਕ ਕੱਟੜਪੰਥੀ ਸਰਗਰਮੀਆਂ ਨੂੰ ਹੱਲਾਸ਼ੇਰੀ ਦੇਣਾ ਵੀ ਸੀ। ਇੱਕ ਹੋਰ ਮਹੱਤਵਪੂਰਨ ਕਾਰਨ ਇਹ ਸੀ ਕਿ 1970 ਦੇ ਦਹਾਕੇ ਵਿੱਚ ਜਨਸੰਘ ਅਤੇ ਉਸ ਤੋਂ ਬਾਅਦ ਦੇ ਸੰਘ ਦੀ ਹਮਾਇਤ ਵਾਲੇ ਜੰਮੂ ਪਰਜਾ ਪ੍ਰੀਸ਼ਦ ਦੀਆਂ ਫਿਰਕੂ ਸਰਗਰਮੀਆਂ ਨੇ ਵੀ ਹਿੰਦੂ-ਮੁਸਲਮਾਨਾਂ ਵਿੱਚ ਤਣਾਅ ਨੂੰ ਹੋਰ ਵਧਾ ਦਿੱਤਾ। ਇਹ ਕੋਈ ਚਮਤਕਾਰ ਨਹੀਂ ਸੀ ਕਿ 1930 ਦੇ ਦਹਾਕੇ ਤੋਂ ਹੀ ਹਿੰਦੂਆਂ ਮੁਸਲਮਾਨਾਂ ਵਿੱਚ ਤਣਾਅ ਦੀ ਹਾਲਤ ਬਣਨ ਲੱਗੀ ਸੀ। ਇਸ ਦੇ ਲਈ ਇਸਲਾਮਿਕ ਕੱਟੜਪੰਥ ਅਤੇ ਸੰਘ ਦੀਆਂ ਸਰਗਰਮੀਆਂ ਦੋਵੇਂ ਹੀ ਜ਼ਿੰਮੇਵਾਰ ਸਨ। 1989 ਤੋਂ ਭਾਰਤੀ ਰਾਜ ਨੇ ਕਸ਼ਮੀਰ ਘਾਟੀ ਵਿੱਚ ਦਹਿਸ਼ਤਗਰਦੀ ਦੇ ਵਿਰੁੱਧ ਵੱਡੇ ਪੈਮਾਨੇ 'ਤੇ ਫੌਜੀ ਮੁਹਿੰਮ ਸ਼ੁਰੂ ਕੀਤੀ ਅਤੇ ਆਪਣੀ ਫੌਜੀ ਤਾਕਤ ਸਹਾਰੇ 1993 ਆਉਂਦੇ-ਆਉਂਦੇ ਦਹਿਸ਼ਤਗਰਦ ਗਰੁੱਪਾਂ ਨੂੰ ਕਾਫੀ ਹੱਦ ਤੱਕ ਕੁਚਲ ਦਿੱਤਾ। ਦੱਸਣ ਦੀ ਲੋੜ ਨਹੀਂ ਕਿ ਇਹੀ ਉਹ ਸਮਾਂ ਸੀ ਜਦੋਂ ਦਹਿਸ਼ਤਗਰਦੀ ਨੂੰ ਕੁਚਲਣ ਦੇ ਨਾਂ 'ਤੇ ਕਸ਼ਮੀਰੀ ਜਨਤਾ 'ਤੇ ਵੀ ਫੌਜਾਂ ਨੇ ਭਿਅੰਕਰ ਜਬਰ ਢਾਹਿਆ। 1993 ਵਿੱਚ ਭਾਰਤ ਸਰਕਾਰ ਨੇ ਦਾਅਵਾ ਕੀਤਾ ਕਿ ਕਸ਼ਮੀਰ ਘਾਟੀ ਵਿੱਚ ਦਹਿਸ਼ਤਗਰਦੀ ਅਤੇ ਪਾਕਿਸਤਾਨ ਤੋਂ ਘੁਸਪੈਠ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਘਾਟੀ ਵਿੱਚ ਅੰਦਾਜੇ ਅਨੁਸਾਰ ਸਿਰਫ਼ 600 ਤੋਂ 1000 ਹਥਿਆਰਬੰਦ ਦਹਿਸ਼ਤਗਰਦ ਮੌਜੂਦ ਹਨ। ਪਰ ਦਹਿਸ਼ਤਗਰਦੀ ਨੂੰ ਖ਼ਤਮ ਕਰਨ ਲਈ ਜਿਸ ਵਿਸ਼ਾਲ ਫੌਜੀ ਤਾਕਤ ਦੇ ਕਸ਼ਮੀਰ ਵਿੱਚ ਹੋਣ ਨੂੰ ਸਹੀ ਠਹਿਰਾਇਆ ਜਾਂਦਾ ਰਿਹਾ ਹੈ, ਉਹ ਇਸ ਤੋਂ ਬਾਅਦ ਵੀ ਮੌਜੂਦ ਰਹੀ। 'ਹਥਿਆਰਬੰਦ ਤਾਕਤਾਂ ਵਿਸ਼ੇਸ਼ ਅਧਿਕਾਰ ਕਾਨੂੰਨ' ਵੀ ਆਪਣੀ ਥਾਂ ਜਾਰੀ ਹੈ ਅਤੇ ਫੌਜ ਦੁਆਰਾ ਜਿਸ ਦਾ ਅਣਮਨੁੱਖੀ ਦੁਰਉਪਯੋਗ ਜਾਰੀ ਰਿਹਾ।

ਕਸ਼ਮੀਰ ਦੀ ਜਨਤਾ ਨੇ 1980 ਦੇ ਦਹਾਕੇ ਤੋਂ ਲੈ ਕੇ 1990 ਦੇ ਦਹਾਕੇ ਦੇ ਮਗਰਲੇ ਅੱਧ ਤੱਕ ਜੋ ਕੁਝ ਝੱਲਿਆ ਸੀ, ਉਸਦੇ ਬਾਅਦ ਦੇ ਦਸ ਸਾਲ ਚੁੱਪ ਦਾ ਦੌਰ ਰਿਹਾ ਹੈ। ਪਰ ਇਸਦਾ ਅਰਥ ਇਹ ਨਹੀਂ ਕਿ ਕਸ਼ਮੀਰੀ ਜਨਤਾ ਦੀਆਂ ਅਕਾਂਖਿਆਵਾਂ ਅਤੇ ਉਹਨਾਂ ਦੀਆਂ ਚਾਹਤਾਂ ਖ਼ਤਮ ਹੋ ਚੁੱਕੀਆਂ ਸਨ। ਭਾਰਤੀ ਫੌਜੀ ਤਾਕਤ ਸਾਹਮਣੇ ਦਹਿਸ਼ਤਗਰਦ ਜਾਂ ਹਥਿਆਰਬੰਦ ਸੰਘਰਸ਼ ਟਿਕ ਨਹੀਂ ਸਕਦਾ ਸੀ, ਇਹ ਸਾਬਿਤ ਹੋ ਚੁੱਕਿਆ ਸੀ। ਕਸ਼ਮੀਰੀ ਜਨਤਾ ਜ਼ਿਆਦਾਤਰ ਵੱਖਵਾਦੀ ਪਾਰਟੀਆਂ ਨੂੰ ਜਾਂ ਤਾਂ ਉਦਾਸੀਨ ਕਰ ਦਿੱਤਾ ਗਿਆ ਜਾਂ ਫਿਰ ਸਮਾਪਤ ਕਰ ਦਿੱਤਾ ਗਿਆ। ਜੇ. ਕੇ. ਐਲ. ਐਫ. ਦੀ ਤਾਕਤ ਕਾਫੀ ਘੱਟ ਹੋ ਚੁੱਕੀ ਸੀ ਅਤੇ ਯਾਸੀਨ ਮਲਿਕ ਵਰਗੇ ਆਗੂ ਜਬਰ ਝੱਲਣ ਤੋਂ ਬਾਅਦ ਨਰਮ ਪੈ ਚੁੱਕੇ ਸਨ। ਪਰ ਡੇਢ ਦਹਾਕੇ ਬਾਅਦ ਭਾਰਤੀ ਹਾਕਮਾਂ ਦੀ ਖੁਸ਼ਫਹਿਮੀ ਦੂਰ ਹੋ ਚੁੱਕੀ ਹੈ ਕਿ ਕਸ਼ਮੀਰ ਸਮੱਸਿਆ ਦਾ ਹੱਲ, ਉਹਨਾਂ ਨੇ ਫੌਜੀ ਤਾਕਤਾਂ ਨਾਲ਼ ਕਰ ਦਿੱਤਾ ਹੈ। ਨਵੀਂ ਦਹਿਸਦੀ ਦੇ ਪਹਿਲੇ ਦਹਾਕੇ ਦੇ ਅੱਧ ਤੋਂ ਇੱਕ ਵਾਰ ਫਿਰ ਤੋਂ ਕਸ਼ਮੀਰ ਵਿੱਚ ਉੱਥਲ-ਪੁੱਥਲ ਸ਼ੁਰੂ ਹੋ ਚੁੱਕੀ ਸੀ। ਹੁਰੀਅਤ ਕਾਨਫਰੰਸ ਦੇ ਆਗੂ ਸੱਈਅਦ ਅਲੀ ਸ਼ਾਹ ਗਿਲਾਨੀ ਦੀ ਅਗਵਾਈ ਵਿੱਚ ਤਹਿਰੀਕ-ਏ-ਹੁਰੀਅਤ ਦਾ ਅੰਦੋਲਨ ਸ਼ੁਰੂ ਹੋ ਚੁੱਕਿਆ ਸੀ। ਅਤੇ ਇਸ ਵਾਰ ਦੇ ਸੰਘਰਸ਼ ਦਾ ਰੂਪ ਬਿਲਕੁਲ ਵੱਖਰਾ ਸੀ। ਕਸ਼ਮੀਰੀ ਜਨਤਾ ਵਿੱਚ ਫੌਜੀ ਜਬਰ ਅਤੇ ਅੱਤਿਆਚਾਰ ਦੇ ਵਿਰੁੱਧ ਜੋ ਭਿਅੰਕਰ ਬੇਚੈਨੀ ਸੁਲਗ ਰਹੀ ਸੀ, ਉਸਨੂੰ ਇੱਕ ਰਾਹ ਮਿਲ ਗਿਆ ਸੀ। ਨਿਸ਼ਚਿਤ ਰੂਪ ਵਿੱਚ, ਗਿਲਾਨੀ ਇਸਲਾਮੀ ਕੱਟੜਪੰਥੀ ਆਗੂ ਹੈ ਅਤੇ ਕਈ ਲੋਕ ਗਿਲਾਨੀ 'ਤੇ ਇਹ ਵੀ ਦੋਸ਼ ਲਾਉਂਦੇ ਹਨ ਕਿ ਆਜ਼ਾਦੀ ਜਾਂ ਖੁਦਮੁਖਤਿਆਰੀ ਪਿਛੇ ਉਹਨਾਂ ਦਾ ਅਸਲੀ ਮਕਸਦ ਪਾਕਿਸਤਾਨ ਵਿੱਚ ਸ਼ਾਮਲ ਹੋਣਾ ਹੈ। ਗਿਲਾਨੀ ਦੇ ਨਵੇਂ ਸਿਪਾਹਸਿਲਾਰ ਮਸਰਤ ਆਲਮ ਅਤੇ ਖਾਸ ਤੌਰ 'ਤੇ ਆਸੀਆ ਅੰਦਰਾਬੀ ਨੇ ਜਿਸ ਕਿਸਮ ਦੀਆਂ ਸਰਗਰਮੀਆਂ ਨੂੰ ਅੰਜਾਮ ਦਿੱਤਾ ਉਸਤੋਂ ਇਹ ਸ਼ੱਕ ਹੋਰ ਵੀ ਪੱਕਾ ਹੋ ਜਾਂਦਾ ਹੈ। ਮਸਰਤ ਆਲਮ ਅਤੇ ਖਾਸ ਤੌਰ 'ਤੇ ਆਸੀਆ ਅੰਦਰਾਬੀ ਇੱਕ ਇਸਲਾਮੀ ਕਸ਼ਮੀਰੀ ਰਾਜ ਬਣਾਉਣ ਦੇ ਪੱਖ ਵਿੱਚ ਸਨ। ਗਿਲਾਨੀ ਨੇ ਭਾਰਤੀ ਰਾਜ ਨਾਲ਼ ਗੱਲਬਾਤ ਦੇ ਟੇਬਲ 'ਤੇ ਵੀ ਬੈਠਣਾ ਹੁੰਦਾ ਹੈ, ਇਸ ਲਈ ਉਹ ਆਪਣੇ ਇਸਲਾਮੀ ਕੱਟੜਪੰਥ ਨੂੰ ਦਿਖਾਉਂਦੇ ਹੋਏ ਵੀ ਆਜ਼ਾਦੀ ਦੀ ਗੱਲ ਬੜਾ ਬਚਾ-ਬਚਾ ਕੇ ਕਰਦਾ ਹੈ। ਪਰ ਆਸੀਆ ਅੰਦਰਾਬੀ ਨੇ ਗਿਲਾਨੀ ਦੀ ਅਗਵਾਈ ਵਿੱਚ ਆਪਣਾ ਰਾਜਨੀਤਕ ਕੈਰੀਅਰ ਸ਼ੁਰੂ ਹੀ ਕੱਟੜਪੰਥੀ ਸਰਗਰਮੀਆਂ ਤੋਂ ਕੀਤਾ। ਸਭ ਤੋਂ ਪਹਿਲਾਂ ਉਸਨੇ ਬੁਰਕਾ ਪਹਿਨਣਾ ਥੋਪਣ ਅਤੇ ਬਿਊਟੀ ਪਾਰਲਰਾਂ 'ਤੇ ਹਮਲੇ ਤੋਂ ਸ਼ੁਰੂਆਤ ਕੀਤੀ। ਉਸਤੋਂ ਬਾਅਦ ਉਸਨੇ ਹਰ ਉਸ ਚੀਜ਼ 'ਤੇ ਹਮਲਾ ਕੀਤਾ ਜੋ ਆਧੁਨਿਕਤਾ ਦੀ ਨੁਮਾਇੰਦਗੀ ਕਰਦੀ ਸੀ। ਮਸਰਤ ਆਲਮ ਨੇ ਵੀ ਆਪਣੇ ਇਸਲਾਮੀ ਕੱਟੜਪੰਥੀ 'ਕਰੈਡੇਂਸ਼ਿਅਲਸ' ਨੂੰ ਖੁੱਲ੍ਹਕੇ ਪੇਸ਼ ਕੀਤਾ। ਪਰ ਨਾਲ਼ ਨਾਲ਼ ਇਹਨਾਂ ਲੋਕਾਂ ਨੇ ਭਾਰਤੀ ਫੌਜ ਦੁਆਰਾ ਕੀਤੇ ਜਾ ਰਹੇ ਅੱਤਿਆਚਾਰਾਂ ਵਿਰੁੱਧ ਵੀ ਆਵਾਜ਼ ਬੁਲੰਦ ਕੀਤੀ ਅਤੇ ਲੋਕਾਂ ਨੂੰ ਇਸ ਸਭ ਦੇ ਖਿਲਾਫ ਲਾਮਬੰਦ ਕੀਤਾ।

ਇਸ ਵਕਤ ਕੋਈ ਅਜਿਹੀ ਤਾਕਤ ਮੌਜੂਦ ਨਹੀਂ ਸੀ,

ਜਿਹੜੀ ਇਸ ਰੈਡੀਕਲ ਤੇਵਰ ਅਤੇ ਹੌਸਲੇ ਨਾਲ਼ ਭਾਰਤੀ ਫੌਜ ਦੇ ਜਬਰ ਵਿਰੁੱਧ ਆਵਾਜ਼ ਉਠਾ ਰਹੀ ਹੋਵੇ। ਇਸ ਦਾ ਨਤੀਜਾ ਇਹ ਹੋਇਆ ਕਿ ਤਹਿਰੀਕ ਅੰਦੋਲਨ ਨੂੰ ਕਸ਼ਮੀਰੀ ਜਨਤਾ ਨੇ ਆਪਣੀ ਹਮਾਇਤ ਦੇਣੀ ਸ਼ੁਰੂ ਕਰ ਦਿੱਤੀ। 2004-05 ਆਉਂਦੇ-ਆਉਂਦੇ ਇਸ ਅੰਦੋਲਨ ਨੇ ਕਸ਼ਮੀਰ ਘਾਟੀ ਦੇ ਧੁਰ ਅੰਦਰ ਤੱਕ ਆਪਣੀਆਂ ਜੜ੍ਹਾਂ ਜਮਾ ਲਈਆਂ ਸਨ। ਇਸਦਾ ਪਹਿਲਾ ਪ੍ਰਮਾਣ 2009 ਵਿੱਚ ਅਮਰਨਾਥ ਯਾਤਰਾ ਲਈ ਜ਼ਮੀਨ ਲੈਣ ਦੇ ਵਿਰੁੱਧ ਅੰਦੋਲਨ ਵਿੱਚ ਮਿਲਿਆ। ਇਸ ਅੰਦੋਲਨ ਤੋਂ ਕਾਫੀ ਸਮਾਂ ਬਾਅਦ 'ਭਾਰਤ ਵਾਪਸ ਜਾਓ' ਦੇ ਨਾਅਰੇ ਲੱਗੇ। ਪਰ ਇਸ ਵਾਰ ਇਸ ਟਾਕਰੇ ਨੂੰ ਕੁਚਲਣ ਲਈ ਖੁੱਲ੍ਹਕੇ ਫੌਜੀ ਤਾਕਤ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ ਸੀ, ਕਿਉਂਕਿ ਟਾਕਰੇ ਦਾ ਰੂਪ ਸਿਵਲ ਸੀ। ਵੱਧ ਤੋਂ ਵੱਧ ਪਥਰਾਅ ਕੀਤਾ ਗਿਆ। ਪਰ ਕਿਤੇ ਵੀ ਇੱਕ ਵੀ ਕਾਰਤੂਸ ਨਹੀਂ ਇਸਤੇਮਾਲ ਕੀਤਾ ਗਿਆ। ਇਹ ਨਵਾਂ ਟਾਕਰਾ ਜ਼ਿਆਦਾ ਅਕਾਰਹੀਣ ਅਤੇ ਸ਼ਕਤੀਸ਼ਾਲੀ ਸੀ। ਕਾਰਨ ਇਹ ਸੀ ਕਿ ਅੰਦੋਲਨ ਦੀਆਂ ਸਫਾਂ ਵਿੱਚ ਸੜਕਾਂ 'ਤੇ ਤੁਸੀਂ ਜਿਨ੍ਹਾਂ ਚਿਹਰਿਆਂ ਨੂੰ ਦੇਖ ਸਕਦੇ ਸੀ, ਉਹ ਕੋਈ ਲਸ਼ਕਰ-ਏ-ਤੋਇਬਾ ਜਾਂ ਹਿਜਬੁਲ ਮੁਹਾਜੁਦਿਨ ਦੇ ਦਹਿਸ਼ਤਗਰਦ ਨਹੀਂ ਸਨ। ਜੋ ਏ. ਕੇ. 47 ਨਾਲ਼ ਲੈਸ ਹੋਣ। ਇਸ ਵਿੱਚ ਸਕੂਲ ਜਾਣ ਵਾਲੇ ਕਿਸ਼ੋਰ ਮੁੰਡੇ ਵਿਸ਼ੇਸ਼ ਰੂਪ ਵਿੱਚ ਬੇਰੁਜ਼ਗਾਰ ਨੌਜਵਾਨ, ਬਜ਼ੁਰਗ ਅਤੇ ਅਧਖੜ ਉਮਰ ਦੀਆਂ ਔਰਤਾਂ ਅਤੇ ਆਮ ਜਨਤਾ ਸੀ, ਜੋ ਭਾਰਤੀ ਫੌਜ ਦੇ ਜਬਰ ਅਤੇ ਦਾਬੇ ਵਿਰੁੱਧ ਆਪਣੀ ਨਫ਼ਰਤ ਕਾਰਨ ਸੜਕਾਂ 'ਤੇ ਉੱਤਰੀ ਸੀ। ਇਹ ਭਾਰਤੀ ਰਾਜ ਲਈ ਖਾਸ ਤੌਰ 'ਤੇ ਸ਼ਰਮਿੰਦਾ ਕਰ ਦੇਣ ਵਾਲਾ ਸੀ, ਕਿਉਂਕਿ ਹਾਲੇ ਕੁੱਝ ਸਮਾਂ ਪਹਿਲਾਂ ਹੀ ਕਰੀਬ 10 ਲੱਖ ਹਥਿਆਰਬੰਦ ਤਾਕਤਾਂ ਦੀ ਤੈਨਾਤੀ ਅਧੀਨ ਕਸ਼ਮੀਰੀ ਚੋਣਾਂ ਕਰਵਾਈਆਂ ਗਈਆਂ ਸਨ ਅਤੇ ਕਸ਼ਮੀਰ ਵਿੱਚ ਹੋਂਦ ਰਹਿਤ ਪਾਰਟੀਆਂ, ਜਿਵੇਂ ਕਿ ਸਪਾ, ਰਾਜਦ, ਬਸਪਾ ਆਦਿ ਤੋਂ ਵੀ ਪਰਚੇ ਭਰਵਾ ਕੇ 60 ਫੀਸਦੀ ਤਕ ਦਾ ਮਤਦਾਨ ਕਰਵਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਸੀ। ਇਹਨਾਂ ਚੋਣਾਂ ਨੂੰ ਭਾਰਤੀ ਹਾਕਮ ਜਮਾਤ ਨੇ ਭਾਰਤੀ ਲੋਕਤੰਤਰ ਦੀ ਕਸ਼ਮੀਰ ਵਿੱਚ ਜਿੱਤ ਦੇ ਰੂਪ ਵਿੱਚ ਪੇਸ਼ ਕੀਤਾ ਸੀ ਅਤੇ ਖਾਂਦਾ-ਪੀਂਦਾ "ਕੌਮਵਾਦੀ" ਭਾਰਤੀ ਮੱਧਵਰਗ ਇਸ ਨਾਲ਼ ਕਾਫੀ ਖੁਸ਼ ਹੋਇਆ ਅਤੇ ਉਸ ਨੂੰ ਲੱਗਾ ਕਿ ਕਸ਼ਮੀਰ ਸਮੱਸਿਆ ਦਾ ਹੱਲ ਲਗਭਗ ਹੋ ਗਿਆ ਹੈ। ਪਰ 2009 ਵਿਚ ਅਮਰਨਾਥ ਯਾਤਰਾ ਵਿਵਾਦ ਅਤੇ ਉਸ ਤੋਂ ਮਗਰੋਂ ਸ਼ੋਪੀਆਂ ਵਿੱਚ ਦੋ ਔਰਤਾਂ ਨਾਲ਼ ਕੁਝ ਹਥਿਆਰਬੰਦ ਫੌਜੀਆਂ ਦੁਆਰਾ ਕੀਤੇ ਬਲਾਤਕਾਰ ਅਤੇ ਹੱਤਿਆ, ਮਾਛਿਲ ਝੂਠੇ ਮੁਕਾਬਲੇ ਵਿੱਚ ਕਸ਼ਮੀਰੀ ਨੌਜਵਾਨਾਂ ਦੀ ਹੱਤਿਆ ਅਤੇ ਫਿਰ ਜੁਲਾਈ 2010 ਵਿੱਚ ਤੁਫ਼ੈਲ ਮੱਟੂ ਦੀ ਫੌਜ ਦੀ ਗੋਲਾਬਾਰੀ ਵਿੱਚ ਮੌਤ ਤੋਂ ਬਾਅਦ ਕਸ਼ਮੀਰੀ ਜਨਤਾ ਜਿਸ ਤਰ੍ਹਾਂ ਨਾਲ ਸੜਕਾਂ 'ਤੇ ਉੱਤਰੀ ਹੈ, ਉਸ ਨਾਲ਼ ਅਜਿਹੇ ਸਾਰੇ ਭਰਮ ਦੂਰ ਹੋ ਜਾਂਦੇ ਹਨ।

ਸਾਫ ਹੈ ਕਿ ਇਸ ਵਾਰ ਕਸ਼ਮੀਰ ਦਾ ਉਭਾਰ ਇੰਤਿਫਾਦਾ ਜਾਂ ਜਨ-ਵਿਦਰੋਹ ਦਾ ਰੂਪ ਲੈ ਕੇ ਸਾਹਮਣੇ ਆਇਆ ਹੈ। ਜੇ ਇਹ ਭਾਰਤੀ ਫੌਜੀ ਜਬਰ ਨੂੰ ਹਰਾ ਨਹੀਂ ਸਕਦਾ ਤਾਂ ਇਹ ਜਬਰ ਅੱਗੇ ਹਾਰ ਵੀ ਨਹੀਂ ਸਕਦਾ। ਭਾਰਤੀ ਹਾਕਮ ਜਮਾਤ ਵੀ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੀ ਹੈ। ਇਹੀ ਕਾਰਨ ਹੈ ਕਿ ਹੁਣ ਫੌਜੀ ਹੱਲ ਦੀ ਬਜਾਏ ਕਿਸੇ ਰਾਜਨੀਤਕ ਹੱਲ ਅਤੇ ਇਸ ਹੱਲ ਵਿੱਚ ਪਾਕਿਸਤਾਨ ਨੂੰ ਵੀ ਸ਼ਾਮਲ ਕਰਨ ਦੀ ਗੱਲ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕਰ ਰਹੇ ਹਨ। ਇਹ ਕਾਫੀ ਸਮੇਂ ਬਾਅਦ ਹੋਇਆ ਹੈ ਕਿ ਕਿਸੇ ਭਾਰਤੀ ਪ੍ਰਧਾਨ ਮੰਤਰੀ ਨੇ ਖੁੱਲ੍ਹੇ ਤੌਰ 'ਤੇ ਕਸ਼ਮੀਰ ਮਸਲੇ ਦੇ ਹੱਲ ਲਈ ਪਾਕਿਸਤਾਨ ਨੂੰ ਸ਼ਮੂਲੀਅਤ ਦਾ ਸੱਦਾ ਦਿੱਤਾ ਹੈ। ਸਾਰੀਆਂ ਮੰਗਾਂ ਨੂੰ ਮੰਨਣ ਲਈ ਭਾਰਤੀ ਹਾਕਮ ਜਮਾਤ ਬਿਲਕੁਲ ਵੀ ਤਿਆਰ ਨਹੀਂ ਹੈ। ਕਸ਼ਮੀਰ ਤੇ ਆਪਣੇ ਜਾਬਰ ਰਵੱਈਏ ਨੂੰ ਖ਼ਤਮ ਕਰਨ ਲਈ ਭਾਰਤੀ ਹਾਕਮ ਜਮਾਤ ਬਿਲਕੁਲ ਵੀ ਤਿਆਰ ਨਹੀਂ ਹੈ, ਕਿਉਂਕਿ ਉਹਨਾਂ ਨੂੰ ਇਹ ਡਰ ਹੈ ਕਿ ਕਸ਼ਮੀਰ ਤੇ ਸ਼ਿਕੰਜਾ ਢਿੱਲਾ ਕਰਦਿਆਂ ਹੀ ਪਾਕਿਸਤਾਨ ਵਿੱਚ ਚਲਾ ਜਾਵੇਗਾ। ਪਰ ਹੁਣੇ ਹੀ ਦਿੱਤੇ ਗਏ ਸਿਆਸੀ ਪੈਕੇਜ ਵਿੱਚ ਭਾਰਤੀ ਹਾਕਮਾਂ ਨੇ ਕੁਝ ਸ਼ਰਤਾਂ ਮੰਨੀਆਂ ਵੀ ਹਨ। ਹਿਰਾਸਤ ਵਿੱਚ ਲਏ ਲੋਕਾਂ ਨੂੰ ਛੱਡਣ ਦੀ ਗੱਲ ਕੀਤੀ ਗਈ ਹੈ ਅਤੇ ਨਾਲ ਹੀ ਸਰਵਪੱਖੀ ਪ੍ਰਤੀਨਿੱਧੀ ਮੰਡਲ ਨੂੰ ਕਸ਼ਮੀਰ ਭੇਜਿਆ ਗਿਆ ਹੈ।

ਪਰ 'ਹਥਿਆਰਬੰਦ ਤਾਕਤਾਂ ਵਿਸ਼ੇਸ਼ ਅਧਿਕਾਰ ਕਾਨੂੰਨ' ਅਤੇ 'ਡਿਸਟਰਬਡ ਏਰੀਆਜ਼ ਐਕਟ' ਨੂੰ ਹਟਾਏ ਜਾਣ ਦੇ ਮੁੱਦੇ 'ਤੇ ਹਾਕਮ ਜਮਾਤ ਦੋ ਧੜਿਆਂ ਵਿੱਚ ਵੰਡੀ ਗਈ ਹੈ। ਭਾਜਪਾ ਹਮੇਸ਼ਾ ਦੀ ਤਰ੍ਹਾਂ ਇਸ ਦੇ ਬਿਲਕੁਲ ਵਿਰੁੱਧ ਹੈ ਅਤੇ ਆਪਣੀ ਸੱਜੀ ਫਾਸੀਵਾਦੀ ਲਾਈਨ ਦੇ ਅਨੁਸਾਰ ਉਹ ਕਸ਼ਮੀਰ ਨੂੰ ਹਮੇਸ਼ਾ ਦੀ ਤਰ੍ਹਾਂ ਆਪਣੇ ਅੰਗੂਠੇ ਹੇਠਾਂ ਰੱਖਣ ਦੇ ਪੱਖ ਵਿੱਚ ਹੈ। ਕਾਂਗਰਸ ਇਸ ਸਵਾਲ ਨੂੰ ਲੈ ਕੇ ਦੁਚਿੱਤੀ ਵਿੱਚ ਫਸੀ ਹੋਈ ਹੈ। ਇਸ ਦਾ ਇੱਕ ਹਿੱਸਾ ਇਸਨੂੰ ਹਟਾਉਣ ਦੀ ਗੱਲ ਕਰ ਰਿਹਾ ਹੈ, ਦੂਸਰਾ ਇਸ ਵਿੱਚ ਸੋਧ ਦੀ ਅਤੇ ਤੀਜਾ ਪੂਰੀ ਤਰ੍ਹਾਂ ਸੱਜੇ ਰੁੱਖ ਦੇ ਪੱਖ ਵਿੱਚ ਹੈ। ਸੰਸਦੀ ਖੱਬੀਆਂ ਪਾਰਟੀਆਂ ਅਤੇ ਖੇਤਰੀ ਪਾਰਟੀਆਂ ਦੇ ਪ੍ਰਤੀਨਿਧੀ ਤਾਂ ਬਸ ਗੱਲਬਾਤ ਨਾਲ਼ ਹੀ ਸਮੱਸਿਆ ਦਾ ਹੱਲ ਭਾਲਦੇ ਹਨ। ਸੰਸਦੀ ਖੱਬੀਆਂ ਪਾਰਟੀਆਂ 'ਹਥਿਆਰਬੰਧ ਤਾਕਤਾਂ ਵਿਸ਼ੇਸ਼ ਕਾਨੂੰਨ' ਨੂੰ ਹਟਾਉਣ ਦੀ ਜ਼ੁਬਾਨੀ ਹਮਾਇਤ ਕਰਦੀਆਂ ਹਨ, ਪਰ ਇਸ ਦੇ ਕੋਈ ਵਿਸ਼ੇਸ਼ ਅਰਥ ਨਹੀਂ ਹਨ। ਫਿਲਹਾਲ, ਤਾਂ ਭਾਰਤੀ ਹਾਕਮਾਂ ਦੀ ਸਥਿਤੀ ਕਸ਼ਮੀਰੀ ਜਨਤਾ ਨੂੰ ਥਕਾ ਦੇਣ ਦੀ ਹੈ। ਆਪਣੇ ਜਾਬਰ ਰਵੱਈਏ ਵਿੱਚ ਤਾਂ ਉਹ ਕਦੇ ਕੋਈ ਕਮੀ ਨਹੀਂ ਲਿਆ ਰਿਹਾ, ਪਰ ਮਿੱਠੀਆਂ-ਮਿੱਠੀਆਂ ਗੱਲਾਂ ਦੀ ਨਾਲ਼ ਵਾਛੜ ਕਰ ਰਿਹਾ ਹੈ ਅਤੇ ਨਾਲ਼ ਨਾਲ਼ ਕੁਝ ਪ੍ਰਤੀਕਾਤਮਕ ਕਦਮ ਚੁੱਕ ਰਿਹਾ ਹੈ। ਇੱਕ ਵਾਰ ਕਸ਼ਮੀਰ ਦੇ ਸਥਿਰ ਹੋਣ ਨਾਲ਼ ਹਾਕਮ ਜਮਾਤ 'ਹਥਿਆਰਬੰਦ ਤਾਕਤਾਂ ਵਿਸ਼ੇਸ਼ ਅਧਿਕਾਰ ਕਾਨੂੰਨ' ਵਿੱਚ ਸੋਧ ਬਾਰੇ ਤਾਂ ਸੋਚ ਹੀ ਸਕਦਾ ਹੈ। ਪਰ ਇਸਦਾ ਨਤੀਜਾ ਕਦੇ ਵੀ ਕਸ਼ਮੀਰ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਇੱਕ ਚੱਕਰੀ ਕ੍ਰਮ ਵਿੱਚ ਕਸ਼ਮੀਰੀ ਜਨਤਾ ਕੁਝ-ਕੁਝ ਵਕਫਿਆਂ ਤੇ ਸੜਕਾਂ 'ਤੇ ਉੱਤਰਦੀ ਰਹੀ ਹੈ ਅਤੇ ਉਤਰਦੀ ਰਹੇਗੀ। ਫੌਜੀ ਜਬਰ ਦਾ ਖਾਤਮਾ ਕਸ਼ਮੀਰ ਵਿੱਚ ਮੌਜੂਦਾ ਢਾਂਚੇ ਦੇ ਅੰਦਰ ਕਰ ਸਕਣਾ ਭਾਰਤੀ ਹਾਕਮ ਜਮਾਤ ਦੀ ਕਿਸੇ ਵੀ ਪਾਰਟੀ ਲਈ ਸੰਭਵ ਨਹੀਂ। ਜਿਹੜੀ ਵੀ ਪਾਰਟੀ ਕਸ਼ਮੀਰ ਵਿੱਚ ਖੁਦਮੁਖਤਿਆਰੀ ਜਾਂ ਜਨਮਤ ਸੰਗ੍ਰਹਿ ਦੀ ਗੱਲ ਪ੍ਰਵਾਨ ਕਰੇਗੀ, ਉਹ ਇਸ ਪੂੰਜੀਵਾਦੀ ਢਾਂਚੇ ਵਿੱਚ ਆਪਣੀ ਕਬਰ ਆਪ ਪੁਟੇਗੀ। ਕਸ਼ਮੀਰੀ ਜਨਤਾ ਦੀਆਂ ਜਿਹੜੀਆਂ ਮੁੱਢਲੀਆਂ ਮੰਗਾਂ ਹਨ ਯਾਣੀ ਖੁਦਮੁਖਤਿਆਰੀ ਅਤੇ ਆਪਾ-ਨਿਰਣੇ ਦਾ ਅਧਿਕਾਰ, ਉਹ ਫੌਜੀ ਜਬਰ ਦੇ ਰਾਹ ਚੱਲਕੇ ਕਦੇ ਖਤਮ ਨਹੀਂ ਹੋਇਆ। ਪੂੰਜੀਵਾਦੀ

ਢਾਂਚੇ ਅੰਦਰ ਕਦੇ ਵੀ ਇਹ ਮੰਗਾਂ ਨਹੀਂ ਮੰਨੀਆਂ ਜਾਣਗੀਆਂ ਅਤੇ ਕਦੇ ਫੌਜੀ ਜਬਰ ਅਤੇ ਕਦੇ ਜਨਤਾ ਨੂੰ ਸੜਕਾਂ 'ਤੇ ਥਕਾ ਦੇਣ ਵਾਲੀ ਯੁੱਧਨੀਤੀ ਅਤੇ ਕਦੇ ਇਹਨਾਂ ਦੋਵੇਂ ਯੁੱਧਨੀਤੀਆਂ ਦੇ ਮਿਸ਼ਰਣ ਨਾਲ਼ ਭਾਰਤੀ ਹਾਕਮ ਜਮਾਤ ਕਸ਼ਮੀਰ ਤੇ ਆਪਣੇ ਅਧਿਕਾਰ ਨੂੰ ਘੱਟ-ਵੱਧ ਇਸੇ ਸੂਰਤ ਵਿੱਚ ਕਾਇਮ ਰੱਖੇਗੀ।

ਇਹ ਸੱਚ ਹੈ ਕਿ ਗਿਲਾਨੀ, ਮਸਰਤ ਅਤੇ ਅੰਦਰਾਬੀ ਵਰਗੇ ਧਾਰਮਿਕ ਕੱਟੜਪੰਥੀਆਂ ਦੀ ਕਸ਼ਮੀਰ ਦੀ ਆਜ਼ਾਦੀ ਦੀ ਮੰਗ ਦੀ ਗੂੰਜ ਪੂਰੇ ਕਸ਼ਮੀਰ ਵਿੱਚ ਨਹੀਂ ਹੈ ਇੱਥੋਂ ਤੱਕ ਕਿ ਕਸ਼ਮੀਰ ਦੇ ਲੋਕਾਂ ਦਾ ਇੱਕ ਵਿਚਾਰਨਯੋਗ ਹਿੱਸਾ ਇਹਨਾਂ ਦੇ ਨਾਲ਼ ਸਿਰਫ਼ ਇਸ ਲਈ ਹੈ ਕਿਉਂਕਿ ਘਾਟੀ ਵਿੱਚ ਭਾਰਤੀ ਰਾਜ ਦੇ ਜਬਰ ਵਿਰੁੱਧ ਘੋਲ਼ ਕਰਨ ਵਾਲੀ ਹੋਰ ਕੋਈ ਵੀ ਸਮਰੱਥ ਤਾਕਤ ਨਹੀਂ ਹੈ। ਜਿਸ ਵਕਤ ਜੇ. ਕੇ. ਐਲ. ਐਫ. ਮੌਜੂਦ ਸੀ, ਜਨਤਾ ਦੀ ਇਸ ਤੋਂ ਵੀ ਜਬਰਦਸਤ ਹਮਾਇਤ ਉਸਦੇ ਨਾਲ਼ ਸੀ ਅਤੇ ਜੇ. ਕੇ. ਐਲ. ਐਫ. ਨੂੰ ਇੱਕ ਧਰਮ ਨਿਰਪੱਖ ਵਿਸ਼ਵਾਸਪੂਰਨ ਜੱਥੇਬੰਦੀ ਮੰਨਿਆ ਜਾ ਸਕਦਾ ਹੈ। ਗਿਲਾਨੀ ਦੀ ਅਪੀਲ ਅੱਜ ਇਸੇ ਗੱਲ 'ਤੇ ਹੈ ਕਿ ਉਹੀ ਭਾਰਤੀ ਰਾਜਕੀ ਜਬਰ ਦਾ ਕਾਰਗਰ ਰੂਪ ਵਿੱਚ ਵਿਰੋਧ ਕਰਨ ਵਾਲਾ ਆਗੂ ਹੈ। ਗਿਲਾਨੀ ਦੀ ਇਸ ਮੰਗ ਨੂੰ ਲੇਹ-ਲੱਦਾਖ ਦੇ ਬੋਧੀਆਂ, ਕਾਰਗਿਲ ਦੇ ਸ਼ੀਆ ਮੁਸਲਮਾਨਾਂ ਅਤੇ ਜੰਮੂ ਦੇ ਸਿੱਖ ਅਤੇ ਹਿੰਦੂਆਂ ਵਿੱਚ ਕੋਈ ਹਮਾਇਤ ਨਹੀਂ ਹੈ। ਭਾਵੇਂ ਗਿਲਾਨੀ ਅਤੇ ਮਸਰਤ ਦੋਵੇਂ ਹੀ ਕਹਿੰਦੇ ਹਨ, ਕਿ ਉਹਨਾਂ ਦੇ ਆਜ਼ਾਦ ਕਸ਼ਮੀਰ ਵਿੱਚ ਹਿੰਦੂਆਂ ਅਤੇ ਬੋਧੀਆਂ ਅਤੇ ਨਾਲ ਹੀ ਸ਼ੀਆ ਮੁਸਲਮਾਨਾਂ ਨੂੰ ਵੀ ਆਪਣੇ ਤਰੀਕੇ ਨਾਲ਼ ਪੂਜਾ ਕਰਨ ਅਤੇ ਜਿਉਣ ਦੀ ਪੂਰੀ ਆਜ਼ਾਦੀ ਹੋਵੇਗੀ ਅਤੇ ਉਹਨਾਂ ਦਾ ਇਸਲਾਮ ਇਹਨਾਂ ਸਮੂਹਾਂ ਲਈ ਕਲਿਆਣਕਾਰੀ ਹੋਵੇਗਾ, ਪਰ ਇਸਦਾ ਕੋਈ ਭਰੋਸਾ ਨਹੀਂ ਕਰਦਾ। ਖਾਸ ਤੌਰ 'ਤੇ ਜਦੋਂ ਉਹਨਾਂ ਦੀ ਜੱਥੇਬੰਦੀ ਦੀ ਹੀ ਆਈਆ ਅੰਦਰਾਬੀ ਇਸਲਾਮਿਕ ਕੱਟੜਪੰਥੀ ਦਹਿਸ਼ਤ ਫੈਲਾਉਣ ਦੀਆਂ ਸਰਗਰਮੀਆਂ ਵਿੱਚ ਸ਼ਾਮਲ ਹੋਵੇ। ਇਸ ਲਈ ਇੱਕ ਗੱਲ ਤਾਂ ਸਾਫ ਹੈ ਕਿ ਆਜ਼ਾਦੀ ਦੀ ਮੰਗ ਦਾ ਕੋਈ ਭਵਿੱਖ ਨਹੀਂ ਹੈ। ਜੇ ਆਪਾ-ਨਿਰਣੇ ਦਾ ਹੱਕ ਮੌਜੂਦਾ ਢਾਂਚੇ ਵਿੱਚ ਮਿਲਦਾ ਵੀ ਹੈ ਅਤੇ ਕਸ਼ਮੀਰ ਆਜ਼ਾਦ ਹੋ ਵੀ ਜਾਂਦਾ ਹੈ, ਤਾਂ ਇਹ ਭਾਰਤ ਜਾਂ ਪਾਕਿਸਤਾਨ ਦਾ 'ਸੈਟੇਲਾਈਟ ਸਟੇਟ' ਹੀ ਬਣੇਗਾ। ਅਤੇ ਇਹ ਸੰਭਵ ਵੀ ਨਹੀਂ ਹੈ।

ਤਾਂ ਫਿਰ ਆਖਿਰਕਾਰ ਇਸ ਕਸ਼ਮੀਰ ਸਮੱਸਿਆ ਦਾ ਹੱਲ ਕੀ ਹੈ? ਇਹ ਇੱਕ ਜਟਿਲ ਸਵਾਲ ਹੈ। ਕਸ਼ਮੀਰ ਸਮੱਸਿਆ ਦਾ ਹੱਲ ਅਤੇ ਨਾ ਸਿਰਫ ਕਸ਼ਮੀਰ ਸਮੱਸਿਆ ਦਾ, ਸਗੋਂ ਭਾਰਤੀ ਸੰਘ ਵਿੱਚ ਕੌਮੀਅਤ ਦਾ ਸਵਾਲ ਜਿੱਥੇ-ਜਿੱਥੇ ਮੌਜੂਦ ਹੈ, ਉਹਨਾਂ ਦਾ ਹੱਲ ਇੱਕ ਸਮਾਜਵਾਦੀ ਰਾਜ ਤਹਿਤ ਹੀ ਹੋ ਸਕਦਾ ਹੈ, ਜਿਹੜਾ ਇਹਨਾਂ ਇਲਾਕਿਆਂ ਨੂੰ ਅਲਹਿਦਗੀਗ੍ਰਸਤ ਕਰਕੇ ਜਬਰ ਦੇ ਸ਼ਿਕੰਜੇ ਵਿੱਚ ਨਾ ਰੱਖੇ। ਅੱਜ ਤੋਂ ਹੀ ਇਹਨਾਂ ਕੌਮੀਅਤਾਂ ਦੀ ਕਿਰਤੀ ਜਨਤਾ ਅਤੇ ਨੌਜਵਾਨਾਂ ਵਿਚਕਾਰ ਇਨਕਲਾਬੀ ਤਾਕਤਾਂ ਨੂੰ ਕੰਮ ਕਰਨਾ ਹੋਵੇਗਾ, ਉਹਨਾਂ ਨੂੰ ਰਾਜਨੀਤਕ ਤੌਰ 'ਤੇ ਸੁਚੇਤ ਕਰਨਾ ਹੋਵੇਗਾ ਅਤੇ ਪੂਰੇ ਢਾਂਚੇ ਵਿਰੁੱਧ ਲੜਾਈ ਦਾ ਅੰਗ ਬਣਾਉਣਾ ਹੋਵੇਗਾ। ਉਹਨਾਂ ਨੂੰ ਇਸ ਪ੍ਰਕਿਰਿਆ ਵਿੱਚ ਹੀ ਇਹ ਯਕੀਨ ਪੈਦਾ ਹੋਵੇਗਾ ਅਤੇ ਇਹ ਸਮਝ ਆਵੇਗਾ ਕਿ ਆਪਾ-ਨਿਰਣੇ ਦਾ ਅਧਿਕਾਰ ਉਹਨਾਂ ਨੂੰ ਉਦੋਂ ਹੀ ਮਿਲ ਸਕਦਾ ਹੈ, ਜਦੋਂ ਭਾਰਤੀ ਪੂੰਜੀਵਾਦ ਨੂੰ ਉਖਾੜ ਸੁੱਟਿਆ ਜਾਵੇਗਾ ਅਤੇ ਇੱਕ ਕਿਰਤੀਆਂ ਦੀ ਸੱਤ੍ਹਾ ਸਥਾਪਿਤ ਕੀਤੀ ਜਾਵੇਗੀ, ਜਿਸ ਵਿੱਚ ਉਤਪਾਦਨ, ਰਾਜ-ਕਾਜ ਅਤੇ ਸਮਾਜ ਦੇ ਢਾਂਚੇ 'ਤੇ ਉਤਪਾਦਨ ਕਰਨ ਵਾਲੀਆਂ ਜਮਾਤਾਂ ਦਾ ਹੱਕ ਹੋਵੇਗਾ। ਇਨਕਲਾਬੀ ਸੰਘਰਸ਼ ਵਿੱਚ ਇਹਨਾਂ ਰਾਜਾਂ ਦੀ ਜਨਤਾ ਦਾ ਸਥਾਨ ਅਤੇ ਸ਼ਮੂਲੀਅਤ ਹੀ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਇਹਨਾਂ ਦੱਬੀਆਂ ਕੁਚਲੀਆਂ ਕੌਮੀਅਤਾਂ ਨੂੰ ਆਪਾ-ਨਿਰਣੇ ਅਤੇ ਆਪਣਾ ਭਵਿੱਖ ਤੈਅ ਕਰਨ ਦਾ ਹੱਕ ਮਿਲੇ ਅਤੇ ਇਸੇ ਸੰਘਰਸ਼ ਦੀ ਪ੍ਰਕਿਰਿਆ ਵਿੱਚ ਹੀ ਰਾਜਨੀਤਕ ਏਕੀਕਰਨ ਵੀ ਹੋਵੇਗਾ, ਜਿਹੜਾ ਉਹਨਾਂ ਨੂੰ ਇੱਕ ਅਜਿਹੇ ਰਾਜ ਵਿੱਚ ਆਪਣੀ ਵੱਖਰੀ ਕੌਮੀ ਪਹਿਚਾਣ ਦੇ ਨਾਲ਼ ਕਾਇਮ ਰੱਖਣ ਦੀ ਸੰਭਾਵਨਾ ਵੀ ਰੱਖਦਾ ਹੈ, ਜਿਹੜਾ ਰਾਜਨੀਤਕ, ਆਰਥਿਕ, ਕੌਮੀ ਅਤੇ ਸੱਭਿਆਚਾਰਕ ਲੁੱਟ ਅਤੇ ਜਬਰ 'ਤੇ ਅਧਾਰਿਤ ਨਾ ਹੋਵੇ।

ਇਸ ਲਈ ਕੌਮੀਅਤਾਂ ਦੇ ਸੰਘਰਸ਼ਾਂ ਦਾ ਅਲੱਗ ਤੋਂ ਕੋਈ ਵੀ ਭਵਿੱਖ ਦਿਖਾਈ ਨਹੀਂ ਦਿੰਦਾ। ਜਬਰ ਸਹਿ ਰਹੀਆਂ ਕੌਮੀਅਤਾਂ ਦੇ ਸੰਘਰਸ਼ਾਂ ਨੇ ਜੇ ਮੁਕਾਮ ਤੱਕ ਪਹੁੰਚਣਾ ਹੈ ਤਾਂ ਉਹਨਾਂ ਨੂੰ ਪੂੰਜੀਵਾਦ-ਸਾਮਰਾਜਵਾਦ ਵਿਰੋਧੀ ਇਨਕਲਾਬ ਦੇ ਸੰਘਰਸ਼ ਨਾਲ਼ ਜੁੜਨਾ ਹੋਵੇਗਾ। ਪਿਛਲੇ 64 ਸਾਲਾਂ ਦਾ ਸਾਡੇ ਦੇਸ਼ ਦਾ ਅਤੇ ਪੂਰੀ ਦੁਨੀਆਂ ਦਾ ਇਤਿਹਾਸ ਇਹ ਸਿੱਧ ਕਰਦਾ ਹੈ ਕਿ ਅਜਿਹੇ ਸੰਘਰਸ਼ ਜੇ ਜਿੱਤੇ ਨਹੀਂ ਜਾਣਗੇ ਤਾਂ ਹਾਰੇ ਵੀ ਨਹੀਂ ਜਾਣਗੇ। ਆਪਾ-ਨਿਰਣੇ ਦਾ ਅਧਿਕਾਰ ਸਮਾਜਵਾਦ ਦੇ ਸਕਦਾ ਹੈ, ਪੂੰਜੀਵਾਦ ਨਹੀਂ। ਇਸ ਲਈ ਅਜਿਹੀਆਂ ਕੌਮਾਂ ਦੇ ਸੰਘਰਸ਼ਾਂ ਦੇ ਏਜੰਡੇ ਵਿੱਚ ਵੀ ਸਮਾਜਵਾਦ ਸਥਾਪਿਤ ਕਰਨ ਦਾ ਸਵਾਲ ਲਿਆਉਣਾ ਪਏਗਾ।

• • • • • • • • • • • • • • • • • • • •

**(ਸਫ਼ਾ 22 ਦਾ ਬਾਕੀ)**

ਕਾਰਪੋਰੇਸ਼ਨਾਂ ਦੇ ਮਾਲਿਕ ਹਨ ਅਤੇ ਦੁਨੀਆਂ ਦੀ ਇਸ ਮੰਦਹਾਲੀ ਦੇ ਇਕੱਲੇ ਜ਼ਿੰਮੇਵਾਰ ਹਨ। ਇਹ ਮੰਦਹਾਲੀ ਉਹਨਾਂ ਅਣਜਾਣੇ ਵਿੱਚ ਨਹੀਂ ਕੀਤੀ ਕਿ ਜਿਵੇਂ ਈਸਾ-ਮਸੀਹ ਨੇ ਕਿਹਾ ਸੀ "ਹੇ ਪਿਤਾ! ਇਹਨਾਂ ਨੂੰ ਮਾਫ ਕਰਨਾ, ਇਹ ਨਹੀਂ ਜਾਣਦੇ ਇਹ ਕੀ ਕਰ ਰਹੇ ਹਨ।" ਪਰ ਇਹ ਲੁਟੇਰੇ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਦੁਨੀਆਂ ਦੀ ਕਿਰਤੀ ਜਨਤਾ ਨਾਲ਼ ਇਹ ਕੀ ਕਰ ਰਹੇ ਹਨ ਅਤੇ ਜੇ ਹੁਣ ਇਹਨਾਂ ਦੇ ਦਿਲਾਂ ਵਿੱਚ ਚੈਰਿਟੀ ਮਾਤਾ ਪ੍ਰਗਟ ਹੋਈ ਤਾਂ ਸਮਝਿਆ ਜਾ ਸਕਦਾ ਹੈ ਕਿ ਅਜਿਹਾ ਕਿਉਂ ਹੈ? ਮਾਰਕਸ ਦੇ ਉਪਰੋਕਤ ਕਥਨ ਵਿੱਚ ਸਾਰੀ ਸਚਾਈ ਨਿਹਿਤ ਹੈ। ਪੂੰਜੀਵਾਦ ਨੂੰ ਅਜਿਹੇ ਅਮੀਰ ਮਾਨਵਤਾਵਾਦੀਆਂ ਦੀ ਹਮੇਸ਼ਾ ਤੋਂ ਹੀ ਜ਼ਰੂਰਤ ਰਹੀ ਹੈ; ਉਸਨੇ ਹਮੇਸ਼ਾ ਉਹਨਾਂ ਨੂੰ ਪੈਦਾ ਕੀਤਾ ਹੈ ਅਤੇ ਅੱਗੇ ਵੀ ਕਰਦਾ ਰਹੇਗਾ। ਇਹ ਉਸਦੀ ਹੈਜੇਮਨੀ ਦੀ ਪ੍ਰਣਾਲੀ ਦਾ ਇੱਕ ਅੰਗ ਹੈ। ਇਸ ਦੇ ਬਿਨਾਂ ਪੂੰਜੀਵਾਦ ਦੀ ਉੱਤਰਜੀਵਤਾ ਸੰਭਵ ਨਹੀਂ ਹੈ। ਅਤੇ ਇਹੀ ਹੈ ਸ਼੍ਰੀਮਾਨ ਬਿਲ ਗੇਟਸ ਅਤੇ ਸ਼੍ਰੀਮਾਨ ਵਾਰੇਨ ਬੁਫ਼ੇ ਦੀ ਚੈਰਿਟੀ ਦੇ ਨਾਟਕ ਦਾ ਭੇਤ!

• • • • • • • • • • • • • • • • • • •

"ਜਾਨ ਬਚੀ ਸੋ, ਲਾਖੋਂ ਪਾਏ"

# ਇਰਾਕ ਤੋਂ ਅਮਰੀਕਾ ਦੀ ਵਾਪਸੀ ਦੇ ਮਾਅਨੇ

— ਅਭਿਨਵ

31 ਅਗਸਤ ਨੂੰ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਐਲਾਨ ਕੀਤਾ ਹੈ ਕਿ ਇਰਾਕ 'ਚ ਅਮਰੀਕਾ ਦਾ ਮਿਸ਼ਨ ਪੂਰਾ ਹੋ ਗਿਆ ਹੈ। "ਮਿਸ਼ਨ ਇਰਾਕੀ ਫਰੀਡਮ" ਹੁਣ ਖ਼ਤਮ ਹੋ ਗਿਆ ਅਤੇ ਦੇਸ਼ ਦੀ ਸੁਰੱਖਿਆ ਅਤੇ ਵਿਵਸਥਾ ਦੀ ਜ਼ਿੰਮੇਵਾਰੀ ਹੁਣ ਮੁੱਖ ਰੂਪ 'ਚ ਇਰਾਕੀ ਜਨਤਾ ਦੇ ਹੱਥ ਹੋਵੇਗੀ। ਮੀਡੀਆ 'ਚ ਇਸ ਭਾਸ਼ਣ ਨੂੰ ਇਰਾਕ 'ਤੇ ਅਮਰੀਕੀ ਕਬਜ਼ੇ ਦੇ ਅੰਤ ਦੇ ਰੂਪ ਵਿੱਚ ਪੇਸ਼ ਕੀਤਾ ਗਿਆ। ਪਰ ਅਸਲੀਅਤ ਕੀ ਹੈ, ਇਹ ਸਿਰਫ਼ ਤੱਥਾਂ ਦੀ ਡੂੰਘਾਈ ਵਿੱਚ ਜਾਣ 'ਤੇ ਹੀ ਪਤਾ ਲਗਦਾ ਹੈ।

31 ਅਗਸਤ ਨੂੰ ਓਬਾਮਾ ਦੁਆਰਾ ਆਪਣੇ ਓਵਲ ਦਫ਼ਤਰ ਤੋਂ ਕੀਤੇ ਗਏ ਐਲਾਨ ਦੇ ਬਾਵਜੂਦ ਸੱਚ ਇਹ ਹੈ ਕਿ 50,000 ਤੋਂ ਜ਼ਿਆਦਾ ਅਮਰੀਕੀ ਫੌਜੀ ਇਸ ਸਮੇਂ ਇਰਾਕ ਵਿੱਚ ਮੌਜੂਦ ਹਨ ਅਤੇ ਕਾਫ਼ੀ ਸਮੇਂ ਤੱਕ ਰਹਿਣਗੇ। ਇਹ ਫੌਜੀ ਇਰਾਕ ਦੇ ਵੱਡੇ ਅਤੇ ਪ੍ਰਮੁੱਖ ਸ਼ਹਿਰਾਂ ਵਿੱਚ ਸਥਿਤ ਪੰਜ ਦੈਂਤਾਕਾਰ ਫੌਜੀ ਅੱਡਿਆ 'ਤੇ ਰਹਿਣਗੇ। ਬਗਦਾਦ ਵਿੱਚ ਅਮਰੀਕੀ ਫੌਜੀਆਂ ਦੀ ਗਿਣਤੀ ਹੈਰਾਨੀਜਨਕ ਰੂਪ ਵਿੱਚ ਬਹੁਤ ਵਿਸ਼ਾਲ ਹੈ। ਇਸ ਦੇ ਬਾਰੇ ਇੱਕ ਅਮਰੀਕੀ ਫੌਜੀ ਨੇ ਸ਼ੇਖੀ ਮਾਰਦੇ ਕਿਹਾ ਸੀ ਕਿ ਪੁਲਾੜ 'ਚੋਂ ਧਰਤੀ 'ਤੇ ਮਨੁੱਖ ਦੁਆਰਾ ਬਣਾਈਆਂ ਜਿਹਨਾਂ ਸੰਰਚਨਾਵਾਂ ਨੂੰ ਦੇਖਿਆ ਜਾ ਸਕਦਾ ਹੈ, ਬਗਦਾਦ ਵਿੱਚ ਅਮਰੀਕੀ ਦੂਤਘਰ ਉਹਨਾਂ ਵਿੱਚੋਂ ਇੱਕ ਹੈ। ਇਸ ਦੂਤਘਰ ਦੀ ਸੁਰੱਖਿਆ ਲਈ 24 ਬਲੈਕ ਹਾਅਕ ਹੈਲੀਕਾਪਟਰ ਅਤੇ 50 ਬੰਬਰੋਧੀ ਵਹੀਕਲ ਅਤੇ ਹਜ਼ਾਰਾਂ ਅਮਰੀਕੀ ਅਤੇ ਇਰਾਕੀ ਫੌਜੀ 24 ਘੰਟੇ ਤੈਨਾਤ ਰਹਿੰਦੇ ਹਨ।

ਓਬਾਮਾ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਜਿਹੜੇ ਅਮਰੀਕੀ ਫੌਜੀ ਹੁਣ ਵੀ ਇਰਾਕ ਵਿੱਚ ਹਨ, ਉਹ ਸਿਰਫ਼ ਇਰਾਕੀ ਫੌਜੀਆਂ ਨੂੰ 'ਸੁਝਾਅ ਅਤੇ ਸਹਾਇਤਾ' ਦੇਣ ਵਾਸਤੇ ਹਨ। ਪਰ ਹਾਲੇ ਹਫਤਾ ਵੀ ਨਹੀਂ ਬੀਤਿਆ ਸੀ ਕਿ ਅਮਰੀਕੀ ਫੌਜੀਆਂ ਨੇ ਇਰਾਕੀ ਵਿਦਰੋਹੀਆਂ 'ਤੇ ਹਮਲਾ ਕਰ ਦਿੱਤਾ ਅਤੇ ਇਹਦੇ ਬਾਅਦ ਵੀ ਅਮਰੀਕੀ ਫੌਜ ਇਰਾਕੀ ਲੋਕਾਂ ਦੇ ਵਿਦਰੋਹ ਨੂੰ ਕੁਚਲਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਦਰਅਸਲ, ਇਰਾਕ 'ਚ ਮੌਜੂਦ ਅਮਰੀਕੀ ਫੌਜੀਆਂ 'ਚੋਂ 4500 ਫੌਜੀ ਸਿੱਧੇ ਸਿੱਧੇ ਫੌਜੀ ਕਾਰਵਾਈਆਂ 'ਚ ਹਿੱਸਾ ਲੈਣ ਲਈ ਹੀ ਹਨ। ਦਰਅਸਲ, ਓਬਾਮਾ ਦੇ ਐਲਾਨ ਤੋਂ ਕੁਝ ਹੀ ਦਿਨਾਂ ਬਾਅਦ ਅਮਰੀਕੀ ਫੌਜ ਦੇ ਮੁੱਖ ਬੁਲਾਰੇ ਨੇ ਕਿਹਾ ਕਿ ਰਾਸ਼ਟਰਪਤੀ ਓਬਾਮਾ ਦੇ ਐਲਾਨ ਦੇ ਬਾਵਜੂਦ ਵੀ ਇਰਾਕ 'ਚ ਅਮਲੀ ਤੌਰ 'ਤੇ ਕੁਝ ਨਹੀਂ ਬਦਲਣ ਜਾ ਰਿਹਾ।

ਜਿੰਨੇ ਫੌਜੀਆਂ ਨੂੰ ਇਰਾਕ ਤੋਂ ਵਾਪਸ ਬੁਲਾਇਆ ਗਿਆ ਹੈ, ਉਸਦੇ ਵੀ ਕੁਝ ਵਿਸ਼ੇਸ਼ ਕਾਰਨ ਹਨ। ਪਹਿਲਾ ਤਾਂ ਇਹ ਕਿ ਇਰਾਕ ਜੰਗ ਅਮਰੀਕੀ ਜਨਤਾ ਵਿੱਚ ਬੇਹੱਦ ਬਦਨਾਮ ਹੋ ਚੁੱਕੀ ਸੀ ਅਤੇ ਓਬਾਮਾ ਦੇ ਸੱਤ੍ਹਾ ਵਿੱਚ ਆਉਣ ਦਾ ਇੱਕ ਕਾਰਨ ਇਰਾਕ ਅਤੇ ਅਫ਼ਗਾਨਿਸਤਾਨ 'ਚ ਅਮਰੀਕਾ ਦਾ ਤਬਾਹਕੁਨ ਉਲਝਾਅ ਸੀ। ਅਸਲ 'ਚ ਓਬਾਮਾ ਨੇ ਖ਼ੁਦ ਕਿਹਾ ਕਿ ਇਰਾਕ ਜੰਗ "ਮੂਰਖਤਾਪੂਰਨ" ਹੈ। ਪਰ ਜ਼ਰਾ ਹੁਣ ਉਹਨਾਂ ਦਾ 31 ਅਗਸਤ ਦਾ ਬਿਆਨ ਤਾਂ ਸੁਣੋ, ਉਹਨਾਂ ਕਿਹਾ ਸਾਰੇ ਵੀਅਤਨਾਮ ਅਤੇ ਇਰਾਕ ਵਿੱਚ ਅਮਰੀਕਾ ਨੇ ਜੰਗ ਸਿਰਫ਼ ਉੱਥੋਂ ਦੇ ਲੋਕਾਂ ਨੂੰ ਮੁਕਤ ਕਰਾਉਣ ਲਈ ਲੜੀ, ਇਹ ਇੱਕ ਨਾਇਕਤਾਪੂਰਨਤਾ ਜੰਗ ਸੀ, ਅਤੇ ਅਮਰੀਕੀ ਫੌਜੀਆਂ ਨੇ ਇਸ ਵਿੱਚ ਸ਼ਾਨਦਾਰ ਬਹਾਦਰੀ ਵਿਖਾਈ। ਅਸਲ 'ਚ ਇਰਾਕ ਜੰਗ ਅਮਰੀਕਾ ਲਈ ਕਾਫੀ ਖਰਚੀਲੀ ਵੀ ਹੋ ਰਹੀ ਸੀ ਅਤੇ ਅਮਰੀਕੀ ਆਰਥਿਕ ਸੰਕਟ ਦੇ ਫੌਰੀ ਕਾਰਨਾਂ ਵਿੱਚ ਇੱਕ ਇਹ ਵੀ ਸੀ। ਭਾਵੇਂ ਲੰਬੇ ਦਾਅ ਤੋਂ ਅਜਿਹੀਆਂ ਸਾਰੀਆਂ ਜੰਗਾਂ ਸਾਮਰਾਜਵਾਦ ਨੂੰ ਆਪਣੇ ਆਰਥਿਕ ਸੰਕਟ ਨਾਲ਼ ਨਿਬੜਨ ਵਿੱਚ ਮੱਦਦ ਕਰਦੀਆਂ ਹਨ। ਜੋਸਫ਼ ਸਟਿਗਲਿਟਜ਼ ਦੇ ਅਨੁਸਾਰ ਇਰਾਕ ਜੰਗ ਦੀ ਕੁੱਲ ਲਾਗਤ 3 ਟ੍ਰਿਲੀਅਨ ਡਾਲਰ ਤੋਂ ਵੀ ਵੱਧ ਹੋ ਚੁੱਕੀ ਹੈ। ਇਰਾਕ ਜੰਗ ਦੇ ਕਾਰਨ 2003 'ਚ 140 ਡਾਲਰ ਪ੍ਰਤੀ ਬੈਰਲ ਵਿਕਣ ਵਾਲਾ ਕੱਚਾ ਤੇਲ 400 ਡਾਲਰ ਪ੍ਰਤੀ ਬੈਰਲ ਤੋਂ ਵੀ ਵੱਧ ਕੀਮਤ 'ਤੇ ਵਿਕ ਰਿਹਾ ਹੈ, ਜਿਸ ਦਾ ਹਰਜਾਨਾ ਸਾਰੀ ਦੁਨੀਆਂ ਦੀ ਗਰੀਬ ਜਨਤਾ ਹੀ ਭੁਗਤ ਰਹੀ ਹੈ।

ਪਰ ਇਸ ਤੋਂ ਵੀ ਵੱਡਾ ਕਾਰਨ ਇਹ ਸੀ ਕਿ ਇਰਾਕ ਜੰਗ ਵਿੱਚ ਹੁਣ ਤੱਕ ਲਗਭਗ 6000 ਅਮਰੀਕੀ ਫੌਜੀ ਮਾਰੇ ਜਾ ਚੁੱਕੇ ਹਨ, ਹਜ਼ਾਰਾਂ ਅਪੰਗ ਹੋ ਚੁੱਕੇ ਹਨ, ਮਾਨਸਿਕ ਰੂਪ ਵਿੱਚ ਬਿਮਾਰ ਸਿਪਾਹੀਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਹੈ। ਇਰਾਕ ਤੋਂ ਵਾਪਸ ਆਉਣ ਵਾਲੇ 300 ਸਿਪਾਹੀ ਆਤਮ-ਹੱਤਿਆ ਕਰ ਚੁੱਕੇ ਹਨ। ਇਹ ਸਾਰੇ ਕਾਰਕ ਅਮਰੀਕੀ ਸੱਤ੍ਹਾ 'ਤੇ ਭਿਅੰਕਰ ਦਬਾਅ ਬਣਾ ਰਹੇ ਸਨ ਅਤੇ ਇਰਾਕ ਯੁੱਧ ਵਿੱਚ ਅਮਰੀਕਾ ਦਾ ਜਿੱਤਣਾ ਅਸੰਭਵ ਹੈ, ਇਹ ਗੱਲ ਅਮਰੀਕੀ ਹਾਕਮਾਂ ਨੂੰ ਵੀ ਸਮਝ ਵਿੱਚ ਆ ਗਈ ਸੀ। ਯਾਦ ਕਰੋ ਕਿ ਅਮਰੀਕਾ ਨੇ ਇਰਾਕ 'ਤੇ ਹਮਲੇ ਸਮੇਂ ਕਿਹਾ ਸੀ ਕਿ ਉਹ ਮੱਧ-ਪੂਰਬ ਦਾ ਨਕਸ਼ਾ ਹੀ ਬਦਲ ਦੇਵੇਗਾ। ਇਸ ਦਾ ਅਰਥ ਕੀ ਸੀ, ਇਹ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦੇ ਬਿਆਨ ਤੋਂ ਤੁਸੀਂ ਸਮਝ ਸਕਦੇ ਹੋ। ਕਲਿੰਟਨ ਨੇ ਹੁਣੇ ਹੀ ਦਿੱਤੇ ਬਿਆਨ ਵਿੱਚ ਕਿਹਾ ਹੈ ਕਿ ਅਮਰੀਕਾ ਦੀ ਯੋਜਨਾ ਇਰਾਕ 'ਤੇ ਕਬਜ਼ੇ ਤੋਂ ਬਾਅਦ ਸੀਰੀਆ ਅਤੇ ਇਰਾਨ 'ਚ ਸੱਤ੍ਹਾ ਤਬਦੀਲੀ ਦੀ ਸੀ, ਤਾਂ ਕਿ ਮੱਧ-ਪੂਰਬ ਵਿੱਚ ਹਰ ਤਰ੍ਹਾਂ ਦਾ

ਆਰਥਿਕ ਅਤੇ ਸਿਆਸੀ ਦਾਬਾ ਸਥਾਪਿਤ ਕੀਤਾ ਜਾ ਸਕੇ। ਪਰ ਇਰਾਕ ਵਿੱਚ ਹੀ ਅਮਰੀਕਾ ਦਾ ਜਿਊਣਾ ਮੁਸ਼ਕਿਲ ਹੋ ਗਿਆ ਅਤੇ ਇਸੇ ਕਰਕੇ ਹੀ ਹੁਣ ਉੱਥੋਂ ਭੱਜਣਾ ਪੈ ਰਿਹਾ ਹੈ। ਪਰ ਇਸ ਤੋਂ ਪਹਿਲਾਂ ਉਹ ਹਰ ਤਰ੍ਹਾਂ ਇਹ ਪੱਕਾ ਕਰ ਲੈਣਾ ਚਾਹੁੰਦਾ ਹੈ ਕਿ ਇਰਾਕ ਵਿੱਚ ਉਹਨਾਂ ਦੇ ਸਾਮਰਾਜਵਾਦੀ ਆਰਥਿਕ ਹਿੱਤ ਸੁਰੱਖਿਅਤ ਰਹਿਣ। ਇਸ ਕਰਕੇ ਉਹ ਆਪਣੇ ਪਸੰਦ ਦੇ ਕਿਸੇ ਹਾਕਮ ਨੂੰ ਗੱਦੀ 'ਤੇ ਬਿਠਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਪਰ ਪਿਛਲੀਆਂ ਚੋਣਾਂ 'ਚ ਲਟਕਦੀ ਹੋਈ ਸੰਸਦ ਹੋਂਦ ਵਿੱਚ ਆਈ ਅਤੇ ਲੰਬੇ ਇੰਤਜਾਰ ਦੇ ਬਾਵਜੂਦ ਕੋਈ ਹੱਲ ਨਹੀਂ ਨਿਕਲ ਸਕਿਆ। ਇਰਾਕੀ ਲੋਕ ਹੁਣ ਇਹ ਅੰਦਾਜਾ ਲਗਾਉਣ ਲੱਗੇ ਹਨ ਕਿ ਕੋਈ ਵੀ ਹੱਲ ਨਾ ਨਿਕਲਣ ਦੀ ਸੂਰਤ 'ਚ ਅਮਰੀਕੀ ਸ਼ੈਅ 'ਤੇ ਫੌਜ ਰਾਜ ਪਲਟਾ ਕਰ ਸਕਦੀ ਹੈ ਅਤੇ ਇੱਕ ਫੌਜੀ ਤਾਨਾਸ਼ਾਹੀ ਹੋਂਦ ਵਿੱਚ ਆ ਸਕਦੀ ਹੈ।

ਓਬਾਮਾ ਨੇ ਆਪਣੇ ਭਾਸ਼ਣ 'ਚ ਅਪ੍ਰਤੱਖ ਰੂਪ 'ਚ ਬੁਸ਼ ਦੀ ਪ੍ਰਸੰਸਾ ਵੀ ਕੀਤੀ ਅਤੇ ਕਿਹਾ ਕਿ ਬੁਸ਼ ਦੁਆਰਾ ਇਰਾਕ 'ਚ ਕੀਤੇ ਗਏ "ਫੌਜੀ ਉਭਾਰ" ਨੇ ਇਰਾਕੀ ਟਾਕਰੇ ਨੂੰ ਘਟਾਇਆ ਹੈ, ਇਰਾਕ ਨੂੰ ਸਥਿਰ ਕੀਤਾ ਹੈ। ਪਰ ਇਹ ਕਿਸ ਤਰ੍ਹਾਂ ਹੋਇਆ, ਇਹ ਦੇਖਣਾ ਦਿਲਚਸਪ ਹੋਵੇਗਾ। ਇਰਾਕ ਜੰਗ ਤੋਂ ਬਾਅਦ ਮੁੜ ਉਸਾਰੀ ਦੇ ਨਾਂ 'ਤੇ ਕਰੋੜਾਂ ਡਾਲਰਾਂ ਦੇ ਠੇਕੇ ਅਮਰੀਕੀ ਕੰਪਨੀਆਂ ਨੂੰ ਦਿੱਤੇ ਗਏ, ਜਿਸ ਵਿੱਚ ਡਿਕ ਚੇਨੀ ਦੀ ਕੰਪਨੀ ਵੀ ਸ਼ਾਮਲ ਸੀ, ਜੋ ਕਿ ਬੁਸ਼ ਦਾ ਸਹਿਯੋਗੀ ਅਤੇ ਉਪ-ਰਾਸ਼ਟਰਪਤੀ ਸੀ। ਇਸ ਤੋਂ ਇਲਾਵਾ, ਇਰਾਕ ਦੇ ਤੇਲ ਖਜ਼ਾਨੇ 'ਤੇ ਅਮਰੀਕੀਆਂ ਨੇ ਜ਼ਬਰਦਸਤ ਲੁੱਟ ਮਚਾਈ ਹੋਈ ਹੈ।ਅਮਰੀਕਾ ਹੁਣ ਵੀ ਤਕਰੀਬਨ 8.7 ਅਰਬ ਡਾਲਰ ਦੇ ਇਰਾਕੀ ਤੇਲ ਦਾ ਕੋਈ ਹਿਸਾਬ ਨਹੀਂ ਦੇ ਸਕਿਆ। ਇਹ ਅਮਰੀਕਾ ਦੇ ਲੋਕਤੰਤਰ ਦੀ ਸਥਾਪਨਾ ਦਾ ਆਪਣਾ 'ਸਟਾਈਲ' ਹੈ।

ਹੈਰਾਨੀ ਦੀ ਗੱਲ ਨਹੀਂ ਹੈ ਕਿ ਓਬਾਮਾ ਨੇ ਆਪਣੇ ਭਾਸ਼ਣ ਵਿੱਚ ਇੱਕ ਥਾਂ ਵੀ ਇਰਾਕੀਆਂ ਦੇ ਦੁੱਖ-ਦਰਦ ਬਾਰੇ ਕੁਝ ਨਹੀਂ ਕਿਹਾ। ਇਸ ਦੇ ਲਈ ਇਰਾਕੀਆਂ ਤੋਂ ਕਦੇ ਮੁਆਫੀ ਨਹੀਂ ਮੰਗੀ ਕਿ ਇਰਾਕੀ ਜਨਤਾ ਦੇ 10 ਲੱਖ ਤੋਂ ਵੀ ਜ਼ਿਆਦਾ ਲੋਕਾਂ ਦੀ ਇਸ ਸਾਮਰਾਜਵਾਦੀ ਜੰਗ ਵਿੱਚ ਹੱਤਿਆ ਕਰ ਦਿੱਤੀ ਗਈ ਹੈ। ਇਰਾਕ ਦੇ ਪੂਰੇ ਇਨਫਰਾਸਟਕਚਰ ਨੂੰ ਤਹਿਸ-ਨਹਿਸ ਕਰ ਦਿੱਤਾ ਹੈ, ਇਰਾਕੀ ਅਰਥਚਾਰੇ ਦਾ ਲੱਕ ਤੋੜ ਦਿੱਤਾ ਗਿਆ ਜੋ ਅਸਲ ਵਿੱਚ ਦੁਨੀਆਂ ਦਾ ਸਭ ਤੋਂ ਵੱਧ ਖੁਸ਼ਹਾਲ ਅਰਥਚਾਰਾ ਹੋਇਆ ਕਰਦਾ ਸੀ, ਅੱਜ ਇਰਾਕ ਦੀ ਹਾਲਤ ਅਜਿਹੀ ਹੈ ਕਿ ਇਸ ਦੇ ਵੱਡੇ ਹਿੱਸੇ ਵਿੱਚ ਬਿਜਲੀ ਅਤੇ ਪੀਣ ਵਾਲਾ ਪਾਣੀ ਤੱਕ ਉਪਲਭਧ ਨਹੀਂ ਹੈ। ਬੇਰੁਜ਼ਗਾਰੀ ਆਸਮਾਨ ਛੂਹ ਰਹੀ ਹੈ ਅਤੇ ਜਨਤਾ ਕੋਲ਼ ਸਿੱਖਿਆ ਅਤੇ ਸਿਹਤ ਵਰਗੀਆਂ ਮੁੱਢਲੀਆਂ ਸਹੂਲਤਾਂ ਵੀ ਨਹੀਂ ਹਨ। ਇਰਾਕ ਦੀ ਅੱਜ ਦੀ ਸਥਿਤੀ ਨੂੰ ਵੇਖਦੇ ਹੋਏ ਇੱਕ ਅੰਨ੍ਹਾ ਵੀ ਇਹ ਦੱਸ ਸਕਦਾ ਹੈ ਕਿ ਸੁਦਾਮ ਹੁਸੈਨ ਦੇ ਸ਼ਾਸਨ ਦੌਰਾਨ ਇਹ ਕਿਤੇ ਬਿਹਤਰ ਸਥਿਤੀ ਵਿੱਚ ਸੀ।

ਸੱਦਾਮ ਹੁਸੈਨ ਨਿਸ਼ਚਿਤ ਰੂਪ ਵਿੱਚ ਇੱਕ ਤਾਨਾਸ਼ਾਹ ਸੀ ਅਤੇ ਉਸਦੇ ਸ਼ਾਸਨ ਵਿੱਚ ਕੁਰਦਾ, ਸ਼ੀਆ ਮੁਸਲਮਾਨਾਂ ਅਤੇ ਕਮਿਊਨਿਸਟ ਇਨਕਲਾਬੀ ਤਾਕਤਾਂ 'ਤੇ ਅਕਹਿ ਜ਼ੁਲਮ ਢਾਹੇ ਗਏ। ਪਰ ਇਹ ਗੱਲ ਕੌਣ ਭੁੱਲ ਸਕਦਾ ਹੈ ਕਿ ਇਹ ਉਹ ਦੌਰ ਸੀ ਜਦੋਂ ਸੱਦਾਮ ਹੁਸੈਨ ਇਰਾਨ ਦੇ ਖਿਲਾਫ਼ ਅਮਰੀਕਾ ਦਾ ਮਿੱਤਰ ਹੋਇਆ ਕਰਦਾ ਸੀ ? ਕੌਣ ਭੁੱਲ ਸਕਦਾ ਹੈ ਇਰਾਨ ਨਾਲ਼ ਹੋਈ ਦਸ ਵਰ੍ਹਿਆਂ ਦੀ ਜੰਗ ਵਿੱਚ ਇਰਾਕ ਨੂੰ ਹਥਿਆਰਾਂ ਦੀ ਸਪਲਾਈ ਅਮਰੀਕਾ ਤੋਂ ਹੀ ਹੋ ਰਹੀ ਸੀ ? ਕੌਣ ਭੁੱਲ ਸਕਦਾ ਹੈ ਕਿ ਕੁਰਦਾਂ ਅਤੇ ਸ਼ੀਆ ਮੁਸਲਮਾਨਾਂ ਉੱਤੇ ਸੱਦਾਮ ਦੇ ਹੁਕਮ ਨਾਲ਼ ਚੱਲਣ ਵਾਲੀਆਂ ਗੋਲ਼ੀਆਂ ਅਸਲ ਵਿੱਚ ਅਮਰੀਕੀ ਸਨ ? ਉਸ ਸਮੇਂ ਵੀ ਸੱਦਾਮ ਅਮਰੀਕਾ ਦਾ ਦੋਸਤ ਸੀ। ਇਹ ਵੀ ਸੱਚ ਹੈ ਕਿ ਸੱਦਾਮ ਹੁਸੈਨ ਦੀ ਬਾਥ ਪਾਰਟੀ ਨੇ ਇਰਾਕ ਵਿੱਚ ਧਾਰਮਿਕ ਕੱਟੜਪੰਥ 'ਤੇ ਹਮਲਾ ਕੀਤਾ, ਇਰਾਕ ਦਾ ਆਧੁਨਿਕੀਕਰਨ ਕੀਤਾ ਅਤੇ ਹੋਰ ਕਈ ਪ੍ਰਗਤੀਸ਼ੀਲ ਕੰਮ ਵੀ ਕੀਤੇ। ਪਰ ਸੱਦਾਮ ਨੇ ਜੋ ਵੀ ਪ੍ਰਗਤੀਸ਼ੀਲ ਕੰਮ ਕੀਤਾ, ਉਸ ਵਿੱਚ ਕੁਝ ਵੀ ਅਮਰੀਕੀ ਨਹੀਂ ਸੀ ਅਤੇ ਜੋ ਕੁਝ ਵੀ ਉਸਨੇ ਤਾਨਾਸ਼ਾਹਪੂਰਨ ਕੀਤਾ ਉਹ ਤਕਰੀਬਨ ਸਭ ਕੁੱਝ ਅਮਰੀਕੀ ਸੀ।

ਸੱਦਾਮ ਹੁਸੈਨ ਦੇ ਸ਼ਾਸਨ ਕਾਲ ਦੌਰਾਨ ਘੱਟੋ-ਘੱਟ ਇਰਾਕੀਆਂ ਨੂੰ ਰਾਸ਼ਨ ਵਿਵਸਥਾ ਜ਼ਰੀਏ ਮੁੱਢਲੀ ਖਾਧ ਸਮੱਗਰੀ, ਸੁਲਭ ਉਪਲਬਧ ਸਿੱਖਿਆ ਅਤੇ ਇਲਾਜ, ਬਿਜਲੀ ਅਤੇ ਪਾਣੀ ਉਪਲਭਧ ਸੀ। ਔਰਤਾਂ ਬਾਥ ਪਾਰਟੀ ਦੇ ਸ਼ਾਸਨ ਨੂੰ ਸਭ ਤੋਂ ਵੱਧ ਯਾਦ ਕਰਦੀਆਂ ਹਨ, ਕਿਉਂਕਿ ਇਸ ਦੌਰਾਨ ਉਹਨਾਂ ਨੂੰ ਹਰ ਉਹ ਅਧਿਕਾਰ ਪ੍ਰਾਪਤ ਸੀ, ਜੋ ਪੱਛਮ ਦੀਆਂ ਔਰਤਾਂ ਨੂੰ ਪ੍ਰਾਪਤ ਹਨ। ਅਮਰੀਕੀ ਕਬਜ਼ੇ ਦੇ ਬਾਅਦ ਸਾਮਰਾਜਵਾਦ ਦੀਆਂ ਕਠਪੁੱਤਲੀਆਂ ਨੇ ਔਰਤਾਂ ਨੂੰ ਇਸਲਾਮੀ ਸ਼ਾਸਨ ਅਧੀਨ ਕਰ ਦਿੱਤਾ। 1996 'ਚ ਇਰਾਕ 'ਚ ਔਸਤਨ ਜੀਵਨ ਸਮਾਂ 71 ਸਾਲ ਸੀ, ਜੋ 2007 ਵਿੱਚ ਘੱਟ ਕੇ 67 ਸਾਲ ਹੀ ਰਹਿ ਗਿਆ, ਕੌਮਾਂਤਰੀ ਏਜੰਸੀਆਂ ਅਨੁਸਾਰ ਲਗਭਗ 5 ਲੱਖ ਇਰਾਕੀ ਬੱਚੇ ਜੰਗ ਦੇ ਸਦਮੇਂ ਵਿੱਚ ਹਨ, ਜੰਗ ਸ਼ੁਰੂ ਹੋਣ ਤੋਂ ਬਾਅਦ ਲਗਭਗ 40 ਲੱਖ ਇਰਾਕੀ ਲੋਕ ਉੱਜੜ ਚੁੱਕੇ ਹਨ, ਜਿਨ੍ਹਾਂ 'ਚੋਂ ਲਗਭਗ ਅੱਧੇ ਤਾਂ ਇਰਾਕ ਨੂੰ ਛੱਡਣ ਲਈ ਹੀ ਮਜ਼ਬੂਰ ਹੋ ਗਏ ਹਨ, ਇਰਾਕ 'ਚ ਅਮਰੀਕੀ ਕਬਜ਼ੇ ਦੌਰਾਨ ਸੁੰਨੀਆਂ, ਸ਼ੀਆ ਅਤੇ ਕੁਰਦਾਂ ਵਿੱਚ ਆਪਸੀ ਟਕਰਾਅ ਵੱਧਦਾ ਗਿਆ ਅਤੇ ਧਾਰਮਿਕ ਕੱਟੜਪੰਥ ਵਿੱਚ ਤਿੱਖਾ ਵਾਧਾ ਹੋਇਆ, ਹਰ ਮਹੀਨੇ ਔਸਤਨ 300 ਇਰਾਕੀ ਮਾਰੇ ਜਾਂਦੇ ਹਨ।

ਇਹ ਸਾਮਰਾਜਵਾਦੀ ਹਨ੍ਹੇਰਗਰਦੀ, ਲੱਫਾਜ਼ੀ ਅਤੇ ਬੇਸ਼ਰਮੀ ਦੀ ਹੱਦ ਹੈ ਕਿ ਅਮਰੀਕਾ ਦਾ ਰਾਸ਼ਟਰਪਤੀ ਮੰਚ 'ਤੇ ਬੋਲਦਾ ਹੈ ਕਿ ਇਰਾਕੀ ਜਨਤਾ ਨੂੰ ਮੁਕਤ ਕਰ ਦਿੱਤਾ ਗਿਆ ਹੈ ਅਤੇ ਉੱਥੇ ਲੋਕਤੰਤਰ ਦੀ ਬਹਾਲੀ ਕਰ ਦਿੱਤੀ ਗਈ ਹੈ। ਇਹ ਅਮਰੀਕਾ ਵੱਲੋਂ ਆਪਣਾ ਗੰਦਾ ਅਤੇ ਜ਼ਖ਼ਮੀ ਚਿਹਰਾ ਲੁਕਾਉਣ ਲਈ ਦਿੱਤਾ ਗਿਆ ਬਿਆਨ ਪ੍ਰਤੀਤ ਹੁੰਦਾ ਹੈ। ਇਰਾਕੀ ਜਨਤਾ ਨੇ ਵੱਡੀਆਂ ਕੁਰਬਾਨੀਆਂ ਦੇ ਬਾਵਜੂਦ ਸਾਮਰਾਜਵਾਦ ਦੇ ਵਿਰੁੱਧ ਇੱਕ ਨਾਇਕਤਾਪੂਰਨ ਸੰਘਰਸ਼ ਕੀਤਾ ਅਤੇ ਅਮਰੀਕੀ ਫੌਜੀ

**(ਬਾਕੀ ਸਫ਼ਾ 13 'ਤੇ)**

# *ਬਿਲ ਗੇਟਸ ਅਤੇ ਵਾਰੇਨ ਬੂਫ਼ੇ ਦੀ ਚੈਰਿਟੀ:*
# ਲੋਕਾਂ ਦੀ ਸੇਵਾ ਜਾਂ ਪੂੰਜੀਵਾਦ ਦੀ ਸੇਵਾ ?

**-ਅੰਤਰਾ ਘੋਸ਼**

ਕਾਰਲ ਮਾਰਕਸ ਨੇ 'ਕਮਿਊਨਿਸਟ ਮੈਨੀਫੈਸਟੋ' ਵਿੱਚ ਲਿਖਿਆ ਹੈ ਕਿ ਪੂੰਜੀਪਤੀ ਸਮਾਜ ਵਿੱਚ ਪੂੰਜੀਪਤੀਆਂ ਦਾ ਇੱਕ ਹਿੱਸਾ ਹਮੇਸ਼ਾ ਧਰਮ ਅਤੇ ਸੁਧਾਰ ਦੇ ਕੰਮਾਂ ਵਿੱਚ ਰੁੱਝਿਆ ਹੁੰਦਾ ਹੈ। ਇਸ ਨਾਲ ਜਨਤਾ ਦਾ ਪੂੰਜੀਵਾਦ ਪ੍ਰਤੀ ਭਰਮ ਕਾਇਮ ਰਹਿੰਦਾ ਹੈ ਅਤੇ ਪੂੰਜੀਵਾਦ ਦੀ ਉਮਰ ਲੰਮੀ ਹੁੰਦੀ ਹੈ। ਇਸ ਨਾਲ ਪੂੰਜੀਵਾਦ ਸਮਾਜ ਵਿੱਚ ਗਰੀਬੀ ਅਤੇ ਬਦਹਾਲੀ ਦਾ ਖਾਤਮਾ ਨਹੀ ਹੁੰਦਾ, ਸਮਾਨਤਾ ਅਤੇ ਨਿਆਂ ਦੀ ਸਥਾਪਨਾ ਨਹੀ ਹੁੰਦੀ, ਸਗੋਂ ਲੋਟੂ ਅਤੇ ਅਨਿਆਈ ਢਾਂਚੇ ਦੇ ਕਾਇਮ ਰਹਿਣ ਦੀ ਜ਼ਮੀਨ ਤਿਆਰ ਹੁੰਦੀ ਹੈ।

ਹੁਣੇ ਹੀ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਿਲ ਗੇਟਸ ਅਤੇ ਵਾਰੇਨ ਬੂਫ਼ੇ ਨੇ ਆਪਣੀ ਆਪਣੀ ਨਿੱਜੀ ਸੰਪਤੀ ਦਾ ਵੱਡਾ ਹਿਸਾ ਧਰਮ ਦੇ ਕੰਮਾਂ ਵਿੱਚ ਦਾਨ ਦੇਣ ਦਾ ਐਲਾਨ ਕੀਤਾ ਅਤੇ ਫਿਰ ਉਹ ਦੁਨੀਆਂ ਭਰ ਦੇ ਅਰਬ-ਪਤੀਆਂ ਨੂੰ ਉਹਨਾਂ ਦੀ ਆਪਣੀ ਆਪਣੀ ਨਿੱਜੀ ਸੰਪਤੀ ਦਾ ਅੱਧਾ-ਅੱਧਾ ਹਿੱਸਾ ਦੇਣ ਲਈ ਮਨਾਉਣ ਵਿੱਚ ਲੱਗ ਗਏ। ਤਾਜ਼ਾ ਜਾਣਕਾਰੀ ਅਨੁਸਾਰ ਉਹ 40 ਅਰਬ ਪਤੀਆਂ ਨੂੰ ਮਨਾਉਣ ਵਿੱਚ ਕਾਮਯਾਬ ਰਹੇ ਹਨ ਅਤੇ ਇਸਤੋਂ 6000 ਲੱਖ ਡਾਲਰ ਦੀ ਰਾਸ਼ੀ ਗਰੀਬ ਦੇਸ਼ਾਂ ਵਿੱਚ ਐਨ.ਜੀ.ਓ. ਅਤੇ ਸੁਧਾਰ ਸੰਸਥਾਵਾਂ ਨੂੰ ਮਿਲਣ ਦੀ ਉਮੀਦ ਹੈ। ਇਸ ਖਬਰ ਨਾਲ ਦੁਨੀਆਂ ਭਰ ਦੇ ਮੱਧ-ਵਰਗ ਦਾ ਇੱਕ ਵੱਡਾ ਹਿੱਸਾ ਇਹਨਾਂ ਅਰਬ-ਪਤੀਆਂ ਦੇ ਗੁਣ ਗਾਉਣ ਵਿੱਚ ਲੱਗ ਪਿਆ ਹੈ ਅਤੇ ਇਹਨਾਂ ਨੂੰ ਲੱਗਦਾ ਹੈ ਕਿ ਏਨੀ ਵੱਡੀ ਰਾਸ਼ੀ ਸਮਾਜ ਸੇਵਾ ਵਿੱਚ ਲੱਗਣ ਨਾਲ ਕੋਈ ਇਨਕਲਾਬੀ ਤਬਦੀਲੀ ਆ ਜਾਏਗੀ ਅਤੇ ਇੱਕ ਬਿਹਤਰ ਦੁਨੀਆ ਦੀ ਉਸਾਰੀ ਹੋ ਜਾਵੇਗੀ। ਇਹ ਲੋਕ ਇਹਨਾਂ ਅਰਬ-ਪਤੀਆਂ ਦੀ ਦਾਨਵੀਰਤਾ ਤੇ ਡੁੱਲ ਗਏ ਹਨ ਅਤੇ ਹਰ ਸਮੇਂ ਆਪਣੇ ਮੂੰਹੋਂ ਇਹਨਾਂ ਅਰਬਪਤੀਆਂ ਦੇ ਗੁਣ ਗਾਉਣ ਵਿੱਚ ਲੱਗੇ ਹੋਏ ਹਨ। ਉਹਨਾਂ ਨੂੰ ਲੱਗਦਾ ਹੈ ਕਿ ਇਹਨਾਂ ਅਰਬਪਤੀਆਂ ਨੇ ਬਹੁਤ ਵੱਡਾ ਤਿਆਗ ਕੀਤਾ ਹੈ, ਜੋ ਇੱਕ ਬਹੁਤ ਵੱਡੀ ਮਿਸਾਲ ਬਣ ਗਿਆ ਹੈ ਅਤੇ ਕਾਬਿਲੇ ਤਾਰੀਫ ਹੈ। ਪਰ ਉਹਨਾਂ ਨੂੰ ਇਹ ਨਹੀ ਪਤਾ ਕਿ ਅਜਿਹੀ ਚੈਰਿਟੀ ਕਰਨਾ ਪੂੰਜੀਪਤੀ ਵਰਗ ਲਈ ਕੋਈ ਨਵੀਂ ਗੱਲ ਨਹੀ ਹੈ। 1890 ਵਿੱਚ ਕਾਰਨੇਗੀ ਅਤੇ ਹੈਨਰੀ ਫਰਿਕ ਨੇ ਵੀ ਕੁਝ ਅਜਿਹਾ ਹੀ ਕੀਤਾ ਸੀ। ਪਰ ਇਹ ਉਹ ਹੀ ਪੂੰਜੀਪਤੀ ਹਨ, ਜਿਨ੍ਹਾਂ ਨੇ ਮਜ਼ਦੂਰਾਂ ਦੇ ਨਿਆਂਪੂਰਨ ਸੰਘਰਸ਼ ਨੂੰ ਬਰਬਰਤਾ ਨਾਲ਼ ਦਬਾਅ ਦਿੱਤਾ ਸੀ। ਬਿਲ ਗੇਟਸ ਅਤੇ ਵਾਰੇਨ ਬੂਫ਼ੇ ਦਾ ਇਤਿਹਾਸ ਵੀ ਇਸ ਤੋਂ ਬਹੁਤਾ ਵੱਖਰਾ ਨਹੀਂ ਹੈ। ਪਰ ਹੁਣ ਆਪਾਂ ਉਸ ਇਤਿਹਾਸ ਵਿੱਚ ਨਹੀਂ ਜਾਵਾਂਗੇ। ਹੁਣ ਸਾਡਾ ਮਕਸਦ ਸਿਰਫ਼ ਦੋ ਸਵਾਲਾਂ ਦੇ ਜਵਾਬ ਦੇਣਾ ਹੈ। ਪਹਿਲਾ ਸਵਾਲ ਤਾਂ ਇਹ ਹੈ ਕਿ ਇਸ ਮੱਦਦ ਨਾਲ਼ ਦੁਨੀਆਂ ਵਿੱਚ ਕੀ ਤਬਦੀਲੀ ਆਉਣ ਵਾਲੀ ਹੈ? ਅਤੇ ਦੂਜਾ ਸਵਾਲ, ਕਿ ਇਹ ਅਸਲ 'ਚ ਅੱਧੀਆਂ ਨਿੱਜੀਆਂ ਸੰਪਤੀਆਂ ਦਾ ਦਾਨ ਅਤੇ ਦਿਆਲਤਾ ਦੀ ਮਿਸਾਲ ਹੈ?

ਪਹਿਲੇ ਸਵਾਲ ਦਾ ਜਵਾਬ ਹੈ ਨਹੀਂ! ਪੂੰਜੀਵਾਦ ਨੇ ਲਗਭਗ 200 ਸਾਲਾਂ ਦੇ ਇਤਿਹਾਸ ਵਿੱਚ ਦੁਨੀਆਂ ਨੂੰ ਜੋ ਕੁਝ ਬਣਾ ਦਿੱਤਾ ਹੈ, ਉਸ ਦੀ ਮੁਰੰਮਤ ਲਈ ਕਿਸੇ ਵੀ ਵੱਡੀ ਧਰਮਾਰਥ ਰਾਸ਼ੀ ਦੀ ਲੋੜ ਨਹੀਂ ਹੈ। ਜਦੋਂ ਤੱਕ ਪੂੰਜੀਵਾਦ ਰਹੇਗਾ ਆਮ ਆਦਮੀ ਬਰਬਾਦ ਰਹੇਗਾ। ਜੇ ਅਸੀਂ ਹੁਣ ਪੂਰੇ ਸੰਸਾਰ ਦੀ ਗੱਲ ਨੂੰ ਛੱਡ ਵੀ ਦੇਈਏ, ਸਿਰਫ਼ ਭਾਰਤ ਤੇ ਇਹੋ ਜਿਹੀ ਚੈਰਿਟੀ ਦੇ ਖਰਚ ਹੋਣ ਦੇ ਪ੍ਰਭਾਵ ਦੀ ਗੱਲ ਕਰਦੇ ਹਾਂ। ਅਰਜੁਨ ਸੇਨ ਗੁਪਤਾ ਸਮਿਤੀ ਅਨੁਸਾਰ ਭਾਰਤ ਵਿੱਚ 84 ਕਰੋੜ ਲੋਕ 20 ਰੁਪਏ ਪ੍ਰਤੀ ਦਿਨ ਜਾਂ ਉਸ ਤੋਂ ਵੀ ਘੱਟ ਆਮਦਨ 'ਤੇ ਜਿਉਂਦੇ ਹਨ। ਜੇ ਇਹਨਾਂ ਬੇਹੱਦ ਗਰੀਬ ਲੋਕਾਂ ਨੂੰ ਗੇਟਸ ਅਤੇ ਬੂਫੇ ਦੁਆਰਾ ਇਕੱਠੇ ਕੀਤੇ 6000 ਲੱਖ ਡਾਲਰਾਂ ਨੂੰ ਬਰਾਬਰ-ਬਰਾਬਰ ਵੰਡ ਦਿੱਤਾ ਜਾਵੇ ਤਾਂ ਪ੍ਰਤੀ ਵਿਅਕਤੀ ਨੂੰ ਲਗਭਗ 7.14 ਡਾਲਰ ਮਿਲਣਗੇ। ਯਾਨੀ ਕਿ 300 ਰੁਪਏ ਪ੍ਰਤੀ ਵਿਅਕਤੀ। ਯਾਨੀ ਉਹਨਾਂ ਦੀ ਪ੍ਰਤੀ ਦਿਨ ਦੀ ਕਮਾਈ ਵਿੱਚ ਸਾਲ ਭਰ ਦੇ ਹਿਸਾਬ ਨਾਲ਼ ਪੂਰੇ ਇਕ ਰੁਪਏ ਦਾ ਵਾਧਾ ਵੀ ਨਹੀਂ ਹੋਵੇਗਾ! ਇਸ ਨਾਲ਼ ਸਿਰਫ਼ ਭਾਰਤ ਦੇ ਹੀ ਗਰੀਬਾਂ ਦੀ ਜ਼ਿੰਦਗੀ 'ਤੇ ਕੋਈ ਅਸਰ ਨਹੀਂ ਪੈਣ ਵਾਲਾ। ਹਾਲੇ ਅਸੀਂ ਸਾਰੇ ਵਿਕਾਸਸ਼ੀਲ ਅਤੇ ਵਿਕਸਿਤ ਦੇਸ਼ਾਂ ਦੀ ਆਬਾਦੀ ਨੂੰ ਨਹੀਂ ਜੋੜ ਰਹੇ। ਜੇ ਇਹਨਾਂ ਸਾਰਿਆਂ ਨੂੰ ਜੋੜ ਲਿਆ ਜਾਵੇ ਤਾਂ 6000 ਲੱਖ ਡਾਲਰ ਦਾ ਕੁਝ ਪਤਾ ਵੀ ਨਹੀਂ ਲੱਗੇਗਾ। ਇਸ ਨਾਲ਼ ਦੁਨੀਆਂ ਦੇ ਸਾਰੇ ਗਰੀਬਾਂ ਦੇ ਸਰੀਰ 'ਤੇ ਇੱਕ ਸੂਤ ਦਾ ਧਾਗਾ ਵੀ ਨਹੀਂ ਪਾਇਆ ਜਾ ਸਕਦਾ! ਪਿਛਲੇ 200 ਸਾਲਾਂ ਤੋਂ ਪੂੰਜੀਵਾਦ ਨੇ ਦੁਨੀਆਂ ਦੇ ਸਾਰੇ ਕਿਰਤੀਆਂ ਦਾ ਖੂਨ ਨਿਚੋੜਕੇ ਜੋ ਮੁਨਾਫਾ ਕਮਾਇਆ ਹੈ, ਉਸ ਦੇ ਮੁਕਾਬਲੇ 6000 ਲੱਖ ਡਾਲਰ ਬਿਲਕੁਲ ਉਸੇ ਤਰ੍ਹਾਂ ਹਨ, ਜਿਵੇਂ ਪ੍ਰਸ਼ਾਂਤ ਮਹਾਂਸਾਗਰ ਦੇ ਸਾਹਮਣੇ ਇੱਕ ਪਾਣੀ ਦੀ ਬੂੰਦ। ਇਸ ਚੈਰਿਟੀ ਨਾਲ਼ ਦੁਨੀਆਂ ਦੇ ਗਰੀਬਾਂ ਦਾ ਕੋਈ ਭਲਾ ਨਹੀਂ ਹੋਣ ਵਾਲਾ! ਹਾਂ, ਪਰ ਇੱਕ ਕੰਮ ਜ਼ਰੂਰ ਹੋ ਸਕਦਾ ਹੈ, ਉਹ ਹੈ ਦੁਨੀਆਂ ਭਰ ਦੇ ਮੱਧਵਰਗੀ, ਨਿਮਨ ਵਰਗੀ ਅਤੇ ਮਜ਼ਦੂਰ ਆਬਾਦੀ ਵਿੱਚ ਵੀ, ਪੂੰਜੀਵਾਦੀ ਢਾਂਚੇ ਦੇ ਮਾਨਵਤਾਵਾਦੀ ਹੋਣ ਅਤੇ ਉੱਤਰਜੀਵੀ ਹੋਣ ਨੂੰ ਲੈ ਕੇ ਜਬਰਦਸਤ ਭੁਲੇਖਾ ਜ਼ਰੂਰ ਪੈਦਾ ਹੋ ਸਕਦਾ ਹੈ। ਖਾਸ ਕਰ, ਪੜ੍ਹੇ ਲਿਖੇ ਨੌਜਵਾਨਾਂ ਵਿੱਚ ਤਾਂ ਬਿਲ ਗੇਟਸ ਅਤੇ ਵਾਰੇਨ ਬੂਫ਼ੇ ਵਰਗੇ ਲੁਟੇਰੇ ਆਦਰਸ਼ ਬਨਕੇ ਉਭਰਨਗੇ। ਵਿਦਿਆਰਥੀਆਂ ਦੇ ਦਿਮਾਗ 'ਚ ਢਾਂਚੇ ਦੁਆਰਾ ਕੁੱਟ-ਕੁੱਟ ਕੇ ਭਰਿਆ ਇਹ ਤਰਕ ਹੋਰ ਵੀ ਮਜਬੂਤ ਹੋਵੇਗਾ ਕਿ "ਪਹਿਲਾਂ ਆਪ ਕੁਝ ਬਣ ਜਾਓ, ਫਿਰ ਸਮਾਜ

ਲਈ ਕੁਝ ਕਰਨਾ।" ਅਤੇ ਉਹ ਇਸ ਸਮਝ ਤੋਂ ਹਕੀਕਤ ਵਿੱਚ ਦੂਰ ਹੁੰਦੇ ਜਾਣਗੇ ਕਿ ਇਹ 'ਕੁਝ' ਹਕੀਕਤ ਵਿੱਚ 'ਕੁਝ ਵੀ ਨਹੀਂ' ਅਤੇ ਇਸ ਨਾਲ਼ ਇਸ ਦੁਨੀਆਂ ਦਾ ਕੁਝ ਵੀ ਨਹੀਂ ਬਦਲੇਗਾ। ਇਹ ਲੋਕ ਮਨਾਂ ਵਿੱਚ ਪੂੰਜੀਪਤੀਆਂ ਅਤੇ ਧਨਾਢਾਂ ਦੇ ਪ੍ਰਤੀ ਪਲਣ ਵਾਲੇ ਰੋਸ ਲਈ ਇੱਕ 'ਸੇਫਟੀ ਵਾਲਵ' ਦਾ ਕੰਮ ਕਰੇਗਾ, ਜੋ ਕੁਝ ਗੁੱਸਾ ਲੜੀਵਾਰ ਪ੍ਰਕਿਰਿਆ ਵਿੱਚ ਰਿਲੀਜ਼ ਕਰ ਦੇਵੇਗਾ। ਲੋਕ ਇਸ ਢਾਂਚੇ ਦੇ ਬਦਲ ਬਾਰੇ ਸੋਚਣ ਦੀ ਬਜਾਏ ਇਸ ਢਾਂਚੇ ਦੇ ਅੰਦਰ ਹੀ ਮਸੀਹਿਆਂ ਦੇ ਪੈਦਾ ਹੋਣ ਬਾਰੇ ਸੋਚਦੇ ਅਤੇ ਉਮੀਦ ਕਰਦੇ ਰਹਿਣਗੇ। ਕੁੱਲ ਮਿਲਾਕੇ ਦੇਖਿਆ ਜਾਵੇ ਤਾਂ ਇਸ ਚੈਰਿਟੀ ਨਾਲ਼ ਹੋਣ ਵਾਲਾ ਕੁਝ ਵੀ ਨਹੀਂ। ਬਸ ਸਮਾਜ ਵਿੱਚ ਪੂੰਜੀਵਾਦ ਪ੍ਰਤੀ ਲੋਕਾਂ ਦੇ ਭੁਲੇਖਿਆਂ ਦੀ ਉਮਰ ਥੋੜ੍ਹੀ ਹੋਰ ਵਧ ਜਾਵੇਗੀ। ਪੂੰਜੀਪਤੀ ਜਮਾਤ ਕੁਝ ਵਕਫਿਆਂ 'ਤੇ ਅਜਿਹੇ ਕਦਮ ਉਠਾਉਂਦੀ ਰਹਿੰਦੀ ਹੈ, ਇਸ ਵਿੱਚ ਕੁਝ ਵੀ ਨਵਾਂ ਨਹੀਂ ਹੈ। ਪਰ ਅਖ਼ੀਰ ਨੂੰ ਅਜਿਹੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਹੁੰਦੀਆਂ ਹਨ, ਪਹਿਲਾਂ ਵੀ ਹੁੰਦੀਆਂ ਰਹੀਆਂ ਹਨ ਅਤੇ ਬਾਅਦ ਵਿੱਚ ਵੀ ਹੁੰਦੀਆਂ ਰਹਿਣਗੀਆਂ। ਪਹਿਲੀ ਵਾਰ ਅਜਿਹੀ ਚੈਰਿਟੀ ਸਿਰਫ਼ ਆਸਾਂ ਜਗਾਉਂਦੀ ਹੈ; ਕੋਈ ਵੀ ਅਸਲ ਪ੍ਰਭਾਵ ਨਹੀਂ ਪੈਂਦਾ; ਦੂਜੀ ਵਾਰ ਅਜਿਹੀ ਚੈਰਿਟੀ ਤੋਂ ਆਸ ਘੱਟ ਜਾਂਦੀ ਹੈ; ਕੋਈ ਬਦਲਾਅ ਫਿਰ ਨਹੀਂ ਆਉਂਦਾ; ਤੀਜੀ ਵਾਰ ਅਜਿਹੀ ਚੈਰਿਟੀ ਇੱਕ ਖ਼ਬਰ ਵੀ ਨਹੀਂ ਰਹਿ ਜਾਂਦੀ; ਚੌਥੀ ਵਾਰ ਇਹ ਬੋਰ ਕਰਦੀ ਹੈ; ਪੰਜਵੀ ਵਾਰ ਇਹ ਗੁੱਸਾ ਦਿਵਾਉਂਦੀ ਹੈ; ਛੇਵੀਂ ਵਾਰ ਨਫ਼ਰਤ ਪੈਦਾ ਕਰਦੀ ਹੈ; ਅਤੇ ਅਖ਼ੀਰ ਇਹ ਲੋਕਾਂ ਨੂੰ ਭੁਲੇਖਿਆਂ 'ਚ ਪਾਉਣ ਦੀ ਬਜਾਏ, ਜ਼ਿਆਦਾ ਉੱਗਰ ਅਤੇ ਬਗਾਵਤੀ ਬਣਾ ਦਿੰਦੀ ਹੈ ਅਤੇ ਲੋਕ ਉੱਠ ਖਲੋਂਦੇ ਹਨ ਅਤੇ ਕਹਿੰਦੇ ਹਨ ਕਿ ਸਾਨੂੰ ਕੋਈ ਭੀਖ ਨਹੀਂ, ਆਪਣਾ ਹੱਕ ਚਾਹੀਦਾ – ਭਾਵ, ਸਾਰੀ ਦੁਨੀਆਂ! ਹੁਣ ਅਸੀਂ ਦੂਜੇ ਸਵਾਲ ਦੇ ਜਵਾਬ 'ਤੇ ਆਉਂਦੇ ਹਾਂ। ਕਿ ਇਸ ਚੈਰਿਟੀ ਦਾ ਬਿਲ ਗੇਟਸ ਅਤੇ ਵਾਰੇਨ ਬੂਫ਼ੇ (ਜਿਨ੍ਹਾਂ ਨੇ ਆਪਣੀ ਨਿੱਜੀ ਸੰਪਤੀ ਦਾ 99 ਫੀਸਦੀ ਦੇਣ ਦਾ ਵਾਅਦਾ ਕੀਤਾ ਹੈ!) ਵਰਗੇ ਦੈਂਤਾਂ ਦੀ ਸਿਹਤ 'ਤੇ ਕੋਈ ਖਾਸ ਅਸਰ ਪੈਂਦਾ ਹੈ ? ਕੀ ਇਸ ਨਾਲ਼ ਇਹਨਾਂ ਦੀ ਦਾਨਵੀਰਤਾ ਅਤੇ ਦਿਆਲਤਾ ਦਿਸਦੀ ਹੈ ? ਇਸ ਦਾ ਜਵਾਬ ਵੀ ਹੈ, ਨਹੀਂ! ਆਓ ਦੇਖੀਏ, ਕਿਸ ਤਰ੍ਹਾਂ ? ਦਰਅਸਲ, ਵਾਰੇਨ ਬੂਫ਼ੇ ਦੀ ਸੰਪਤੀ ਦਾ 99 ਫੀਸਦੀ ਤੋਂ ਜ਼ਿਆਦਾ ਹਿੱਸਾ ਉਸ ਦੀ ਨਿੱਜੀ ਸੰਪਤੀ ਤੋਂ ਨਹੀਂ ਆਉਂਦਾ। ਇਹ ਆਉਂਦਾ ਹੈ ਵਾਲ ਮਾਰਟ ਅਤੇ ਗੋਲਡਮਾਨ ਸਾਕਸ ਦੇ ਵਿੱਤੀ ਦੈਂਤ ਕਾਰਪੋਰੇਸ਼ਨਾਂ ਦੇ ਸ਼ੇਅਰਾਂ ਦੁਆਰਾ। ਵੱਲ ਮਾਰਟ ਨੂੰ ਅਮਰੀਕਾ ਵਿੱਚ ਸਭ ਤੋਂ ਘੱਟ ਮਜ਼ਦੂਰੀ ਦੇਣ ਲਈ ਜਾਣਿਆ ਜਾਂਦਾ ਹੈ ਅਤੇ ਉਸ ਦੀਆਂ ਦੁਕਾਨਾਂ ਵਿੱਚ ਅਮਰੀਕੀ ਮਜ਼ਦੂਰ, ਮਜ਼ਦੂਰੀ ਦੀਆਂ ਸਭ ਤੋਂ ਘੱਟ ਦਰਾਂ 'ਤੇ ਕੰਮ ਕਰਦੇ ਹਨ। ਵਾਲ ਮਾਰਟ ਆਪਣੀਆਂ ਕਈ ਕੱਪੜਾ ਕੰਪਨੀਆਂ ਨੂੰ ਚੀਨ ਲਿਜਾ ਚੁੱਕਿਆ ਹੈ ਅਤੇ ਜਿੱਥੇ ਇਹ ਚੀਨੀ ਮਜ਼ਦੂਰਾਂ ਤੋਂ 147 ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ਼ ਕੰਮ ਕਰਵਾਉਂਦਾ ਹੈ। ਗੋਲ਼ਡਮਾਨ ਸਾਕਸ ਉਹੀ ਵਿੱਤੀ ਸੰਸਥਾ ਹੈ ਜਿਸ ਦੇ ਪ੍ਰਮੁੱਖ ਨੇ ਹੁਣੇ ਕੁਝ ਮਹੀਨੇ ਪਹਿਲਾਂ ਹੀ ਇਹ ਪ੍ਰਵਾਨ ਕੀਤਾ ਹੈ ਕਿ ਉਹਦੀ ਸੰਸਥਾ ਨੇ ਲਾਪਰਵਾਹੀ ਨਾਲ਼ ਸਬਪਰਾਇਮ ਕਰਜੇ ਦਿੱਤੇ ਜਿਸ ਕਾਰਨ ਸੰਸਾਰ ਅਰਥਚਾਰਾ ਲੜਖੜਾ ਗਿਆ ਅਤੇ ਸੰਕਟ ਆ ਗਿਆ ਅਤੇ ਦੁਨੀਆਂ ਭਰ ਦੇ ਮਜ਼ਦੂਰ ਅਤੇ ਨੌਜਵਾਨਾਂ ਦਾ ਇੱਕ ਵੱਡਾ ਹਿੱਸਾ ਅੱਜ ਸੜਕਾਂ 'ਤੇ ਬੇਰੁਜ਼ਗਾਰ ਹੈ ਜਾਂ ਗੁਲਾਮੀ ਦੀਆਂ ਸਥਿਤੀਆਂ 'ਚ ਕੰਮ ਕਰ ਰਿਹਾ ਹੈ। ਇਹਨਾਂ ਕੰਪਨੀਆਂ ਦਾ ਮੁਨਾਫਾ ਖਰਬਾਂ ਡਾਲਰਾਂ ਵਿੱਚ ਹੈ, ਇਸ ਦੇ ਲਾਭਪਾਤਰੀਆਂ ਵਿੱਚ ਵਾਰੇਨ ਬੂਫੇ ਦਾ ਨਾਂ ਸਿਖ਼ਰ 'ਤੇ ਹੈ। ਇਹ ਤਾਂ ਸਿਰਫ਼ ਦੋ ਉਦਾਹਰਨਾਂ ਹਨ। ਅਜਿਹੇ ਵੀਹਾਂ ਸਾਮਰਾਜਵਾਦੀ ਕਾਰਪੋਰੇਸ਼ਨਾਂ ਦੀ ਲੁੱਟ ਦਾ ਇੱਕ ਠੋਸ ਹਿੱਸਾ ਵਾਰੇਨ ਬੂਫੇ ਦੇ ਕੋਲ ਜਾਂਦਾ ਹੈ। ਉਹਨਾਂ ਦੀ ਨਿੱਜੀ ਸੰਪਤੀ, ਇਸ ਮੁਨਾਫੇ ਦੇ ਸਾਹਮਣੇ ਬਿਲਕੁੱਲ 'ਬੌਣੀ' ਹੈ। ਬਿਲ ਗੇਟਸ ਦੀ ਕਹਾਣੀ ਵੀ ਇਸ ਤੋਂ ਕੁਝ ਅਲੱਗ ਨਹੀਂ। ਬਿਲ ਗੇਟਸ ਕਾਨੂੰਨੀ ਤੌਰ 'ਤੇ ਆਪਣੀ ਹੀ ਕੰਪਨੀ ਵਿੱਚ ਕਰਮਚਾਰੀ ਹੈ, ਜਿਸ ਦੇ ਲਈ ਉਸਨੂੰ ਤਨਖਾਹ ਮਿਲਦੀ ਹੈ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਮੁਕੇਸ਼ ਅੰਬਾਨੀ ਆਪਣੀ ਕੰਪਨੀ ਵਿੱਚ ਆਪ ਕਰਮਚਾਰੀ ਹੈ। ਆਰਥਿਕ ਮੰਦੀ ਦੇ ਸਮੇਂ ਦੁਨੀਆਂ ਭਰ ਦੇ ਬੇਰੁਜ਼ਗਾਰਾਂ ਅਤੇ ਗਰੀਬਾਂ ਦੀਆਂ ਬਦਦੁਆਵਾਂ ਅਤੇ ਨਫ਼ਰਤ ਇਹਨਾਂ ਦੇ ਮਹਿਲਾਂ ਲਈ ਕਿਤੇ ਖ਼ਤਰਾ ਨਾ ਬਣ ਜਾਣ, ਏਸੇ ਕਰਕੇ ਅਜਿਹੇ ਸਭ ਸੀ. ਈ. ਓ. (ਕੇਂਦਰੀ ਕਾਰਜਕਾਰੀ ਅਧਿਕਾਰੀ) ਨੇ ਆਪਣੀ ਆਪਣੀ ਤਨਖਾਹ 'ਚ ਕਟੌਤੀ ਕਰਕੇ ਵਿਖਾਇਆ ਕਿ ਮੰਦੀ ਦੀ ਮਾਰ ਦਾ ਅਸਰ ਝੱਲਣ ਲਈ ਉਹ ਆਪਣੇ-ਆਪ ਨੂੰ ਦੂਸਰਿਆਂ ਤੋਂ ਪਹਿਲਾਂ ਪੇਸ਼ ਕਰ ਰਹੇ ਹਨ। ਇਸ ਨਾਲ਼ ਉਹਨਾਂ ਦੀਆਂ ਕੰਪਨੀਆਂ 'ਚੋਂ ਹੋਈ ਛਾਂਟੀ ਕਰਕੇ ਕੱਢੇ ਮੁਲਾਜਮਾਂ ਦਾ ਗੁੱਸਾ ਦਿਸ਼ਾਹੀਣ ਹੋ ਜਾਂਦਾ ਹੈ। ਅੰਤ ਮਾਲਕ ਨੇ ਵੀ ਕੁਝ ਕੀਮਤ ਚੁਕਾਈ! ਪਰ ਕਿੱਡੀ ਮੂਰਖਤਾਪੂਰਨ ਗੱਲ ਹੈ! ਇਸ 'ਤੇ ਯਕੀਨ ਕੀਤਾ ਜਾ ਸਕਦਾ ਹੈ ? ਬਿਲ ਗੇਟਸ ਦੀ ਕੰਪਨੀ ਪਿਛਲੇ ਇੱਕ ਦਹਾਕੇ ਤੋਂ ਹਰ ਸਾਲ ਵੱਧ ਤੋਂ ਵੱਧ ਮੁਨਾਫੇ ਦੇ ਰਿਕਾਰਡ ਬਣਾ ਰਹੀ ਹੈ। ਇਸ ਮੁਨਾਫੇ ਦਾ ਅੱਧੇ ਤੋਂ ਜ਼ਿਆਦਾ ਦਾ ਹੱਕਦਾਰ ਬਿਲ ਗੇਟਸ ਆਪ ਹੀ ਤਾਂ ਹੈ, ਕਿਉਂਕਿ ਕੰਪਨੀ ਦੇ ਅੱਧੇ ਤੋਂ ਜ਼ਿਆਦਾ ਸ਼ੇਅਰ ਉਸਦੇ ਕੋਲ ਹੀ ਤਾਂ ਹਨ। ਮਾਈਕਰੋਸਾਫਟ ਪੂਰੀ ਦੁਨੀਆਂ ਵਿੱਚ ਕੰਪਿਊਟਰ ਸਾਫਟਵੇਅਰ ਬਾਜ਼ਾਰ ਵਿੱਚ ਇਜ਼ਾਰੇਦਾਰ ਕੰਪਨੀ ਹੈ। ਇਸ ਕੰਪਨੀ ਵਿੱਚ ਇਸ ਦੇ ਆਪਣੇ ਸ਼ੇਅਰਾਂ ਤੋਂ ਇਲਾਵਾ ਹੋਰ ਵੀ ਕਈ ਕਾਰਪੋਰੇਸ਼ਨਾਂ ਅਤੇ ਵਿੱਤੀ ਸੰਸਥਾਵਾਂ ਵਿੱਚ ਬਿਲ ਗੇਟਸ ਦੇ ਸ਼ੇਅਰ ਵੀ ਹਨ। ਜੇ ਇਹਨਾਂ ਸਾਰੇ ਸ਼ੇਅਰਾਂ ਨੂੰ ਜੋੜ ਲਿਆ ਜਾਵੇ ਤਾਂ ਇਹ ਕਿਸੇ ਵਿਕਾਸਸ਼ੀਲ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦੇ ਬਰਾਬਰ ਹੋ ਜਾਣਗੇ। ਪੂਰੀ ਦੁਨੀਆਂ ਵਿੱਚ ਸਿਰਫ਼ ਲੁੱਟ ਦੇ ਜ਼ਰੀਏ ਹੀ ਸਾਰੀ ਦੌਲਤ ਬਟੋਰੀ ਜਾਂਦੀ ਹੈ। ਬਿਲ ਗੇਟਸ ਦੀ ਨਿੱਜੀ ਸੰਪਤੀ ਦਾ ਕਾਨੂੰਨੀ ਤੌਰ 'ਤੇ ਆਕਲਣ ਤਾਂ ਮਾਈਕਰੋਸਾਫਟ ਤੋਂ ਮਿਲਣ ਵਾਲੀ ਉਹਨਾਂ ਦੀ "ਤਨਖਾਹ" ਦੇ ਆਧਾਰ 'ਤੇ ਹੁੰਦਾ ਹੈ, ਪਰ ਗੇਟਸ ਦੀ ਅਸਲ ਸੰਪਤੀ ਦੀ ਕੋਈ ਤਸਵੀਰ ਨਹੀਂ ਮਿਲਦੀ।

ਇਹਨਾਂ ਅਰਬ-ਪਤੀਆਂ ਦੀ ਨਿੱਜੀ ਸੰਪਤੀ ਦਾ ਇਹਨਾਂ ਲਈ ਵਿਸ਼ੇਸ਼ ਮਹੱਤਵ ਨਹੀਂ ਹੁੰਦਾ। ਕਿਉਂਕਿ ਅਸਲ ਸੰਪਤੀ ਵਿੱਤੀ ਇਜ਼ਾਰੇਦਾਰ ਪੂੰਜੀਵਾਦ ਦੇ ਇਸ ਦੌਰ ਵਿੱਚ ਸ਼ੇਅਰਾਂ ਅਤੇ ਹਿੱਸੇਦਾਰੀਆਂ ਵਿੱਚ ਨਿਹਿਤ ਹੁੰਦੀ ਹੈ। ਜੇ ਉਹ ਆਪਣੀ ਪੂਰੀ ਨਿੱਜੀ ਸੰਪਤੀ ਵੀ ਦਾਨ ਕਰ ਦੇਣ ਤਾਂ ਵੀ ਇਸ ਤੋਂ ਉਹਨਾਂ ਦੀ ਦਿਆਲਤਾ ਨਹੀਂ ਝਲਕਦੀ। ਇਹ ਭੇਤ ਲੁਕਿਆ ਰਹੇ, ਇਸ ਲਈ 2009 ਵਿੱਚ ਜਿਸ ਮੀਟਿੰਗ ਵਿੱਚ ਗੇਟਸ ਅਤੇ ਬੂਫੇ ਨੇ ਇਸ ਚੈਰਿਟੀ ਦਾ ਮਤਾ ਰੱਖਿਆ ਸੀ, ਉਸ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ। ਗੱਲ ਬਿਲਕੁੱਲ ਸਾਫ ਹੈ, ਇਹ ਉਹੀ ਅਰਬਾਪਤੀ ਹਨ, ਜੋ ਸੰਸਾਰ ਪੂੰਜੀਵਾਦ ਦੇ ਸਿਖ਼ਰ 'ਤੇ ਬੈਠੇ

**(ਬਾਕੀ ਸਫ਼ਾ 18 'ਤੇ)**

# ਭਾਰਤ ਸਰਕਾਰ ਦੀ
# 'ਵਿਲੱਖਣ ਪਹਿਚਾਣ ਸਕੀਮ'
# ਦਾ ਵਿਰੋਧ ਕਰੋ

**-ਲਖਵਿੰਦਰ**

ਭਾਰਤ ਸਰਕਾਰ ਦੀ ਯੂਨੀਅਨ ਕੈਬਨਿਟ ਦੀ ਮੀਟਿੰਗ ਵਿੱਚ ਇਸ ਸਾਲ 1 ਅਕਤੂਬਰ ਨੂੰ 'ਯੂਨੀਕ ਆਈਡੈਂਟੀਫਿਕੇਸ਼ਨ ਐਥਾਰਿਟੀ ਆਫ਼ ਇੰਡੀਆ' ਦਾ ਗਠਨ ਕੀਤਾ ਗਿਆ। ਇਸ ਤਹਿਤ ਭਾਰਤ ਸਰਕਾਰ ਹਰ ਨਾਗਰਿਕ ਦੇ ਯੂਨੀਕ ਆਈਡੈਂਟਿਟੀ ਕਾਰਡ (ਵਿਲੱਖਣ ਪਹਿਚਾਣ) ਬਣਾਏਗੀ। ਇਹ ਕਾਰਡ ਇਲੈਕਟ੍ਰਾਨਿਕ ਹੋਣਗੇ। ਇਸ ਵਾਸਤੇ ਨਾਗਰਿਕਾਂ ਦੀ ਨਿੱਜੀ ਜਾਣਕਾਰੀ ਭਾਰਤ ਸਰਕਾਰ ਦੀ ਉਪਰੋਕਤ ਸੰਸਥਾ ਕੋਲ ਇੱਕ ਥਾਂ ਇਕੱਠੀ ਕੀਤੀ ਜਾਵੇਗੀ। ਇਸ ਮੁਹਿਮ ਦਾ ਨਾਂ 'ਆਧਾਰ' ਰੱਖਿਆ ਗਿਆ ਹੈ। ਸਰਕਾਰ ਇਹ ਝੂਠੇ ਦਾਅਵੇ ਕਰ ਰਹੀ ਹੈ ਕਿ ਦੇਸ਼ ਦੇ ਨਾਗਰਿਕਾਂ ਬਾਰੇ ਸਾਰੀ ਜਾਣਕਾਰੀ ਇੱਕ ਥਾਂ ਇਕੱਠੀ ਕਰਨ ਨਾਲ਼ ਅਤੇ ਉਹਨਾਂ ਨੂੰ ਯੂ.ਆਈ.ਡੀ. (ਯੂਨੀਕ ਆਈਡੈਂਟਿਟੀ ਕਾਰਡ) ਜਾਰੀ ਕਰਨ ਦੇ ਬਹੁਤ ਫਾਇਦੇ ਹਨ। ਪਰ ਸਰਕਾਰ ਦੀ ਇਹ ਮੁਹਿਮ ਨਾਗਰਿਕਾਂ ਦੀ ਨਿੱਜੀ ਜ਼ਿੰਦਗੀ ਦੇ ਗੰਭੀਰ ਪੱਖਾਂ 'ਚ ਦਖਲਅੰਦਾਜੀ ਦੀ ਖਤਰਨਾਕ ਸਾਜਿਸ਼ ਹੈ। ਇਸ ਕਰਕੇ ਇਸ ਮੁਹਿਮ ਦਾ ਜ਼ੋਰਦਾਰ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

ਭਾਰਤ ਸਰਕਾਰ ਅਤੇ ਯੂ.ਆਈ.ਡੀ.ਏ.ਆਈ. ਦੇ ਮੁਖੀ ਨੰਦਨ ਨਿਲੇਕਨੀ ਦਾ ਦਾਅਵਾ ਹੈ ਕਿ ਆਧਾਰ ਸਕੀਮ ਨਾਲ਼ ਬਹੁਤ ਵਿਕਾਸ ਹੋਵੇਗਾ ਕਿਉਂਕਿ ਲੋਕਾਂ ਨੂੰ ਇਸ ਨਾਲ਼ ਆਪਣੀ ਪਹਿਚਾਣ ਦਾ ਇੱਕ ਅਜਿਹਾ ਪੱਕਾ ਸਾਧਨ ਮਿਲ ਜਾਵੇਗਾ ਜਿਸ ਦੇ ਪ੍ਰਯੋਗ ਨਾਲ਼ ਉਹ ਬੁਨਿਆਦੀ ਸੇਵਾਵਾਂ ਪ੍ਰਾਪਤ ਕਰ ਸਕਣਗੇ। ਇਸਦੇ ਕਰਤਿਆਂ ਦਾ ਦਾਅਵਾ ਹੈ ਕਿ ਇਸ ਸਕੀਮ ਨਾਲ਼ ਸਰਕਾਰ ਦੀਆਂ ਲੋਕ ਭਲਾਈ ਦੀਆਂ ਸਕੀਮਾਂ ਦਾ ਫਾਇਦਾ ਲੈਣ 'ਚ ਲੋਕਾਂ ਨੂੰ ਅਸਾਨੀ ਹੋਵੇਗੀ ਅਤੇ ਲੋਕਾਂ ਵਾਸਤੇ ਜਾਰੀ ਕੀਤੇ ਜਾਂਦੇ ਪੈਸੇ ਵਿੱਚ ਘਪਲੇਬਾਜੀ ਬੰਦ ਹੋਵੇਗੀ। ਸਰਕਾਰ ਦੇ ਇਹ ਦਾਅਵੇ ਸਰਾਸਰ ਨਾਜਾਇਜ ਅਤੇ ਝੂਠੇ ਹਨ। 'ਲੋਕ ਭਲਾਈ ਸਕੀਮਾਂ' ਦਾ ਫਾਇਦਾ ਨਾ ਲੈ ਸਕਣ ਅਤੇ ਜਾਰੀ ਕੀਤੇ ਜਾਂਦੇ ਫੰਡਾਂ 'ਚ ਘਪਲੇਬਾਜੀ ਦਾ ਕਾਰਨ ਇਹ ਨਹੀਂ ਕਿ ਲੋਕ ਆਪਣੀ ਪਹਿਚਾਣ ਸਿੱਧ ਨਹੀਂ ਕਰ ਪਾਉਂਦੇ। ਇਸ ਦਾ ਕਾਰਨ ਪ੍ਰਬੰਧ 'ਤੇ ਕੁਝ ਤਾਕਤਵਰ ਵਿਅਕਤੀਆਂ ਦੁਆਰਾ ਕੰਟਰੋਲ ਕੀਤਾ ਜਾਣਾ ਹੈ ਜੋ ਸਭ ਕਾਸੇ ਦਾ ਫਾਇਦਾ ਲੈ ਜਾਂਦੇ ਹਨ। ਉਦਾਹਰਨ ਦੇ ਤੌਰ 'ਤੇ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰ ਜਿਹਨਾਂ ਕੋਲ ਪੱਕੇ ਰਾਸ਼ਨ ਕਾਰਡ ਵੀ ਹਨ ਉਹ ਅਨਾਜ ਦਾ ਪੂਰਾ ਕੋਟਾ ਲੈਣ ਤੋਂ ਅਸਮਰਥ ਹੁੰਦੇ ਹਨ ਕਿਉਂਕਿ ਰਾਸ਼ਨ ਡੀਪੂਆਂ ਦੇ ਇੰਚਾਰਜ ਉਹਨਾਂ ਦੀ ਲੁੱਟ ਕਰਦੇ ਹਨ। ਉਹ ਗਰੀਬਾਂ ਨੂੰ ਇਸ ਗੱਲ ਲਈ ਮਜਬੂਰ ਕਰ ਦਿੰਦੇ ਹਨ ਕਿ ਉਹ ਆਪਣੇ ਕੋਟੇ ਤੋਂ ਘੱਟ ਲੈਣ। ਦਲਿਤ ਵਿਦਿਆਰਥੀਆਂ ਨੂੰ ਲੱਗੇ ਵਜੀਫੇ ਉਹਨਾਂ ਨੂੰ ਹਾਸਿਲ ਨਾ ਹੋ ਸਕਣ ਦਾ ਕਾਰਨ ਇਹ ਨਹੀਂ ਹੁੰਦਾ ਕਿ ਉਹ ਆਪਣੇ ਦਲਿਤ ਹੋਣ ਦਾ ਸਬੂਤ ਨਹੀਂ ਦੇ ਪਾਉਂਦੇ ਸਗੋਂ ਸਕੂਲਾਂ ਦਾ ਪ੍ਰਸ਼ਾਸਨ ਅਤੇ ਅਧਿਆਪਕ ਉਹਨਾਂ ਦੇ ਮਾਪਿਆਂ ਤੋਂ ਜਾਅਲੀ ਕਾਗਜਾਂ 'ਤੇ ਸਾਈਨ ਕਰਵਾ ਲੈਂਦੇ ਹਨ। ਯੂ.ਆਈ.ਡੀ. ਕਾਰਡ ਬਣਨ ਨਾਲ਼ ਇਹਨਾਂ ਲੋਕਾਂ ਨੂੰ ਕੀ ਫਾਇਦਾ ਹੋਵੇਗਾ ? ਇਸ ਗੱਲ ਦਾ ਆਧਾਰ/ਯੂ.ਆਈ.ਡੀ. ਸਕੀਮ ਦੇ ਕਰਤਿਆਂ-ਧਰਤਿਆਂ ਕੋਲ ਕੋਈ ਜਵਾਬ ਨਹੀਂ।

ਹੈਰਾਨੀ ਦੀ ਗੱਲ ਹੈ ਕਿ ਇਹ ਸਕੀਮ ਚੰਗੇ ਰਾਜ ਪ੍ਰਬੰਧ ਦੇ ਇੱਕ ਵੱਡੇ ਕਦਮ ਦੇ ਤੌਰ 'ਤੇ ਪ੍ਰਚਾਰੀ ਜਾ ਰਹੀ ਹੈ। ਸਰਕਾਰ ਦੇ ਚੰਗੇ ਰਾਜ ਪ੍ਰਬੰਧ ਦੇਣ ਦੇ ਦਾਅਵਿਆਂ ਤੋਂ ਉਲਟ ਯੂ.ਆਈ.ਡੀ. ਸਕੀਮ ਨਾਗਰਿਕਾਂ ਦੀ ਨਿੱਜੀ ਜ਼ਿੰਦਗੀ ਦੇ ਗੰਭੀਰ ਪੱਖਾਂ 'ਚ ਖਤਰਨਾਕ ਦਖਲਅੰਦਾਜੀ ਹੈ। ਇਹ ਸਕੀਮਾਂ ਨਾਗਰਿਕਾਂ ਦੀ ਨਿੱਜੀ ਜਾਣਕਾਰੀ ਦੇ ਖੁੱਲ੍ਹਾ ਹੋ ਜਾਣ ਦੇ ਗੰਭੀਰ ਖਤਰੇ ਪੈਦਾ ਕਰੇਗੀ ਅਤੇ ਉਹਨਾਂ ਦੀ ਜ਼ਿੰਦਗੀ 'ਚ ਅਸੁਰੱਖਿਆ ਨੂੰ ਹੋਰ ਵਧਾ ਦੇਵੇਗੀ। ਇਹ ਨਾਗਰਿਕ ਅਜ਼ਾਦੀ 'ਤੇ ਇੱਕ ਵੱਡਾ ਹਮਲਾ ਹੈ। ਕਾਗਜਾਂ 'ਚ ਹੀ ਸਹੀ ਭਾਰਤੀ ਸੰਵਿਧਾਨ ਨਾਗਰਿਕਾਂ ਨੂੰ ਨਿੱਜਤਾ ਦੀ ਕੁਝ ਅਜ਼ਾਦੀ ਦੀ ਗੱਲ ਤਾਂ ਕਹਿੰਦਾ ਹੀ ਹੈ। ਯੂ.ਆਈ.ਡੀ. ਸੰਵਿਧਾਨ ਵਿੱਚ ਦਰਜ ਨਿੱਜੀ ਗੁਪਤਤਾ ਦੇ ਅਧਿਕਾਰ ਦੀ ਸਪੱਸ਼ਟ ਉਲੰਘਣਾ ਕਰਦਾ ਹੈ। ਸੰਵਿਧਾਨ 'ਚ ਅਨੇਕਾਂ ਕਾਨੂੰਨ ਹਨ ਜੋ ਨਾਗਰਿਕ ਦੀ ਨਿੱਜੀ ਜਾਣਕਾਰੀ ਖੁੱਲ੍ਹਾ ਕਰਨ 'ਤੇ ਪਾਬੰਦੀ ਲਾਉਂਦੇ ਹਨ। ਯੂ.ਆਈ. ਡੀ. ਏ.ਆਈ. ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਅਦਾਲਤ ਜਾਂ "ਕੌਮੀ ਸੁਰੱਖਿਆ" ਦੇ ਮੱਦੇਨਜਰ ਘੱਟੋ ਘੱਟ ਜੁਆਇੰਟ ਸੈਕਟਰੀ ਪਦ ਦੇ ਅਧਿਕਾਰੀ ਦੇ ਨਿਰਦੇਸ਼ਾਂ 'ਤੇ ਕਿਸੇ ਨਾਗਰਿਕ ਦੀ ਵਿਅਕਤੀਗਤ ਜਾਣਕਾਰੀ ਖੁੱਲ੍ਹੀ ਕਰ ਸਕਦੀ ਹੈ। ਪਰ ਪਹਿਲਾਂ ਤੋਂ ਮੌਜੂਦ ਭਾਰਤੀ ਕਾਨੂੰਨਾਂ ਤਹਿਤ ਤਾਂ ਅਜਿਹਾ ਕੇਂਦਰੀ ਜਾਂ ਸੂਬੇ ਦੇ ਗ੍ਰਹਿ ਸਕੱਤਰ ਦੇ ਆਦੇਸ਼ਾਂ 'ਤੇ ਹੀ ਕੀਤਾ ਜਾ ਸਕਦਾ ਹੈ। ਯੂ.ਆਈ.ਡੀ. ਸਕੀਮ ਵਜੋਂ ਪ੍ਰਬੰਧ ਵਿੱਚ ਵੱਧ ਤਾਕਤ ਰੱਖਣ ਵਾਲੇ ਵਿਅਕਤੀਆਂ ਦੁਆਰਾ ਦੂਜਿਆਂ ਦੀ ਜ਼ਿੰਦਗੀ ਸਬੰਧੀ ਨਿੱਜੀ ਜਾਣਕਾਰੀ ਹਾਸਿਲ ਕਰਕੇ ਦੁਰਉਪਯੋਗ ਕਰਨ ਦੇ ਗੰਭੀਰ ਖਤਰੇ ਖੜ੍ਹੇ ਹੋ ਗਏ ਹਨ। ਇਸਦੀ ਦੁਰਵਰਤੋਂ ਹੋਵੇਗੀ ਹੀ ਜਿਸ ਵਜੋਂ ਨਾਗਰਿਕਾਂ ਦੀ ਜ਼ਿੰਦਗੀ ਅਤੇ ਸੁਰੱਖਿਆ ਨੂੰ ਖਤਰੇ ਵੀ ਵਧ ਗਏ ਹਨ। ਜਣਗਣਨਾ ਤਹਿਤ ਇਕੱਠੀ ਕੀਤੀ ਜਾਂਦੀ ਜਾਣਕਾਰੀ ਵੀ ਯੂ.ਆਈ.ਡੀ.ਏ.ਆਈ. ਨੂੰ ਮੁਹੱਈਆ ਕਰਵਾਈ ਜਾਵੇਗੀ। ਜਦੋਂ ਕਿ ਜਣਗਣਨਾ ਕਾਨੂੰਨ ਮੁਤਾਬਿਕ ਤਾਂ ਕਿਸੇ ਨਾਗਰਿਕ ਸਬੰਧੀ ਕੋਈ ਵੀ ਜਾਣਕਾਰੀ ਜਾਂਚ ਪੜਤਾਲ ਜਾਂ ਸਬੂਤ ਦੇ ਤੌਰ 'ਤੇ ਇਸਤੇਮਾਲ ਕੀਤੀ ਹੀ ਨਹੀਂ ਜਾ ਸਕਦੀ।

ਕੇਂਦਰੀਕ੍ਰਿਤ ਨਿੱਜੀ ਜਾਣਕਾਰੀਆਂ ਦੀ ਦੁਰਵਰਤੋਂ ਨਾ ਕੀਤੇ

ਜਾਣ ਜਾਂ ਹੋ ਸਕਣ ਦੀ ਕੋਈ ਵੀ ਗਰੰਟੀ ਭਾਰਤ ਸਰਕਾਰ ਨਹੀਂ ਕਰਦੀ। ਇਸ ਵਿੱਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਸਮਾਜਿਕ ਤਬਦੀਲੀ ਲਈ ਜੂਝ ਰਹੇ ਨਾਗਰਿਕਾਂ ਅਤੇ ਰਾਜਨੀਤਕ ਵਿਰੋਧੀਆਂ ਆਦਿ ਖਿਲਾਫ ਯੂ.ਆਈ.ਡੀ. ਦਾ ਜਮ ਕੇ ਦੁਰਪ੍ਰਯੋਗ ਕੀਤਾ ਜਾਵੇਗਾ। ਨੋਟ ਕਰਨ ਯੋਗ ਇਹ ਵੀ ਗੰਭੀਰ ਮਸਲਾ ਹੈ ਕਿ ਨਾਗਰਿਕਾਂ ਸਬੰਧੀ ਇੱਕਠੀ ਕੀਤੀ ਜਾਣ ਵਾਲੀ ਇਹ ਸਾਰੀ ਜਾਣਕਾਰੀ ਜੋ ਕਿ ਕੰਪਿਊਟਰਾਂ ਵਿੱਚ ਰੱਖੀ ਜਾਣੀ ਹੈ ਉਹ ਇੰਟਰਨੈਟ ਰਾਹੀਂ ਚੋਰੀ ਨਾ ਹੋ ਸਕਣ ਦਾ ਸਰਕਾਰ ਕੋਈ ਪੁਖਤਾ ਪ੍ਰਬੰਧ ਕਰ ਹੀ ਨਹੀਂ ਸਕਦੀ ਕਿਉਂਕਿ ਇਸ ਤਰ੍ਹਾਂ ਦੀ ਚੋਰੀ ਰੋਕ ਸਕਣ ਲਈ ਅਜੇ ਤੱਕ ਕੋਈ ਤਕਨੀਕ ਸੰਸਾਰ ਭਰ ਵਿੱਚ ਅਜੇ ਤੱਕ ਵਿਕਸਿਤ ਹੀ ਨਹੀਂ ਹੋ ਸਕੀ। ਇਸੇ ਵਜੋਂ ਪਹਿਲਾਂ ਤੋਂ ਪਈ ਜਾਣਕਾਰੀ ਵਿੱਚ ਅਣਅਧਿਕਾਰਿਤ ਤੌਰ 'ਤੇ ਬਦਲਾਅ ਕਰ ਸਕਣਾ ਵੀ ਸੰਭਵ ਹੈ। ਅਨੇਕਾਂ ਥਾਵਾਂ 'ਤੇ ਖਿੰਡੇ ਹੋਏ ਅੰਕੜਿਆਂ ਨਾਲੋਂ ਜਦੋਂ ਸਾਰਾ ਅੰਕੜਾ ਇੱਕ ਥਾਂ 'ਤੇ ਇੱਕਠਾ ਹੋ ਜਾਵੇ ਤਾਂ ਉਹਨਾਂ ਦਾ ਦੁਰਉਪਯੋਗ ਹੋ ਸਕਣਾ ਕਿਤੇ ਵੱਧ ਅਸਾਨ ਹੋ ਜਾਂਦਾ ਹੈ।

ਵਰਨਣਯੋਗ ਹੈ ਕਿ ਭਾਰਤ ਸਰਕਾਰ ਦੇ ਇਸੇ ਪ੍ਰੋਜੈਕਟ ਦਾ ਇੱਕ ਗੁਪਤ ਦਸਤਾਵੇਜ, ਗੁਪਤ ਦਸਤਾਵੇਜਾਂ ਨੂੰ ਨਸ਼ਰ ਕਰਨ ਵਾਲੀ ਵੈਬਸਾਈਟ 'ਵਿਕੀਲੀਕਸ' 'ਤੇ ਪ੍ਰਕਾਸ਼ਿਤ ਹੋ ਚੁੱਕਾ ਹੈ। ਇਹ ਵੀ ਨੋਟ ਕਰਨ ਯੋਗ ਗੱਲ ਹੈ ਕਿ ਇਹ ਦਸਤਾਵੇਜ ਵੀ ਇਹ ਮੰਨਦਾ ਹੈ ਕਿ ਨਾਗਰਿਕਾਂ ਸਬੰਧੀ ਇਕੱਠੀ ਕੀਤੇ ਜਾਣ ਵਾਲੀ ਜਾਣਕਾਰੀ ਦੇ ਲੀਕ ਹੋ ਸਕਣ ਅਤੇ ਇਸ ਵਿੱਚ ਗੜਬੜ ਕਰ ਸਕਣ ਦੀਆਂ ਸੰਭਾਵਨਾਵਾਂ ਹਨ। ਇਸ ਮੁੱਦੇ ਸਬੰਧੀ ਹੋਰ ਕੀ ਕਹਿਣ ਦੀ ਲੋੜ ਰਹਿ ਜਾਂਦੀ ਹੈ!

ਵੈਸੇ ਵੀ ਯੂ.ਆਈ.ਡੀ ਰਾਹੀਂ ਘੱਟੋ ਘੱਟ 15 ਕਰੋੜ ਲੋਕ ਤਾਂ ਆਪਣੀ ਪਹਿਚਾਣ ਸਾਬਿਤ ਕਰ ਹੀ ਨਹੀਂ ਸਕਣਗੇ। ਯੂ.ਆਈ.ਡੀ. ਵਾਸਤੇ ਹੱਥਾਂ ਦੀਆਂ ਉਂਗਲਾਂ ਦੇ ਨਿਸ਼ਾਨ ਵੀ ਸ਼ਾਮਿਲ ਕੀਤੇ ਜਾਣਗੇ। ਖੇਤੀ, ਉਸਾਰੀ ਅਤੇ ਹੋਰ ਹੱਥੀ ਕੰਮ ਕਰਨ ਵਾਲ਼ੇ ਲੋਕਾਂ ਦੀਆਂ ਉਂਗਲਾਂ ਘਸ ਜਾਂਦੀਆਂ ਹਨ। ਇਹਨਾਂ ਦੇ ਉਂਗਲਾਂ ਦੇ ਨਿਸ਼ਾਨ ਬਹੁਤ ਮੱਧਮ ਪੈ ਜਾਂਦੇ ਹਨ ਜੋ ਸੈਂਸਰ ਚੱਕ ਨਹੀਂ ਸਕਣਗੇ। ਸੈਂਸਰਾਂ ਤੋਂ ਉਂਗਲ ਦਾ ਘੱਟ-ਵੱਧ ਦਬਾਅ, ਉਂਗਲਾਂ ਰੱਖੇ ਜਾਣ ਦੀ ਦਿਸ਼ਾ, ਜਰੂਰਤ ਤੋਂ ਜਿਆਦਾ ਸੁੱਕੀ ਜਾਂ ਚਿਕਨਾਹਟ ਵਾਲੀ ਚਮੜੀ ਆਦਿ ਵਜੋਂ ਵੀ ਨਿਸ਼ਾਨ ਮਿਲਾਏ ਜਾਣ 'ਚ ਗੰਭੀਰ ਦਿੱਕਤਾਂ ਹਨ। ਉਂਗਲਾਂ ਦੇ ਨਿਸ਼ਾਨਾਂ ਸਬੰਧੀ ਦਿੱਕਤਾਂ ਬਾਰੇ ਤਾਂ ਯੂ.ਆਈ.ਡੀ.ਆਈ.ਏ. ਦੇ ਦਸਤਾਵੇਜਾਂ 'ਚ ਵੀ ਮੰਨਿਆ ਗਿਆ ਹੈ। ਯੂ.ਆਈ.ਡੀ. ਵਾਸਤੇ ਅੱਖਾਂ ਦੀ ਪੁਤਲੀ ਦੇ ਸਕੈਨ ਅਤੇ ਤਸਵੀਰਾਂ ਵੀ ਲਏ ਜਾਣਗੇ। ਅੱਖਾਂ ਦੀ ਪੁਤਲੀ ਦੇ ਸਕੈਨ ਅੱਖਾਂ ਤੋਂ ਅੰਨ੍ਹਿਆਂ, ਮੋਤੀਆ ਬਿੰਦ ਨਾਲ਼ ਗ੍ਰਸਤ, ਅੱਖਾਂ 'ਚ ਨਿਸ਼ਾਨ ਵਾਲ਼ੇ ਲੋਕਾਂ 'ਤੇ ਨਹੀਂ ਕੀਤਾ ਜਾ ਸਕਦਾ। ਵੈਸੇ ਵੀ ਉਂਗਲਾਂ ਦੇ ਨਿਸ਼ਾਨ ਅਤੇ ਅੱਖਾਂ ਦੀ ਪੁਤਲੀ ਦੇ ਸਕੈਨਰਾਂ ਨੂੰ ਅਸਾਨੀ ਨਾਲ਼ ਧੋਖਾ ਦਿੱਤਾ ਜਾ ਸਕਦਾ ਹੈ।

ਅਜਿਹੇ ਸਭ ਕਾਰਨਾਂ ਕਰਕੇ ਹੀ ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ, ਚੀਨ, ਕਨੇਡਾ, ਜਰਮਨੀ ਵਰਗੇ ਦੇਸ਼ਾਂ ਨੇ ਅਜਿਹੇ ਪ੍ਰੋਜੈਕਟ ਲਾਗੂ ਕਰਨ ਦੀ ਅਸਫਲ ਕੋਸ਼ਿਸ਼ ਤੋਂ ਬਾਅਦ ਇਸ ਨੂੰ ਗੈਰਵਿਵਹਾਰਿਕ, ਨਾਜਾਇਜ ਅਤੇ ਖਤਰਨਾਕ ਐਲਾਨਿਆ ਹੈ।

**(ਬਾਕੀ ਸਫ਼ਾ 26 'ਤੇ)**

**ਸੰਘਰਸ਼ ਦੇ ਪਿੜ 'ਚੋਂ**

# ਸਰੂਪ ਸੰਨਜ਼ ਇੰਡਸਟਰੀਜ਼ ਲਿਮ. (ਲੁਧਿਆਣਾ) ਦੇ ਮਜ਼ਦੂਰਾਂ ਦੀ ਸ਼ਾਨਦਾਰ ਜਿੱਤ

ਲੁਧਿਆਣਾ ਫੋਕਲ ਪੁਆਇੰਟ ਦੇ ਫੇਜ਼ ਪੰਜ ਵਿੱਚ ਸਥਿਤ ਆਟੋ ਪਾਰਟਸ ਬਣਾਉਣ ਵਾਲੀ ਕੰਪਨੀ ਸਰੂਪ ਸੰਨਜ਼ ਇੰਡਸਟਰੀਜ਼ ਲਿਮ. ਦੇ ਤਕਰੀਬਨ ਦੋ ਸੌ ਮਜ਼ਦੂਰਾਂ ਨੇ 24 ਅਕਤੂਬਰ ਨੂੰ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਉਸ ਸਮੇਂ ਗੁੱਸੇ ਵਿੱਚ ਆ ਕੇ ਹੜਤਾਲ ਕਰ ਦਿੱਤੀ ਜਦੋਂ ਮਾਲਿਕ ਨੇ ਮਜ਼ਦੂਰਾਂ ਨੂੰ ਵੰਡੇ ਜਾ ਰਹੇ ਬੋਨਸ ਵਿੱਚ ਨਾਜਾਇਜ਼ ਕਟੌਤੀ ਕਰ ਦਿੱਤੀ। ਮਜ਼ਦੂਰਾਂ ਨੇ ਮਾਲਿਕ ਅੱਗੇ ਆਪਣੀ ਮੰਗ ਰੱਖੀ ਕਿ ਉਹਨਾਂ ਨੂੰ ਪੂਰਾ ਪੂਰਾ ਬੋਨਸ ਦੇਣ ਦੇ ਨਾਲ਼ ਨਾਲ਼ ਉਹਨਾਂ ਦੀ ਤਨਖਾਹ ਵੀ ਵਧਾਈ ਜਾਵੇ। ਗੱਲਬਾਤ ਦੌਰਾਨ ਮਾਲਕ ਨੇ ਮਜ਼ਦੂਰਾਂ ਦੀ ਕੋਈ ਵੀ ਮੰਗ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸਨੂੰ ਭੁਲੇਖਾ ਸੀ ਕਿ ਮਜ਼ਦੂਰ ਬਹੁਤੇ ਸਮੇਂ ਤੱਕ ਹੜਤਾਲ ਤੇ ਟਿਕ ਨਹੀਂ ਸਕਣਗੇ। ਪਰ ਦੋ ਦਿਨ ਬੀਤਣ ਮਗਰੋਂ ਵੀ ਜਦੋਂ ਮਜ਼ਦੂਰ ਆਪਣੀ ਏਕਤਾ ਨਾਲ ਹੜਤਾਲ ਤੇ ਡਟੇ ਰਹੇ ਤਾਂ ਮਾਲਕ ਦੇ ਸਾਰੇ ਹੌਂਸਲੇ ਢਹਿ-ਢੇਰੀ ਹੋ ਗਏ ਅਤੇ ਉਸਨੇ ਹੜਤਾਲ ਦੇ ਤੀਜੇ ਦਿਨ ਮਜ਼ਦੂਰਾਂ ਦੇ ਆਗੂਆਂ ਨੂੰ ਖੁਦ ਗੱਲਬਾਤ ਕਰਨ ਲਈ ਬੁਲਾਇਆ। ਉਸਨੇ ਪੂਰਾ ਬੋਨਸ ਦੇਣ ਦੇ ਨਾਲ ਨਾਲ ਦੋ ਸੌ ਰੁਪੈ ਤਨਖਾਹ ਵਧਾਉਣ ਦੀ ਮੰਗ ਵੀ ਮੰਨ ਲਈ। ਮੰਗਾਂ ਮੰਨੇ ਜਾਣ ਉਪਰੰਤ ਮਜ਼ਦੂਰਾਂ ਨੇ ਹੜਤਾਲ ਵਾਪਸ ਲੈ ਲਈ। ਇਸ ਹੜਤਾਲ ਦੀ ਸਫਲਤਾ ਨੇ ਨਾ ਸਿਰਫ਼ ਸਰੂਪ ਸੰਨਜ਼ ਦੇ ਮਜ਼ਦੂਰਾਂ ਨੂੰ ਜੋਸ਼ ਨਾਲ ਭਰ ਦਿੱਤਾ ਸਗੋਂ ਇਲਾਕੇ ਦੇ ਦੂਜੇ ਕਾਰਖਾਨਿਆਂ ਦੇ ਮਜ਼ਦੂਰਾਂ ਸਾਹਮਣੇ ਵੀ ਇਸ ਸੰਘਰਸ਼ ਨੇ ਮਿਸਾਲ ਪੇਸ਼ ਕੀਤੀ ਹੈ। ਇਸ ਸੰਘਰਸ਼ 'ਤੇ ਇਲਾਕੇ ਦੇ ਅਨੇਕਾਂ ਕਾਰਖਾਨਿਆਂ ਦੇ ਮਜ਼ਦੂਰਾਂ ਦੀ ਨਜ਼ਰ ਟਿਕੀ ਹੋਈ ਸੀ। ਹੜਤਾਲ ਦੀ ਸ਼ਾਨਦਾਰ ਜਿੱਤ ਨਾਲ ਉਹਨਾਂ ਵਿੱਚ ਵੀ ਉਤਸ਼ਾਹ ਪੈਦਾ ਹੋਇਆ ਹੈ। ਸਰੂਪ ਸੰਨਜ਼ ਦੇ ਮਜ਼ਦੂਰ ਇਸ ਗੱਲ ਨੂੰ ਵੀ ਚੰਗੀ ਤਰਾਂ ਸਮਝਦੇ ਹਨ ਕਿ ਉਹ ਇਕੱਲੇ ਆਪਣੇ ਸੰਘਰਸ਼ ਨੂੰ ਅੱਗੇ ਨਹੀ ਵਧਾ ਸਕਦੇ। ਉਹ ਇਸ ਗੱਲ ਨੂੰ ਵੀ ਸਮਝਦੇ ਹਨ ਕਿ ਦੂਜੇ ਕਾਰਖਾਨਿਆਂ ਦੇ ਮਜ਼ਦੂਰਾਂ ਦੇ ਨਾਲ ਮਿਲਕੇ ਹੀ ਮਾਲਕਾਂ ਦੇ ਖਿਲਾਫ ਸੰਘਰਸ਼ ਲੜੇ ਅਤੇ ਜਿੱਤੇ ਜਾ ਸਕਦੇ ਹਨ।

ਸਾਰੇ ਮਜ਼ਦੂਰਾਂ ਨੇ ਹੜਤਾਲ ਖਤਮ ਹੋਣ ਤੋਂ ਬਾਅਦ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਇਕਾਈ ਦੇ ਤੌਰ 'ਤੇ ਸਰੂਪ ਸੰਨਜ਼ ਕਾਰਖਾਨਾ ਮਜ਼ਦੂਰ ਯੂਨੀਅਨ ਬਣਾਉਣ ਦਾ ਐਲਾਨ ਵੀ ਕੀਤਾ।

## ਟਿੱਪਣੀਆਂ

### ਮੌਨਟੇਕ ਸਿੰਘ ਦਾ ਬੇਸ਼ਰਮ-ਸ਼ਾਸ਼ਤਰ

ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਅਤੇ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ 'ਮਾਣਯੋਗ' ਮੌਨਟੇਕ ਸਿੰਘ ਆਹਲੂਵਾਲੀਆ ਦੁਨੀਆ ਦੇ ਮੰਨੇ ਪ੍ਰਮੰਨੇ ਅਰਥ-ਸ਼ਾਸ਼ਤਰੀਆਂ ਵਜੋਂ ਜਾਣੇ ਜਾਂਦੇ ਹਨ। ਅਤੇ ਸਮੇਂ ਸਮੇਂ ਤੇ ਇਹ ਆਪਣੇ ਆਕਾਵਾਂ ਪ੍ਰਤੀ ਵਫਾਦਾਰੀ ਅਤੇ ਆਪਣੇ ਅਰਥ-ਸ਼ਾਸ਼ਤਰ ਦੀ ਬੇਸ਼ਰਮੀ ਦਾ ਸਬੂਤ ਵੀ ਦਿੰਦੇ ਰਹਿੰਦੇ ਹਨ। ਪਿੱਛੇ ਜਿਹੇ ਜਦੋਂ ਸੁਪਰੀਮ ਕੋਰਟ ਨੇ ਭਾਰਤ ਸਰਕਾਰ ਅਤੇ ਖੇਤੀ ਮੰਤਰੀ ਨੂੰ 'ਝਾੜ' ਪਾਉਂਦਿਆਂ ਗੋਦਾਮਾਂ ਵਿੱਚ ਸੜ ਰਹੇ ਅਨਾਜ ਨੂੰ ਭੁੱਖਮਰੀ ਦੇ ਸ਼ਿਕਾਰ ਲੋਕਾਂ ਵਿਚਕਾਰ ਵੰਡਣ ਲਈ ਕਿਹਾ ਤਾਂ ਫੌਰਨ ਮਨਮੋਹਣ ਸਿੰਘ ਨੇ ਆਪਣੇ ਖੇਤੀ ਮੰਤਰੀ ਦਾ ਪੱਖ ਪੂਰਦਿਆਂ ਪੂਰੀ 'ਦਲੇਰੀ' ਨਾਲ ਸੁਪਰੀਮ ਕੋਰਟ ਨੂੰ ਜਵਾਬ ਦਿੱਤਾ ਕਿ ਇਸ ਤਰਾਂ ਅਨਾਜ ਗਰੀਬਾਂ ਨੂੰ ਨਹੀਂ ਵੰਡਿਆ ਜਾ ਸਕਦਾ (!) ਅਤੇ ਨਾਲ ਹੀ ਨਿਆਂਪਾਲਕਾ ਨੂੰ ਵਿਧਾਨਪਾਲਕਾ ਦੇ ਕੰਮਾਂ ਵਿੱਚ ਦਖਲ-ਅੰਦਾਜੀ ਨਾ ਕਰਨ ਦੀ ਸਲਾਹ ਵੀ ਦੇ ਮਾਰੀ। ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਭਾਰਤ ਦੇ ਪ੍ਰਮੁੱਖ ਅਖਬਾਰਾਂ ਅਤੇ ਮੈਗਜ਼ੀਨਾਂ ਨੇ ਪ੍ਰਧਾਨ ਮੰਤਰੀ ਦੇ ਇਸ 'ਧੜੱਲੇਦਾਰ' ਰੂਪ ਦੀ ਜ਼ੋਰਾਂ ਸ਼ੋਰਾਂ ਨਾਲ ਸਿਫਤ ਕਰਦਿਆਂ ਇਹ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਮਨਮੋਹਣ ਸਿੰਘ ਹੁਣ ਕਮਜ਼ੋਰ ਪ੍ਰਧਾਨ ਮੰਤਰੀ ਨਹੀਂ ਰਹੇ ਤੇ ਆਪਣੀ ਸਰਕਾਰ ਦੀਆਂ ਨੀਤੀਆਂ ਨੂੰ ਜ਼ੋਰਦਾਰ ਢੰਗ ਨਾਲ ਲਾਗੂ ਦੀ 'ਹਿੰਮਤ' ਰੱਖਦੇ ਹਨ।

ਮਨਮੋਹਣ ਸਿੰਘ ਦੇ 'ਅਰਥ-ਸ਼ਾਸ਼ਤਰ' ਦਾ ਇਹ ਜ਼ਖ਼ਮ ਅਜੇ ਸੁੱਕਿਆ ਵੀ ਨਹੀਂ ਸੀ ਕਿ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਨਟੇਕ ਸਿੰਘ ਆਹਲੂਵਾਲੀਆ ਜੀ ਨੇ ਇੱਕ ਹੋਰ ਤੀਰ ਛੱਡ ਦਿੱਤਾ। ਪਿਛਲੇ ਕਈ ਮਹੀਨਿਆਂ ਤੋਂ ਮਹਿੰਗਾਈ ਦਰ ਦੇ ਬੁਲੰਦੀਆਂ ਛੂਹਣ ਦੇ ਮਾਮਲੇ ਅਤੇ ਲੋਕਾਂ ਵਿੱਚ ਸਰਕਾਰ ਦੀਆਂ ਨੀਤੀਆਂ ਦੀ ਹੋ ਰਹੀ ਸਖ਼ਤ ਆਲੋਚਨਾ ਤੋਂ ਪ੍ਰੇਸ਼ਾਨ ਆਹਲੂਵਾਲੀਆ ਸਾਹਿਬ ਇਸ ਸਭ ਕਾਸੇ ਤੋਂ ਆਪਣੇ ਮਾਲਕਾਂ ਦਾ ਦਾਮਨ ਬਚਾਉਣ ਵਿੱਚ ਰੁੱਝੇ ਰਹੇ। ਆਖਿਰਕਾਰ ਉਹਨਾਂ ਫੈਸਲਾ ਕੀਤਾ ਤੇ ਮੁਸਕਰਾਉਂਦੇ ਹੋਏ ਪ੍ਰੈੱਸ ਕਾਨਫਰੰਸ ਵਿੱਚ ਮਹਿੰਗਾਈ ਦਰ ਦੇ ਵਧਣ ਦਾ ਪੂਰਾ ਇਲਜ਼ਾਮ ਭਾਰਤ ਦੇ ਪੇਂਡੂ ਅਤੇ ਸ਼ਹਿਰੀ ਗਰੀਬ ਅਤੇ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੇ ਮੱਥੇ 'ਤੇ ਮੜ ਦਿੱਤਾ। ਉਹਨਾਂ ਦਾ ਮੰਨਣਾ ਹੈ ਕਿ ਭਾਰਤ ਦੇ ਗਰੀਬਾਂ ਦੁਆਰਾ ਅਨਾਜ ਦੀ ਵੱਧ ਖਪਤ ਕਰ ਲੈਣ ਨਾਲ ਅਨਾਜ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ, ਜਿਸਦੇ ਸਿੱਟੇ ਵਜੋਂ ਬਾਕੀ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਇਆ ਅਤੇ ਮਹਿੰਗਾਈ ਦਰ ਵਧ ਗਈ। ਵਾਹ! ਕਿਆ ਬਾਤ ਹੈ! ਆਹਲੂਵਾਲੀਆ ਸਾਹਿਬ, ਇਸ ਨੂੰ ਕਹਿੰਦੇ ਹਨ ਬੇਸ਼ਰਮ-ਸ਼ਾਸ਼ਤਰ।

ਹੁਣ ਜ਼ਰਾ ਮੌਨਟੇਰ ਸਿੰਘ ਦੇ ਇਸ ਬਿਆਨ ਦੀ ਪੜਚੋਲ ਕਰੀਏ ਤਾਂ ਸਾਹਮਣੇ ਆਉਂਦਾ ਹੈ ਕਿ ਆਹਲੂਵਾਲੀਆ ਸਾਹਿਬ ਦਾ ਬਿਆਨ ਤੇ ਉਹਨਾਂ ਦਾ ਅਰਥ-ਸ਼ਾਸ਼ਤਰ ਕੌਮੀ ਅਤੇ ਕੌਮਾਂਤਰੀ ਰਿਪੋਰਟਾਂ ਦੇ ਵਿਰੋਧ ਵਿੱਚ ਖੜਦਾ ਹੈ। ਇਹਨਾਂ ਦੇ ਕਹਿਣ ਅਨੁਸਾਰ ਭਾਰਤ ਦੇ ਗਰੀਬ ਲੋਕਾਂ ਵਿੱਚ ਅਨਾਜ ਦੀ ਖਪਤ ਵਿੱਚ ਭਾਰੀ ਵਾਧਾ ਹੋਇਆ ਹੈ। ਇਸਦਾ ਅਰਥ ਇਹ ਹੋਇਆ ਕਿ ਭਾਰਤ ਵਿੱਚ ਗਰੀਬੀ ਘਟੀ ਹੈ ਅਤੇ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ। ਜਦਕਿ 'ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ' ਦੁਆਰਾ ਜਾਰੀ 'ਗਲੋਬਲ ਹੰਗਰ ਇੰਡੈਕਸ' ਵਿੱਚ ਭਾਰਤ ਦਾ ਸਥਾਨ 2008 ਵਿੱਚ 88 ਦੇਸ਼ਾਂ ਵਿੱਚੋਂ 66ਵੇਂ ਤੋਂ ਖਿਸਕ ਕੇ ਇਸ ਸਾਲ 84 ਦੇਸ਼ਾਂ ਵਿੱਚੋਂ 67ਵਾਂ ਹੋ ਗਿਆ ਹੈ। ਇਸ ਦਾ ਮਤਲਬ ਹੈ ਕਿ ਭਾਰਤ ਵਿੱਚ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। 'ਵਰਲਡ ਫੂਡ ਸੰਮਿਟ' 1996 ਅਨੁਸਾਰ ਦੁਨੀਆ ਵਿੱਚ ਹਰ ਰੋਜ਼ ਲਗਭਗ 24000 ਲੋਕ ਭੁੱਖ ਨਾਲ ਮਰਦੇ ਹਨ। ਇਹਨਾਂ ਵਿੱਚੋਂ ਵੱਡੀ ਗਿਣਤੀ ਭਾਰਤ ਨਾਲ ਸਬੰਧ ਰੱਖਦੀ ਹੈ। ਸਵਾਲ ਇਹ ਉੱਠਦਾ ਹੈ ਕਿ ਜੇ ਭਾਰਤ ਦੇ ਗਰੀਬ ਲੋਕ ਐਨਾ ਹੀ ਖਾਣ ਲੱਗ ਪਏ ਹਨ ਤਾਂ ਗਲੋਬਲ ਹੰਗਰ ਇੰਡੈਕਸ ਵਿੱਚ ਸਾਡੇ ਦੇਸ਼ ਦਾ ਸਥਾਨ ਥੋੜਾ ਜਿਹਾ ਤਾਂ ਸੁਧਰਨਾ ਚਾਹੀਦਾ ਸੀ ਜਦਕਿ ਇਸ ਦੇ ਉਲਟ ਇਹ ਹੋਰ ਹੇਠਾਂ ਨੂੰ ਖਿਸਕ ਗਿਆ ਹੈ।

ਇਹ ਤਾਂ ਹੋਈ ਕੌਮਾਂਤਰੀ ਰਿਪੋਰਟਾਂ ਦੀ ਗੱਲ ਹੁਣ ਜ਼ਰਾ ਆਪਣੇ ਕੌਮੀ ਮਹਿਕਮੇ ਦੀ ਰਿਪੋਰਟ 'ਤੇ ਵੀ ਇੱਕ ਨਜ਼ਰ ਮਾਰ ਲਈਏ। 'ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜ਼ੇਸ਼ਨ' () ਦੀ 2006-07 ਦੀ ਰਿਪੋਰਟ ਅਨੁਸਾਰ 'ਆਰਥਿਕ ਵਿਕਾਸ' ਵਿੱਚ ਵਾਧਾ ਹੋਣ ਨਾਲ ਭੁੱਖੇ ਸੌਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵੀ ਕਾਫੀ ਵਾਧਾ ਹੋਇਆ ਹੈ। ਇਸ ਰਿਪੋਰਟ ਅਨੁਸਾਰ ਪੇਂਡੂ ਖੇਤਰਾਂ ਵਿੱਚ ਪ੍ਰਤੀ ਮਹੀਨਾ ਪ੍ਰਤੀ ਵਿਅਕਤੀ ਅਨਾਜ ਖਪਤ 1993-94 ਵਿੱਚ 13.4 ਕਿਲੋਗ੍ਰਾਮ ਤੋਂ ਘਟ ਕੇ 2006-07 ਵਿੱਚ 11.7 ਕਿਲੋਗ੍ਰਾਮ ਰਹਿ ਗਈ। ਜਦਕਿ ਸ਼ਹਿਰੀ ਖੇਤਰਾਂ ਵਿੱਚ ਇਹ ਖਪਤ 1993-94 ਵਿੱਚ 10.6 ਕਿਲੋਗ੍ਰਾਮ ਤੋਂ ਘਟਕੇ 9.6 ਕਿਲੋਗ੍ਰਾਮ ਰਹਿ ਗਈ ਹੈ। ਜਦਕਿ ਇਹ ਰਿਪੋਰਟ 2007-08 ਦੇ ਅਨਾਜ ਸੰਕਟ ਦੀ ਗੱਲ ਨਹੀਂ ਕਰਦੀ ਜਦੋਂ ਪੂਰੀ ਦੁਨੀਆ ਵਿੱਚ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਵਿੱਚ ਅਥਾਹ ਵਾਧਾ ਹੋਇਆ ਸੀ। ਹੁਣ ਤਾਂ ਹਾਲਾਤ ਹੋਰ ਵੀ ਬਦਤਰ ਹਨ। ਜਾਪਦਾ ਹੈ ਕਿ ਆਹਲੂਵਾਲੀਆ ਸਾਹਿਬ ਨੇ ਇਸ ਰਿਪੋਰਟ 'ਤੇ ਇੱਕ ਸਰਸਰੀ ਨਜ਼ਰ ਮਾਰਨਾ ਵੀ ਜ਼ਰੂਰੀ ਨਹੀਂ ਸਮਝਿਆ, ਨਹੀਂ ਤਾਂ ਐਡਾ ਵੱਡਾ ਕੁਫਰ ਤੋਲਣ ਤੋਂ ਪਹਿਲਾਂ ਘੱਟੋ-ਘੱਟ ਇੱਕ ਵਾਰ ਤਾਂ ਜਰੂਰ ਸੋਚਦੇ।

ਚਲੋ ਹੁਣ ਇੱਕ ਹੋਰ ਕੋਣ ਤੋਂ ਵਿਚਾਰ ਕਰਦੇ ਹਾਂ। ਕਿਸੇ ਦੇਸ਼ ਵਿੱਚ ਬੱਚਿਆਂ ਦੀ ਮੌਤ ਦਰ ਨੂੰ ਉੱਥੋਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਦਾ ਪੈਮਾਨਾ ਮੰਨਿਆ ਜਾਂਦਾ ਹੈ। ਦੁਨੀਆ ਵਿੱਚ ਹਰ ਰੋਜ਼ 14600 ਬੱਚਿਆਂ ਦੀ ਮੌਤ ਕੁਪੋਸ਼ਣ ਤੇ ਭੁੱਖਮਰੀ ਕਾਰਨ ਹੁੰਦੀ ਹੈ। 'ਸੇਵ ਦਾ ਚਿਲਡਰਨ ਫੰਡ' ਵੱਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਇਕੱਲੇ ਭਾਰਤ ਵਿੱਚ ਹੀ 5000 ਬੱਚੇ ਹਰ ਰੋਜ਼ ਕੁਪੋਸ਼ਣ ਤੇ ਭੁੱਖਮਰੀ ਕਾਰਨ ਮਰਦੇ ਹਨ ਅਤੇ 6 ਸਾਲ ਤੋਂ ਘੱਟ ਉਮਰ ਦੇ 47 ਪ੍ਰਤੀਸ਼ਤ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਇੰਡੀਅਨ ਐਕਸਪ੍ਰੈਸ (08 ਸਿਤੰਬਰ 2010) ਵਿੱਚ ਛਪੀ ਇੱਕ ਖ਼ਬਰ ਮੁਤਾਬਿਕ ਭਾਰਤ ਵਿੱਚ ਹਰ ਸਾਲ 18.30 ਲੱਖ ਬੱਚੇ (5 ਸਾਲ ਤੋਂ ਘੱਟ ਉਮਰ ਦੇ) ਕੁਪੋਸ਼ਣ ਅਤੇ ਭੁੱਖ ਨਾਲ ਮਰ ਜਾਂਦੇ ਹਨ।

ਇਹ ਹੈ ਸਾਡੇ ਭਾਰਤ ਮਹਾਨ ਦੀ ਅਸਲੀ ਤਸਵੀਰ। ਜਿਸ ਨੂੰ ਦੇਖ ਕੇ ਹਰ ਭਾਰਤੀ ਦਾ ਸਿਰ ਸ਼ਰਮ ਨਾਲ ਝੁਕ ਜਾਣਾ ਚਾਹੀਦਾ ਹੈ।

ਜਦਕਿ ਸਾਡੇ ਪ੍ਰਧਾਨ ਮੰਤਰੀ ਅਤੇ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਸਾਹਿਬ ਪੂਰੀ ਢੀਠਤਾਈ ਨਾਲ ਪ੍ਰੈਸ ਕਾਨਫਰੰਸਾਂ ਵਿੱਚ ਮੁਸਕਰਾਉਂਦੇ ਹੋਏ ਕੁਫ਼ਰ ਤੋਲ ਰਹੇ ਹਨ। ਪਰ ਜਿਹੜੇ ਲੋਕ ਆਪਣੇ ਦੇਸ਼ ਦੇ ਲੋਕਾਂ ਨੂੰ ਦੋ ਵਕਤ ਦੀ ਰੋਟੀ ਵੀ ਮੁਹੱਈਆ ਨਾ ਕਰਵਾ ਸਕਦੇ ਹੋਣ ਤੇ ਬੜੀ ਬੇਸ਼ਰਮੀ ਨਾਲ ਆਰਥਿਕ ਵਿਕਾਸ ਦੀਆਂ ਫੜਾਂ ਮਾਰਦੇ ਹੋਣ ਉਹਨਾਂ ਤੋਂ ਹੋਰ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ।

## ਬੇਰੁਜ਼ਗਾਰਾਂ ਦੀਆਂ ਕਤਾਰਾਂ

### ਬੇਰੁਜ਼ਗਾਰੀ ਬਾਰੇ 'ਕੌਮਾਂਤਰੀ ਕਿਰਤ ਸੰਗਠਨ' ਦੀ ਰਿਪੋਰਟ

ਪਿਛਲੇ ਸਾਲ ਤੋਂ ਪੂਰੀ ਦੁਨੀਆਂ ਵਿੱਚ ਆਰਥਿਕ ਸੰਕਟ ਨੇ ਵਿਆਪਕ ਤਬਾਹੀ ਮਚਾਈ ਹੋਈ ਹੈ। ਅਤੇ ਇਸਦਾ ਸਭ ਤੋਂ ਜ਼ਿਆਦਾ ਅਸਰ ਇਸ ਢਾਂਚੇ ਦੇ ਸਭ ਤੋਂ ਹੇਠਲੇ ਲੋਕਾਂ ਤੇ ਯਾਨੀ ਕਿ ਮਿਹਨਤਕਸ਼ ਲੋਕਾਂ ਤੇ ਪਿਆ ਹੈ। ਦਿਨ ਰਾਤ ਹੱਡ-ਭੰਨਵੀਂ ਮਿਹਨਤ ਕਰਕੇ ਆਪਣੇ ਮਾਲਕਾਂ ਦੀਆਂ ਜੇਬਾਂ ਭਰਨ ਦਾ ਇਹਨਾਂ ਨੂੰ ਇਹ ਇਨਾਮ ਮਿਲਿਆ ਹੈ ਕਿ ਆਪਣੇ ਪਰਿਵਾਰਾਂ ਸਮੇਤ ਭੁੱਖ ਨਾਲ ਤੜਫ-ਤੜਫ ਕੇ ਮਰਨ ਕਿਨਾਰੇ ਜਾ ਬੈਠੇ ਹਨ। ਪਿਛਲੇ ਸਾਲ ਆਰਥਿਕ ਸੰਕਟ ਦੀ ਸ਼ੁਰੂਆਤ ਹੁੰਦੇ ਹੀ ਫੈਕਟਰੀਆਂ ਵਿੱਚੋਂ ਕਾਮਿਆਂ ਨੂੰ ਕੱਢਣ ਦੀ ਪ੍ਰਕਿਰਿਆ ਪੂਰੇ ਜ਼ੋਰਾਂ ਨਾਲ ਸ਼ੁਰੂ ਹੋ ਗਈ, ਤੇ ਦਿਨਾਂ ਵਿੱਚ ਹੀ ਕਰੋੜਾਂ ਕਾਮੇ ਸੜਕਾਂ ਤੇ ਆ ਗਏ। ਕਈ ਮਹੀਨਿਆਂ ਤੱਕ ਬੇਸ਼ਰਮੀ ਭਰੀ ਚੁੱਪ ਧਾਰੀ ਰੱਖਣ ਤੋਂ ਬਾਅਦ ਸਰਕਾਰੀ ਆਗੂਆਂ ਨੇ ਹੌਲੀ ਹੌਲੀ ਬੋਲਣਾ ਸ਼ੁਰੂ ਕੀਤਾ ਕਿ ਆਰਥਿਕ ਸੰਕਟ ਹੁਣ ਟਲ ਗਿਆ ਹੈ ਅਤੇ ਰੁਜ਼ਗਾਰ ਦੇ ਰਸਤੇ ਖੁੱਲ ਰਹੇ ਹਨ। ਪਰ ਹੁਣੇ ਪਿੱਛੇ ਜਿਹੇ ਹੀ ਕੌਮਾਂਤਰੀ ਕਿਰਤ ਸੰਗਠਨ (ILO) ਦੁਆਰਾ ਜਾਰੀ ਕੀਤੀ ਰਿਪੋਰਟ (ਗਲੋਬਲ ਇੰਪਲਾਈਮੈਂਟ ਟਰੈਂਡਜ਼ ਰਿਪੋਰਟ) ਨਾਲ ਇਹਨਾਂ ਸਾਰੇ ਦਾਅਵਿਆਂ ਦੀ ਫੂਕ ਨਿਕਲ਼ ਗਈ। ਇਸ ਰਿਪੋਰਟ ਦਾ ਕਹਿਣਾ ਹੈ ਕਿ ਦੁਨੀਆ ਵਿੱਚ ਕਰੋੜਾਂ ਮਰਦ ਅਤੇ ਔਰਤਾਂ ਅਜੇ ਵੀ ਬਿਨਾਂ ਕਿਸੇ ਰੁਜ਼ਗਾਰ ਤੋਂ, ਰੁਜ਼ਗਾਰ ਭੱਤੇ ਅਤੇ ਕਿਸੇ ਕਿਸਮ ਦੀ ਸਮਾਜਿਕ ਸੁੱਰਖਿਆ ਤੋਂ ਬਿਨਾਂ ਹੀ ਗੁਜ਼ਾਰਾ ਕਰ ਰਹੇ ਹਨ। (ਇਹ ਵੀ ਇੱਕ ਜ਼ਮੀਨੀ ਹਕੀਕਤ ਹੈ ਕਿ ਰੁਜ਼ਗਾਰ ਭੱਤੇ ਅਤੇ ਸਮਾਜਿਕ ਸੁਰੱਖਿਆ ਵਰਗੇ ਸੰਕਲਪ ਵੀ ਯੂਰਪ ਦੇ ਇੱਕਾ-ਦੁੱਕਾ ਵਿਕਸਤ ਦੇਸ਼ਾਂ ਵਿੱਚ ਹੀ ਲਾਗੂ ਕੀਤੇ ਜਾ ਸਕਦੇ ਹਨ, ਭਾਰਤ ਸਮੇਤ ਤੀਸਰੀ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਅਜਿਹੀਆਂ ਸਕੀਮਾਂ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਜਿੱਥੇ ਦੋ ਵਕਤ ਦੀ ਰੋਟੀ ਨਸੀਬ ਹੋ ਜਾਣਾ ਹੀ ਗਨੀਮਤ ਸਮਝੀ ਜਾਂਦੀ ਹੈ।) ਰਿਪੋਰਟ ਵਿੱਚ ਕੀਤੇ ਖੁਲਾਸੇ ਮੁਤਾਬਿਕ 2009 ਵਿੱਚ ਬੇਰੁਜ਼ਗਾਰੀ ਆਪਣੀ ਪੂਰੀ ਸਿਖ਼ਰ 'ਤੇ ਸੀ। 2009 ਵਿੱਚ ਬੇਰੁਜ਼ਗਾਰਾਂ ਦੀ ਕੁੱਲ ਸੰਖਿਆ 21 ਕਰੋੜ 20 ਲੱਖ ਤੋਂ ਵੀ ਟੱਪ ਗਈ ਸੀ, ਜੋ ਕਿ 2007 ਨਾਲੋਂ 3 ਕਰੋੜ 40 ਲੱਖ ਵਧੇਰੇ ਸੀ। 1991 ਤੋਂ ਬਾਅਦ ਇਹ ਹੁਣ ਤੱਕ ਦੀ ਸਭ ਤੋਂ ਵੱਧ ਬੇਰੁਜ਼ਗਾਰੀ ਦੀ ਦਰ ਸੀ।

ਦੁਨੀਆ ਦੀ ਅੱਧੀ ਤੋਂ ਵੱਧ ਕਿਰਤ ਸ਼ਕਤੀ ਜਿਸਦੀ ਕੁੱਲ ਗਿਣਤੀ ਲਗਭਗ 1.5 ਅਰਬ ਬਣਦੀ ਹੈ ਅਜੇ ਵੀ ਆਰਥਿਕ ਸੰਕਟ ਦੀ ਮਾਰ ਝੱਲ ਰਹੀ ਹੈ। 2008 ਵਿੱਚ 63 ਕਰੋੜ 30 ਲੱਖ ਮਜ਼ਦੂਰ 1.25 ਅਮਰੀਕੀ ਡਾਲਰ ਪ੍ਰਤੀ ਦਿਨ ਤੇ ਗੁਜ਼ਾਰਾ ਕਰ ਰਹੇ ਸਨ ਅਤੇ 2009 ਤੱਕ 21 ਕਰੋੜ 50 ਲੱਖ ਹੋਰ ਮਜ਼ਦੂਰ ਇਸੇ ਗਰੁੱਪ ਵਿੱਚ ਸ਼ਾਮਿਲ ਹੋ ਗਏ। ਭਾਰਤ ਵਰਗੇ ਗਰੀਬ ਦੇਸ਼ਾਂ ਵਿੱਚ ਤਾਂ ਹਾਲਾਤ ਹੋਰ ਵੀ ਭਿਅੰਕਰ ਹਨ। ਜਿੱਥੇ 83 ਕਰੋੜ (ਕੁੱਲ ਅਬਾਦੀ ਦਾ 77 ਪ੍ਰਤੀਸ਼ਤ) ਤੋਂ ਵੀ ਵਧੇਰੇ ਲੋਕ 20 ਰੁਪਏ ਪ੍ਰਤੀ ਦਿਨ ਤੋਂ ਵੀ ਘੱਟ ਵਿੱਚ ਗੁਜ਼ਾਰਾ ਕਰਦੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਅਤੇ ਕਾਰਪੋਰੇਟ ਘਰਾਣਿਆਂ ਦੇ ਚਹੇਤੇ ਮਨਮੋਹਨ ਸਿੰਘ ਵੱਲੋਂ ਮਾਰੇ ਜਾਂਦੇ ਭਾਰਤ ਦੇ ਆਰਥਿਕ ਤਰੱਕੀ ਦੀਆਂ ਸਿਖਰਾਂ ਛੂਹਣ ਦੇ ਫੋਕੇ ਦਮਗਜਿਆਂ ਦੀ ਅਸਲੀਅਤ ਤਾਂ ਅਸੀ ਆਪਣੇ ਅੱਖੀਂ ਦੇਖ ਹੀ ਰਹੇ ਹਾਂ, ਇਹਨਾਂ ਦੇ ਅੰਤਰਰਾਸ਼ਟਰੀ ਜੋਟੀਦਾਰਾਂ ਦੇ ਵੱਡੇ ਵੱਡੇ ਦਾਅਵਿਆਂ ਦਾ ਭਾਂਡਾ ਵੀ ਚੌਰਾਹੇ ਵਿੱਚ ਭੱਜਿਆ ਗਿਆ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਹੈ ਕਿ ਇਹ ਰਿਪੋਰਟ ਬਰਫ ਦੇ ਤੋਦੇ ਦਾ ਪਾਣੀ ਤੋਂ ਉੱਪਰ ਦਿਸ ਰਿਹਾ ਛੋਟਾ ਜਿਹਾ ਹਿੱਸਾ ਹੀ ਹੈ ਅਸਲੀ ਹਾਲਾਤ ਤਾਂ ਇਸ ਤੋਂ ਵੀ ਕਿਤੇ ਵਧੇਰੇ ਭਿਅੰਕਰ ਹਨ।

ਇਸ ਰਿਪੋਰਟ ਦੇ ਸਾਹਮਣੇ ਆਉਣ ਨਾਲ ਇਹ ਗੱਲ ਇੱਕ ਵਾਰ ਫੇਰ ਚਿੱਟੇ ਦਿਨ ਵਾਂਗ ਸਾਫ ਹੋ ਗਈ ਹੈ ਕਿ ਇਸ ਗਲ਼ੇ ਸੜੇ ਮਨੁੱਖ-ਦੋਖੀ ਨਿਜ਼ਾਮ ਦੀ ਮਾਰ ਦਿਨੋ-ਦਿਨ ਵਧਦੀ ਜਾ ਰਹੀ ਹੈ, ਮਾਸੂਮ ਬੱਚੇ, ਔਰਤਾਂ ਅਤੇ ਬਜ਼ੁਰਗ ਕਰੋੜਾਂ ਦੀ ਗਿਣਤੀ ਵਿੱਚ ਮੁਨਾਫੇ 'ਤੇ ਅਧਾਰਿਤ ਇਸ ਢਾਂਚੇ ਦੀ ਹਵਸ ਦਾ ਸ਼ਿਕਾਰ ਬਣ ਰਹੇ ਹਨ। ਮਨੁੱਖਤਾ ਨੂੰ ਬਚਾਉਣ ਲਈ ਹੁਣ ਇਸ ਪੂਰੇ ਸਿਸਟਮ ਨੂੰ ਉਖਾੜ ਸੁੱਟਣਾ ਦਿਨੋ-ਦਿਨ ਵਧੇਰੇ ਲਾਜ਼ਮੀ ਬਣਦਾ ਜਾ ਰਿਹਾ ਹੈ।

• • • • • • • • • • • • • • • • • • • •

(ਸ਼ਫ਼ਾ 24 ਦਾ ਬਾਕੀ)

ਸਰਕਾਰ ਦਾ ਇਹ ਪ੍ਰੋਜੈਕਟ ਜਿਸਦਾ ਨਾਗਰਿਕਾਂ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਫਾਇਦਾ ਨਹੀਂ ਹੋਣਾ ਸਗੋਂ ਗੰਭੀਰ ਨੁਕਸਾਨ ਹੈ 'ਤੇ ਸਰਕਾਰ ਬੇਹਿਸਾਬ ਖਰਚ ਕਰਨ ਜਾ ਰਹੀ ਹੈ। ਸਰਕਾਰ ਦੇ ਹੀ ਅੰਦਾਜੇ ਮੁਤਾਬਿਕ ਇਸ 'ਤੇ ਘੱਟੋ ਘੱਟ ਪੰਤਾਲੀ ਹਜਾਰ ਕਰੋੜ ਰੁਪਏ ਖਰਚ ਹੋਣਗੇ। ਮੌਜੂਦਾ ਸਾਲ ਲਈ 200 ਕਰੋੜ ਰੁਪਏ ਜਾਰੀ ਵੀ ਕੀਤੇ ਜਾ ਚੁੱਕੇ ਹਨ। ਪਰ ਲੋਕਾਂ ਦੇ ਹੋਣ ਵਾਲੇ ਨੁਕਸਾਨ ਅਤੇ ਧਨ ਦੀ ਬਰਬਾਦੀ ਦੀ ਸੱਤਾ ਨੂੰ ਕੰਟਰੋਲ ਕਰਨ ਵਾਲੀ ਅਮੀਰਸ਼ਾਹੀ ਨੂੰ ਕੋਈ ਫਿਕਰ ਨਹੀਂ ਕਿਉਂ ਕਿ ਆਮ ਮਿਹਨਤਕਸ਼ ਲੋਕਾਂ ਦੀਆਂ ਜੇਬਾਂ 'ਤੇ ਡਾਕੇ ਮਾਰਕੇ ਤਾਂ ਸਰਕਾਰੀ ਖਜ਼ਾਨਾ ਭਰਿਆ ਹੀ ਜਾਣਾ ਹੈ।

ਯੂ.ਆਈ.ਡੀ. ਮੁਹਿੰਮ ਨੇ ਭਾਰਤ ਦੇ ਅਖੌਤੀ ਲੋਕਤੰਤਰ ਦੀ ਪੋਲ ਵੀ ਖੋਲ੍ਹ ਦਿੱਤੀ ਹੈ। ਇਸ ਪ੍ਰਜੈਕਟ ਸਬੰਧੀ ਸੰਸਦ ਵਿੱਚ ਕੋਈ ਬਹਿਸ ਨਹੀਂ ਹੋਈ। ਅਤੇ ਸੰਸਦ ਵਿੱਚ ਬਹਿਸ ਨਾ ਕੀਤੇ ਜਾਣ 'ਤੇ ਕਿਸੇ ਵੀ ਵਿਰੋਧੀ ਪਾਰਟੀ ਨੇ ਇਤਰਾਜ ਵੀ ਨਹੀਂ ਕੀਤਾ। ਯੂ.ਆਈ.ਡੀ.ਏ.ਆਈ. ਦੇ ਫੈਸਲਿਆਂ ਅਤੇ ਖਰਚਿਆਂ ਵਿੱਚ ਕੋਈ ਪਾਰਦਰਸ਼ਤਾ ਨਹੀਂ ਹੈ। ਇਸਦੇ ਕੰਮਾਂ ਸਬੰਧੀ ਕਿਸੇ ਦੀ ਕੋਈ ਜਵਾਬਦੇਹੀ ਤੈਅ ਨਹੀਂ ਕੀਤੀ ਗਈ। ਇਸ ਪ੍ਰੋਜੈਕਟ ਨਾਲ਼ ਹੋਣ ਵਾਲੇ ਲੋਕਾਂ ਦੇ ਨੁਕਸਾਨ ਬਾਰੇ ਉੱਠੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ। ਇਸ ਤਰ੍ਹਾਂ ਯੂ.ਆਈ.ਡੀ. ਮੁਹਿੰਮ ਰਹੀ ਸਹੀ ਜਮਹੂਰੀਅਤ ਨੂੰ ਵੀ ਛਿੱਕੇ ਟੰਗ ਕੇ ਚਲਾਈ ਜਾ ਰਹੀ ਹੈ। ਲੋਕਾਂ ਨੂੰ ਇਸ ਮੁਹਿੰਮ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

********

# ਮਨੁੱਖਤਾ ਦੇ ਅੰਤ ਦੀ ਭਵਿੱਖਬਾਣੀ

– ਪ੍ਰਸ਼ਾਂਤ

ਦੋਸਤੋ ਇੱਕ ਬਹੁਤ ਹੀ ਦੁਖਦਾਈ ਖ਼ਬਰ ਹੈ। ਇਨ੍ਹਾਂ ਦਿਨਾਂ 'ਚ ਹੀ ਵੱਖ-ਵੱਖ ਅਖ਼ਬਾਰਾਂ ਅਤੇ ਨਿਊਜ਼ ਚੈਨਲਾਂ ਨੇ ਇਹ ਖ਼ਬਰ ਵਿਖਾਈ ਕਿ ਕਈ ਵਿਗਿਆਨੀਆਂ ਨੇ ਇਹ ਭਵਿੱਖਬਾਣੀ ਕੀਤੀ ਹੈ ਕਿ ਆਉਣ ਵਾਲ਼ੇ 100 ਤੋਂ 200 ਵਰ੍ਹਿਆਂ ਅੰਦਰ ਕਈ ਜੀਵ-ਜੰਤੂਆਂ ਸਣੇ ਮਨੁੱਖ-ਜਾਤੀ ਇਸ ਧਰਤੀ ਤੋਂ ਖਤਮ ਹੋ ਜਾਵੇਗੀ। ਇਸਦੀ ਵਜ੍ਹਾ "ਸਮੁੱਚੀ" ਮਨੁੱਖ ਜਾਤੀ ਰਾਹੀਂ ਧਰਤੀ ਦੇ ਵਾਤਾਵਰਣ ਦਾ ਬੁਰੀ ਤਰ੍ਹਾਂ ਇਸਤੇਮਾਲ ਕੀਤਾ ਜਾਣਾ ਹੈ। ਇਨ੍ਹਾਂ ਦੀ ਮੰਨੀਏ ਤਾਂ ਹੁਣ ਮਨੁੱਖ ਜਾਤੀ ਨੂੰ ਬਚਾਉਣ ਦਾ ਇੱਕ ਹੀ ਰਾਹ ਹੈ। ਹੁਣੇ ਹੀ ਪ੍ਰਸਿੱਧ ਭੌਤਿਕ ਵਿਗਿਆਨੀ ਸਟੀਫ਼ਨ ਹਾਕਿੰਗ ਨੇ ਵੀ ਇਸ ਰਾਹ ਦਾ ਸਮਰਥਨ ਕੀਤਾ ਹੈ। ਇਹ ਰਾਹ ਹੈ ਪੁਲਾੜ 'ਚ ਕਿਸੇ ਹੋਰ ਗ੍ਰਹਿ 'ਤੇ ਇਨਸਾਨੀ ਬਸਤੀ ਵਸਾਉਣਾ। ਪਰ ਇਹ ਤਾਂ ਅਜੀਬ ਅਤੇ ਬੇਹੱਦ ਮਹਿੰਗਾ ਰਾਹ ਹੋਵੇਗਾ। ਜ਼ਾਹਿਰ ਜਿਹੀ ਗੱਲ ਹੈ ਜਿਹੜੀ ਸਰਕਾਰ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਪੀਣ ਲਈ ਮੁਫ਼ਤ ਪਾਣੀ ਨਹੀਂ ਉਪਲਬਧ ਕਰਾਉਂਦੀ, ਉਹ ਦੂਜੇ ਗ੍ਰਹਿ 'ਤੇ ਉਨ੍ਹਾਂ ਨੂੰ ਮੁਫ਼ਤ 'ਚ ਤਾਂ ਲੈ ਨਹੀਂ ਜਾਵੇਗੀ। ਤਦ ਤਾਂ ਜਿਨ੍ਹਾਂ ਕੋਲ਼ ਅਥਾਹ ਧਨ ਨਹੀਂ ਹੈ ਉਨ੍ਹਾਂ ਦੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਦੇ ਬਚਣ ਦਾ ਕੋਈ ਰਾਹ ਨਹੀਂ ਹੈ!

ਜਦੋਂ ਤੋਂ ਮੈਂ ਇਹ ਖ਼ਬਰ ਪੜ੍ਹੀ ਇੱਕ ਅਜੀਬ ਜਿਹੀ ਨਿਰਾਸ਼ਾ ਨੇ ਜਿਵੇਂ ਮੈਨੂੰ ਆਪਣੇ ਸ਼ਿਕੰਜੇ 'ਚ ਕਸ ਲਿਆ ਹੈ। ਕਦੇ ਸੋਚਦਾ ਹਾਂ ਕਿ ਜਦੋਂ 100 ਸਾਲਾਂ 'ਚ ਮਨੁੱਖ ਜਾਤੀ ਨੇ ਖ਼ਤਮ ਹੋਣਾ ਹੀ ਹੈ ਤਾਂ ਕਿਉਂ ਨਾ ਮੈਂ ਆਪਣੀ ਜ਼ਿੰਦਗੀ ਐਸ਼ੋ-ਅਰਾਮ ਨਾਲ਼, ਮੌਜ-ਮਸਤੀ ਕਰਦੇ ਹੋਏ ਜੀ ਲਵਾਂ? ਕੀ ਲੋੜ ਹੈ ਕਿਸੇ ਹੋਰ ਬਾਰੇ ਪਰਵਾਹ ਕਰਨ ਦੀ? ਫਿਰ ਖਿਆਲ 'ਚ ਆਇਆ ਕਿ ਕਿਉਂ ਨਾ ਮੈਂ ਢੇਰ ਸਾਰੀ ਧਨ-ਦੌਲਤ ਕਮਾਵਾਂ ਜਿਸ ਨਾਲ਼ ਕਿ ਮੇਰੀ ਆਉਣ ਵਾਲ਼ੀਆਂ ਪੀੜ੍ਹੀਆਂ ਵੀ ਪੁਲਾੜ ਵਿਮਾਨ ਅੰਦਰ ਨਾ ਸਹੀ, ਘੱਟੋ-ਘੱਟ ਲਟਕ ਕੇ ਤਾਂ ਦੂਜੇ ਗ੍ਰਹਿ 'ਤੇ ਪੁੱਜ ਜਾਣ!

ਤਦ ਇੱਕ ਖਿਆਲ ਨੇ ਮੇਰੇ ਜ਼ਹਿਨ ਨੂੰ ਝੰਜੋੜ ਦਿੱਤਾ। ਕੀ ਉਹ ਮਾਂ-ਬਾਪ ਜਿਨ੍ਹਾਂ ਦੇ ਬੱਚੇ ਭੁੱਖ, ਕੁਪੋਸ਼ਣ ਅਤੇ ਬੀਮਾਰੀ ਨਾਲ਼ ਸੜਕਾਂ 'ਤੇ ਦਮ ਤੋੜਨ ਲਈ ਮਜਬੂਰ ਹੁੰਦੇ ਹਨ, ਇਸ ਤਰ੍ਹਾਂ ਸ਼ਾਤੀ ਨਾਲ਼ ਉਹ ਸਭ ਸਹਿੰਦੇ ਹੋਏ ਮਰਨਾ ਮਨਜ਼ੂਰ ਕਰਨਗੇ? ਕੀ 14-16 ਘੰਟੇ ਫੈਕਟਰੀਆਂ ਅਤੇ ਖੇਤਾਂ 'ਚ ਹੱਡ-ਭੰਨਵੀਂ ਮਿਹਨਤ ਕਰਨ ਮਗਰੋਂ ਬੜੀ ਮੁਸ਼ਕਲ ਨਾਲ਼ ਸਿਰਫ਼ ਜਿਉਂਦੇ ਰਹਿਣ ਲਈ ਖ਼ੁਰਾਕ ਜੁਟਾ ਸਕਣ ਵਾਲ਼ੇ ਮਜ਼ਦੂਰ ਅਤੇ ਕਿਸਾਨ ਬਿਲਕੁੱਲ ਚੁੱਪ-ਚਾਪ ਇਹ ਸਭ ਸਹਿੰਦੇ ਹੋਏ ਮੌਤ ਨੂੰ ਗਲ਼ੇ ਲਗਾ ਲੈਣਗੇ? ਕੀ ਨੌਜਵਾਨਾਂ ਦੇ ਦਿਲ ਇਸ ਤਰ੍ਹਾਂ ਪੱਥਰ ਬਣੇ ਰਹਿਣਗੇ ਅਤੇ ਉਹ ਇਹ ਸਭ ਕੁੱਝ ਤਮਾਸ਼ੇ ਵਾਂਗੂੰ ਵੇਖਦੇ ਰਹਿਣਗੇ? ਕੀ ਮਨੁੱਖੀ ਚੇਤਨਾ 'ਚ ਇੰਨੇ ਵਿਕਾਸ ਮਗਰੋਂ ਉਹ ਇਸ ਧਰਤੀ ਨੂੰ ਇੰਞ ਹੀ ਤਬਾਹ ਹੋਣ ਦੇਣਗੇ? ਤਰਕ ਦੀ ਕਸੌਟੀ 'ਤੇ ਇਹ ਸੋਚਣਾ ਕੁੱਝ ਸਹੀ ਨਹੀਂ ਲੱਗਦਾ।

ਇਹ ਅੱਜ ਦਾ ਸੱਚ ਹੈ ਕਿ ਇਸ ਪੂੰਜੀਵਾਦੀ ਢਾਂਚੇ ਨੇ, ਆਪਣੀਆਂ-ਆਪਣੀਆਂ ਆਲੀਸ਼ਾਨ ਲਗਜ਼ਰੀ ਗੱਡੀਆਂ ਦੀਆਂ ਗੱਦੀਦਾਰ ਸੀਟਾਂ 'ਚ ਮੋਟੇ-ਮੋਟੇ ਢਿੱਡਾਂ ਨੂੰ ਲੈ ਕੇ ਧਸੇ ਧਨ-ਪਸ਼ੂਆਂ ਨੇ ਵੱਧ ਤੋਂ ਵੱਧ ਮੁਨਾਫ਼ਾ ਖੱਟਣ ਦੀ ਹਵਸ 'ਚ ਧਰਤੀ ਦੇ ਵਾਤਾਵਰਨ ਨੂੰ ਬੇਹਿਸਾਬ ਨੁਕਸਾਨ ਪਹੁੰਚਾਇਆ ਹੈ ਅਤੇ ਅਜੇ ਵੀ ਪਹੁੰਚਾ ਰਹੇ ਹਨ। ਪਰ ਇਸ ਨਾਲ਼ ਹੀ ਇਹ ਵੀ ਸੱਚ ਹੈ ਕਿ ਅੱਜ ਇਹ ਅਹਿਸਾਸ ਲੋਕਾਂ ਦੇ ਦਿਲਾਂ 'ਚ ਘਰ ਬਣਾ ਰਿਹਾ ਹੈ ਕਿ ਇਹ ਪ੍ਰਬੰਧ ਅੱਜ ਲਗਭਗ ਸਮੁੱਚੀ ਮਨੁੱਖਤਾ ਲਈ ਬੋਝ ਬਣ ਚੁੱਕਿਆ ਹੈ। ਅੱਜ ਇਹ ਪ੍ਰਬੰਧ ਮਨੁੱਖਤਾ ਨੂੰ ਕੁੱਝ ਵੀ ਚੰਗਾ ਦੇਣ ਦੀ ਆਪਣੀ ਤਾਕਤ ਗੁਆ ਚੁੱਕਿਆ ਹੈ। ਹੁਣ ਇਸਦੀ ਜਗ੍ਹਾ ਇਤਿਹਾਸ ਦੇ ਕੂੜੇਦਾਨ 'ਚ ਹੀ ਹੈ ਅਤੇ ਇਸ ਤੋਂ ਪਹਿਲਾਂ ਕਿ ਪੂੰਜੀਵਾਦ ਧਰਤੀ ਦੇ ਵਾਤਾਵਰਨ ਨੂੰ ਮਨੁੱਖ-ਜਾਤੀ ਦੇ ਰਹਿਣ ਲਾਇਕ ਨਾ ਛੱਡੇ, ਇਹ ਪ੍ਰਬੰਧ ਉਖਾੜ ਸੁੱਟਿਆ ਜਾਵੇਗਾ। ਮਨੁੱਖ-ਜਾਤੀ ਨੇ ਇਸ ਤੋਂ ਪਹਿਲਾਂ ਵੀ ਜ਼ੁਲਮ ਅਤੇ ਲੁੱਟ ਦੇ ਹਨ੍ਹੇਰੇ 'ਚ ਡੁੱਬੇ ਸਮਾਜਿਕ ਪ੍ਰਬੰਧਾਂ ਨੂੰ ਨਸ਼ਟ ਕੀਤਾ ਹੈ ਅਤੇ ਉੱਨਤੀ ਵੱਲ ਕਦਮ ਵਧਾਏ ਹਨ। ਮਨੁੱਖੀ ਸੱਭਿਅਤਾ ਦਾ ਇਤਿਹਾਸ ਅਜਿਹੇ ਵਿਦਰੋਹਾਂ ਜਾਂ ਜੰਗਾਂ ਨਾਲ਼ ਭਰਿਆ ਹੋਇਆ ਹੈ। ਉਹ ਭਾਵੇਂ ਸਪਾਰਟਾ ਦੇ ਗੁਲਾਮਾਂ ਦਾ ਆਪਣੇ ਮਾਲਕਾਂ ਵਿਰੁੱਧ ਵਿਦਰੋਹ ਹੋਵੇ, ਯੂਰਪ 'ਚ ਬਰਬਰਤਾਪੂਰਣ ਜਾਂ ਖ਼ੂਹ ਦੇ ਡੱਡੂਪੁਣੇ ਨਾਲ਼ ਭਰਪੂਰ ਅਤੇ ਸਦੀਆਂ ਲੰਮੇ ਚੱਲੇ ਹਨ੍ਹੇਰਮਈ ਮੱਧਯੁੱਗ ਦੀ ਜੜ੍ਹਤਾ ਦਾ ਖ਼ਾਤਮਾ ਹੋਵੇ ਜਾਂ ਫਿਰ ਬਸਤੀਆਂ ਦਾ ਅੰਤ। ਹਰ ਸਮੇਂ ਮਨੁੱਖ-ਜਾਤੀ ਨੇ ਆਪਣੀ ਪ੍ਰਗਤੀਸ਼ੀਲਤਾ ਅਤੇ ਜੁਝਾਰੂਪਣ ਤੋਂ ਜਾਣੂ ਕਰਵਾਇਆ ਹੈ ਅਤੇ ਅੱਜ ਜਦੋਂ ਇਸ ਪੂੰਜੀਵਾਦ ਨੇ ਖ਼ੁਦ ਮਨੁੱਖ-ਜਾਤੀ ਦੀ ਹੋਂਦ ਲਈ ਹੀ ਖ਼ਤਰਾ ਪੈਦਾ ਕਰ ਦਿੱਤਾ ਹੈ ਤਾਂ ਕਿ ਇਸ ਸੰਪੂਰਣ ਧਰਤੀ 'ਤੇ ਅਗਾਂਹਵਧੂ ਮਨੁੱਖ ਅਤੇ ਸਮੁੱਚੀ ਲੁਟੀਂਦੀ ਵਸੋਂ ਇਸ ਵਿਨਾਸ਼ ਦਾ ਬਹਿ ਕੇ ਸਿਰਫ਼ ਤਮਾਸ਼ਾ ਵੇਖਦੀ ਰਹੇਗੀ? ਕੀ ਉਹ ਆਪਣਾ ਸਦੀਆਂ ਲੰਮਾ ਜੁਝਾਰੂਪਣ ਛੱਡ ਦੇਣਗੇ?

ਜ਼ਾਹਿਰਾ ਤੌਰ 'ਤੇ ਕੇਵਲ ਪੂੰਜੀਵਾਦ ਰਾਹੀਂ ਕੀਤੀ ਜਾ ਰਹੀ ਵਾਤਾਵਰਨ ਦੀ ਲੁੱਟ ਅਤੇ ਵਿਨਾਸ਼ ਨੂੰ ਇੱਕ-ਪਾਸੜ ਨਜ਼ਰੀਏ ਨਾਲ਼ ਵੇਖਣ 'ਤੇ ਤਾਂ ਇਹੀ ਲੱਗਦਾ ਹੋਵੇਗਾ ਕਿ ਆਉਣ ਵਾਲ਼ੇ ਕੁੱਝ ਸੌ ਵਰ੍ਹਿਆ 'ਚ ਮਨੁੱਖ-ਜਾਤੀ ਦਾ ਨਾਮੋਂ-ਨਿਸ਼ਾਨ ਮਿਟ ਜਾਵੇਗਾ ਅਤੇ ਜੇਕਰ ਇਹ ਪ੍ਰਬੰਧ ਨਹੀਂ ਬਦਲਿਆ ਗਿਆ ਤਾਂ ਨਿਸ਼ਚਿਤ ਤੌਰ 'ਤੇ ਅਜਿਹਾ ਹੋ ਜਾਵੇਗਾ। ਪਰ ਮਨੁੱਖੀ ਸੱਭਿਅਤਾ ਦਾ ਇਤਿਹਾਸ ਇਸ ਗੱਲ ਨੂੰ ਸਪੱਸ਼ਟ ਕਰ ਦਿੰਦਾ ਹੈ ਕਿ ਜਦੋਂ-ਜਦੋਂ ਸਮਾਜ 'ਚ ਕਿਸੇ ਇਨਕਲਾਬੀ ਬਦਲਾਅ ਦੀ ਲੋੜ ਪੈਂਦੀ ਹੈ ਤਾਂ ਸਮਾਜ ਅੰਦਰੋਂ ਹਮੇਸ਼ਾ ਅਜਿਹੇ ਇਨਸਾਨ ਉੱਭਰ ਕੇ ਮੂਹਰੇ ਆਉਂਦੇ ਰਹੇ ਹਨ ਜਿਹੜੇ ਉਸ ਤਬਦੀਲੀ ਦੇ ਵਾਹਕ ਬਣਦੇ ਹਨ ਅਤੇ ਅਜੋਕੇ ਸਮੇਂ 'ਚ ਵੀ ਅਜਿਹਾ ਹੀ ਹੋਵੇਗਾ। ਆਪਣੇ ਬੰਦ ਕਮਰਿਆਂ 'ਚ ਬਹਿ ਕੇ ਸਿਰਫ਼ ਗਣਿਤ ਦੇ ਸੂਤਰਾਂ ਜਾਂ ਵਿਗਿਆਨ ਦੀਆਂ ਕਿਤਾਬਾਂ 'ਚ ਜੀਣ ਵਾਲ਼ੇ ਵਿਗਿਆਨੀ ਲਈ ਤਾਂ ਇਹ ਨਿਰਾਸ਼ ਹੋ ਕੇ ਬੈਠ ਜਾਣ ਅਤੇ ਰੋਣ-ਧੋਣ ਦੀ ਵਜ੍ਹਾ ਹੋ

**(ਬਾਕੀ ਸਫ਼ਾ 31 'ਤੇ)**

# ਫ਼ੈਜ਼ ਅਹਿਮਦ ਫ਼ੈਜ਼ : ਉਮੀਦ ਦਾ ਸ਼ਾਇਰ

**- ਆਸ਼ੀਸ਼**

ਇਹ ਵਰ੍ਹਾ ਫ਼ੈਜ਼ ਅਹਿਮਦ ਫ਼ੈਜ਼ ਦੇ ਜਨਮ ਦਾ ਸੌਵਾਂ ਵਰਾਂ ਹੈ। ਫ਼ੈਜ਼ ਨੂੰ ਲੋਕਾਂ ਦਾ ਸ਼ਾਇਰ ਕਿਹਾ ਜਾਵੇ ਤਾਂ ਠੀਕ ਹੀ ਹੋਵੇਗਾ। ਉਹਨਾਂ ਦੀ ਕਵਿਤਾ 'ਚ ਭਾਰਤੀ ਉਪ-ਮਹਾਂਦੀਪ ਤੋਂ ਲੈ ਕੇ ਸੰਸਾਰ ਦੇ ਸਾਰੇ ਮੁਲਕਾਂ 'ਚ ਵਸੇ ਹੋਏ ਬੇਸਹਾਰਾ ਲੋਕਾਂ, ਯਤੀਮਾਂ ਦੀਆਂ ਅਵਾਜ਼ਾਂ ਦਰਜ ਹਨ, ਉਹਨਾਂ (ਲੋਕਾਂ-ਅਨੁ) ਦੀਆਂ ਉਮੀਦਾਂ ਨੂੰ ਜਗ੍ਹਾ ਮਿਲੀ ਹੈ। ਸਾਹਿਤਕਾਰਾਂ ਦੀ ਦੁਨੀਆਂ ਉਸਨੂੰ ਨਿਰੰਤਰ ਜੱਦੋ-ਜਹਿਦ ਕਰਦੇ ਸ਼ਾਇਰ ਦੇ ਰੂਪ 'ਚ ਜਾਣਦੀ ਹੈ। ਸਿਆਸੀ ਕਾਰਕੁੰਨਾਂ ਦੀ ਨਿਗਾਹ 'ਚ ਫ਼ੈਜ਼ ਦੇ ਲਫ਼ਜ਼ 'ਖ਼ਤਰਨਾਕ ਲਫ਼ਜ' ਹਨ। ਲੋਕਾਂ ਦੇ ਦਿਲਾਂ 'ਚ ਸੁੱਤੀ ਅੱਗ ਨੂੰ ਹਵਾ ਦੇਣ ਵਾਲ਼ੇ ਲਫ਼ਜ ਹਨ। ਬਿਨਾਂ ਸ਼ੱਕ ਇਹੀ ਵਜ੍ਹਾ ਹੋਵੇਗੀ ਜਿਸ ਦੇ ਸਿੱਟੇ ਵਜੋਂ ਫ਼ੈਜ਼ ਦੀ ਜਿੰਦਗੀ ਦਾ ਬੇਹਤਰੀਨ ਦੌਰ ਦੀ ਜਾਂ ਤਾਂ ਸਲਾਖਾਂ ਮਗਰ ਬੀਤਿਆ ਜਾਂ ਦੇਸ਼ ਨਿਕਾਲੇ 'ਚ, ਪਰ ਹਜ਼ਾਰਾਂ ਨਾਉਮੀਦੀਆਂ ਭਰੇ ਮਾਹੌਲ ਦੇ ਬਾਵਜੂਦ ਉਹਨਾਂ ਦੀ ਕਵਿਤਾ 'ਚ ਉਮੀਦ ਦੀਆਂ ਚਿੰਗਾਰੀਆਂ ਕਦੇ ਬੁਝੀਆਂ ਨਹੀਂ, ਉਹਨਾਂ ਦੀ ਮੁਹੱਬਤ ਕਦੀ ਬੁੱਢੀ ਨਹੀਂ ਹੋਈ। ਅੱਜ ਦੇ ਖ਼ੜੋਤ ਭਰੇ ਸਮੇਂ 'ਚ ਅਜਿਹੇ ਜ਼ਿੰਦਾਦਿਲ ਸ਼ਾਇਰ ਦੀ ਯਾਦ-ਦਿਹਾਨੀ ਸਾਡੀ ਲੋੜ ਹੈ, ਸਮੇਂ ਦੀ ਵੀ, ਇਸ ਲਈ ਵੀ ਕਿ ਅਸੀ ਪੁਰਜ਼ੋਰ ਅਵਾਜ 'ਚ ਕਹਿ ਸਕੀਏ। —

**ਬੋਲ ਕਿ ਲਬ ਅਜ਼ਾਦ ਹੈਂ ਤੇਰੇ**
**ਬੋਲ ਜਬਾਂ ਅਬ ਤੱਕ ਤੇਰੀ ਹੈ।**

13 ਫਰਵਰੀ 1911 ਨੂੰ ਕਸਬਾ ਕਾਲਾ ਕਾਦਿਰ, ਜਿਲ੍ਹਾ ਸਿਆਲਕੋਟ (ਪੰਜਾਬ) ਦੇ ਇੱਕ ਆਮ ਪਰਿਵਾਰ 'ਚ ਫ਼ੈਜ਼ ਅਹਿਮਦ ਫ਼ੈਜ਼ ਦੀ ਪੈਦਾਇਸ਼ ਹੋਈ। ਇਹਨਾਂ ਦੇ ਪਿਤਾ ਚੌਧਰੀ ਸੁਲਤਾਨ ਅਹਿਮਦ ਇੱਕ ਮਸ਼ਹੂਰ ਵਕੀਲ ਸਨ। ਉਹ ਸਾਹਿਤਕ ਰੁਚੀਆਂ ਵਾਲੇ ਵਿਅਕਤੀ ਸਨ, ਇਹਨਾਂ ਦੀ ਮਿੱਤਰ ਮੰਡਲੀ 'ਚ ਅੱਲਾਮਾ ਇਕਬਾਲ ਜਿਹੇ ਮਹਾਨ ਸ਼ਾਇਰ ਅਤੇ ਕੁੱਝ ਇੱਕ ਹੋਰ ਸਾਹਿਤਕ ਹਸਤੀਆਂ ਸਨ। ਉਂਝ ਤਾਂ ਫ਼ੈਜ਼ ਦੀ ਮੁੱਢਲੀ ਸਿੱਖਿਆ ਇੱਕ ਮਦਰੱਸੇ ਤੋਂ ਸ਼ੁਰੂ ਹੋਈ। ਪਰ ਜਲਦੀ ਹੀ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦਾ ਨਾਮ ਮਿਸ਼ਨਰੀ ਸਕੂਲ 'ਚ ਦਰਜ ਕਰਾ ਦਿੱਤਾ। ਉੱਥੇ ਉਹਨਾਂ ਨੇ ਹਾਈ ਮਿਡਲ ਪੱਧਰ ਤੱਕ ਅੰਗਰੇਜੀ ਮਾਧਿਅਮ ਨਾਲ ਪੜ੍ਹਾਈ ਕੀਤੀ। ਉੱਚ ਸਿੱਖਿਆ ਲਈ ਫ਼ੈਜ਼ ਨੇ ਲਾਹੌਰ ਵੱਲ ਰੁਖ਼ ਕੀਤਾ। ਉੱਥੇ ਗਵਰਨਮੈਂਟ ਕਾਲਜ ਅਤੇ ਫਿਰ ਓਰੀਐਂਟਲ ਕਾਲਜ ਅਤੇ ਫਿਰ ਓਰੀਐਂਟਲ ਕਾਲਜ 'ਚ ਅੰਗਰੇਜੀ ਅਤੇ ਅਰਬੀ 'ਚ ਮਾਸਟਰ ਡਿਗਰੀ ਹਾਸਿਲ ਕੀਤੀ।

ਜਿਨ੍ਹਾਂ ਦਿਨਾਂ 'ਚ ਫ਼ੈਜ਼ ਗਿਆਨ ਇੱਕਠਾ ਕਰ ਰਹੇ ਸਨ। ਉਨ੍ਹਾਂ ਦਿਨਾਂ 'ਚ ਮੁਲਕ ਦੀਆਂ ਹਵਾਵਾਂ 'ਚ ਸਿਆਸੀ ਰੰਗ ਬੇਹੱਦ ਤੇਜ਼ੀ ਨਾਲ ਘੁਲ਼ ਰਹੇ ਸਨ। ਕਿਸਾਨਾਂ-ਮਜ਼ਦੂਰਾਂ ਦੀ ਲਹਿਰ ਦਾ ਦੌਰ ਸੀ। ਕਾਲਜਾਂ 'ਚ ਦੇਸ਼-ਦੁਨੀਆ ਨੂੰ ਲੈ ਕੇ ਚਰਚਾਵਾਂ ਹੋ ਰਹੀਆਂ ਸਨ। ਦੁਨੀਆਂ ਦੇ ਇੱਕ ਮੁਲਕ 'ਚ ਮਜ਼ਦੂਰ ਰਾਜ ਕਾਇਮ ਹੋ ਚੁੱਕਿਆ ਸੀ। ਲੁੱਟ-ਰਹਿਤ ਢਾਂਚਾ ਬਣਾਉਣ ਦਾ ਇੱਕ ਨਵਾਂ ਪ੍ਰਯੋਗ ਹੋ ਰਿਹਾ ਸੀ। ਜਾਂ ਇੰਝ ਕਹਿ ਲਵੋ ਕਿ ਚਾਰ-ਚੁਫ਼ੇਰੇ ਸਿਆਸਤ ਸੀ। ਅਜਿਹੇ ਭਖਵੇਂ ਅਤੇ ਸਿਆਸੀ ਮਾਹੌਲ 'ਚ ਰਹਿ ਕੇ ਕੋਈ ਨੌਜਵਾਨ ਬਿਨਾਂ ਪ੍ਰਭਾਵ ਕਬੂਲੇ ਕਿਵੇਂ ਰਹਿ ਸਕਦਾ ਸੀ ਅਤੇ ਇਹੀ ਹੋਇਆ। ਫ਼ੈਜ਼ ਦੀ ਕਿਤਾਬਾਂ ਵਾਲੀ ਅਲਮਾਰੀ 'ਚ ਕਈ ਅਜਿਹੀਆਂ ਕਿਤਾਬਾਂ ਨੂੰ ਜਗ੍ਹਾ ਮਿਲੀ ਜਿਨ੍ਹਾਂ ਨੂੰ ਛੁਪਾ ਕੇ ਰੱਖਣਾ ਪੈਂਦਾ, ਜਿਨ੍ਹਾਂ ਕਿਤਾਬਾਂ 'ਤੇ ਰੋਕ ਲੱਗੀ ਸੀ। ਇਨ੍ਹਾਂ ਰਾਹੀਂ ਫ਼ੈਜ਼ ਨੂੰ ਬਹੁਤ ਕੁੱਝ ਜਾਣਨ ਨੂੰ ਮਿਲਿਆ ਜਿਸ ਨਾਲ਼ ਪਹਿਲਾਂ ਉਹ ਨਾ-ਵਾਕਿਫ਼ ਸਨ। ਇਨ੍ਹਾਂ ਹੀ ਸਮਿਆਂ 'ਚ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਨੂੰ ਸ਼ਬਦਬੱਧ ਕਰਨਾ ਸ਼ੁਰੂ ਕੀਤਾ। ਸ਼ਾਇਰੀ ਨਾਲ਼ ਉਨ੍ਹਾਂ ਦੀ ਮੁਹੱਬਤ ਹੋਈ, ਸੱਚੇ ਅਰਥਾਂ ਦੀ ਮੁਹੱਬਤ ਜਿਹੜੀ ਜ਼ਿੰਦਗੀ ਭਰ ਕਾਇਮ ਰਹੀ।

ਗ੍ਰੈਜੂਏਸ਼ਨ ਕਰਨ ਮਗਰੋਂ 1935 'ਚ ਫ਼ੈਜ 'ਮਹੁੰਮਦ ਐਂਗਲੋ ਓਰੀਐਂਟਲ' ਕਾਲਜ ਅੰਮ੍ਰਿਤਸਰ 'ਚ ਪੜ੍ਹਾਉਣ ਲੱਗੇ। ਇੱਥੇ ਆ ਕੇ ਉਨ੍ਹਾਂ ਦੀ ਸਿਆਸੀ ਸਰਗਰਮੀ ਅਤੇ ਨਾਲ਼ ਹੀ ਲੋਕਾਂ ਨਾਲ਼ ਲਗਾਓ ਲਗਾਤਾਰ ਵੱਧਦਾ ਗਿਆ। ਇਹ ਦੋ ਕੰਮ ਉਨ੍ਹਾਂ ਦੀ ਪਹਿਲੀ ਪਸੰਦ ਦੇ ਕੰਮ ਬਣ ਗਏ। ਇੱਥੇ ਹੀ ਉਨ੍ਹਾਂ ਦੀ ਦੋਸਤੀ ਮਹੁੰਮਦ ਜਫ਼ਰ ਅਤੇ ਉਨ੍ਹਾਂ ਦੀ ਬੇਗਮ ਰਸ਼ੀਦ ਜਹਾਂ ਨਾਲ਼ ਹੋਈ। ਇਸ ਦੋਸਤੀ ਨੇ ਫ਼ੈਜ਼ ਦੀ ਜ਼ਿੰਦਗੀ ਨੂੰ ਦਿਸ਼ਾ ਦੇਣ 'ਚ ਬੇਹੱਦ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਅੰਦਰ ਬਦਲਾਅ ਦੀ ਪਿਆਸ ਵਧਣ ਲੱਗੀ। ਇਨ੍ਹਾਂ ਸਮਿਆਂ 'ਚ ਲੰਦਨ ਤੋਂ ਪੜ੍ਹ ਕੇ ਪਰਤੇ ਸਾਰੇ ਬੁੱਧੀਜੀਵੀਆਂ ਦੀ ਸੰਗਤ ਵਿੱਚ ਮਾਰਕਸਵਾਦ ਦਾ ਓ.ਅ ਸਿੱਖਿਆ। ਖ਼ੁਦ ਫ਼ੈਜ਼ ਦੀ ਜੁਬਾਨੀ ਕਹੋ ਤਾਂ " 'ਕਮਿਊਨਿਸਟ ਮੈਨੀਫੈਸਟੋ' ਪੜ੍ਹਨਾ ਮੇਰੇ ਵਿਚਾਰਾਂ ਦੀ ਤਬਦੀਲੀ ਦਾ ਅਹਿਮ ਮੋੜ ਸੀ। ਹੁਣ ਸਾਡੇ ਕੋਲ਼ ਨਵੇਂ ਦੋਸਤ ਸਨ, ਨਵੇਂ ਲੋਕ ਸਨ, ਕਰਨ ਲਈ ਬਹੁਤ ਕੁੱਝ ਸੀ ਅਤੇ ਨਾਲ਼ੇ ਇੱਕ ਅਜਿਹੀ ਵਿਚਾਰਧਾਰਾ ਦੀ ਰੌਸ਼ਨੀ ਜਿਹੜੀ ਊਰਜਾਵਾਨ ਅਤੇ ਤੂਫ਼ਾਨੀ ਸੀ।"

ਇਸ ਫੈਸਲਾਕੁਨ ਮੋੜ ਮਗਰੋਂ ਫ਼ੈਜ਼ ਦਾ ਸਮਾਜਿਕ ਸਿਆਸੀ ਝੁਕਾਅ ਵੱਧਦਾ ਗਿਆ। ਲੋਕਾਂ ਦੀ ਜ਼ਿੰਦਗੀ ਨਾਲ਼ ਵੱਧਦਾ ਲਗਾਓ ਪੂਰੀ ਜ਼ਿੰਦਗੀ 'ਚ ਅਗਾਂਹ ਹੀ ਗਿਆ। 1936 'ਚ ਉਨ੍ਹਾਂ ਨੇ ਲੇਖਕਾਂ ਦੀ ਜੱਥੇਬੰਦੀ 'ਕੁੱਲ ਹਿੰਦ ਪ੍ਰਗਤੀਸ਼ੀਲ ਲੇਖਕ ਸੰਘ' ਦੀ ਉਸਾਰੀ 'ਚ ਵਧ ਕੇ ਹਿੱਸੇਦਾਰੀ ਕੀਤੀ। ਇਹ ਗੱਲ ਗੌਰ ਕਰਨ ਯੋਗ ਹੈ ਕਿ ਅਜਿਹੀ ਜੱਥੇਬੰਦੀ ਦੀ ਉਸਾਰੀ ਦੀ ਪ੍ਰਕਿਰਿਆ 'ਚ ਉਰਦੂ ਦੇ ਲੇਖਕਾਂ ਦੀ ਭੂਮਿਕਾ ਮੋਹਰੀ ਸੀ। ਉਹ ਭਾਵੇਂ ਸੱਜਾਦ ਜ਼ਹੀਰ, ਗਿਆਸ ਅਹਿਮਦ ਗੱਦੀ, ਕ੍ਰਿਸ਼ਨ ਚੰਦਰ, ਰਸ਼ੀਦ ਜਹਾਂ ਬੇਗਮ ਹੋਣ ਜਾਂ ਫ਼ੈਜ਼। ਇੱਕ ਸਮੇਂ ਬਾਅਦ ਫ਼ੈਜ਼ 'ਪ੍ਰਲੇਸ' ਦੀ ਮੁੱਖ ਅਵਾਜ਼ ਬਣ ਗਏ। ਉਰਦੂ ਕਵਿਤਾ ਦੀ ਦੁਨੀਆ 'ਗਮ-ਏ-ਦੋਸਤ' ਦਾ ਚੌਖਟਾ ਉਲੰਘ ਕੇ 'ਗਮ-ਏ-ਦੁਨੀਆ' ਵੱਲ ਅਗਾਂਹ ਵਧੀ।

ਇੱਥੋਂ ਉਨ੍ਹਾਂ ਦੀ ਕਵਿਤਾ ਕਲਾਸਿਕਲ ਧਾਰਾ ਦੀ ਵਾਰਿਸ ਹੋਣ ਦੇ ਬਾਵਜੂਦ ਸਿਆਸੀ ਪ੍ਰਤੀਬੱਧਤਾ ਵੱਲ ਵਧਦੀ ਨਜ਼ਰ ਆਉਂਦੀ ਹੈ ਜਿਸਦੀ ਸਭ ਤੋਂ ਵਧੀਆ ਉਦਾਹਰਣ 'ਨਕਸ਼-ਏ-ਫਰਿਆਦੀ' ਦੀਆਂ ਕਵਿਤਾਵਾਂ ਹਨ ਜਿਸਦਾ ਪ੍ਰਕਾਸ਼ਨ 1941 'ਚ ਕੀਤਾ ਗਿਆ। ਇਸ 'ਚ ਸੰਗ੍ਰਿਹਿਤ ਕਵਿਤਾਵਾਂ ਉਰਦੂ ਕਾਵਿ ਪ੍ਰੰਪਰਾਵਾਂ ਦੀ ਤਿਲਾਂਜਲੀ ਦਿੱਤੇ ਬਿਨਾਂ ਨਵੇਂ ਨਕਸ਼ ਅਤੇ ਨਵੇਂ ਤੇਵਰ ਲੈ ਕੇ ਆਉਂਦੀ ਹੈ ਜਿਸਦੀ ਇੱਕ ਨਜ਼ਮ, ਜਿਹੜੀ ਕਿ ਫ਼ੈਜ਼ ਦੀਆਂ ਬੇਹੱਦ ਚਰਚਿਤ ਨਜ਼ਮਾਂ 'ਚੋਂ ਇੱਕ ਹੈ, ਦੀ ਇੱਕ ਵੰਨਗੀ ਪੇਸ਼ ਹੈ-

**ਮੁਝ ਸੇ ਪਹਿਲੀ-ਸੀ ਮੁੱਹਬਤ ਮੇਰੀ ਮਹਬੂਬ ਨ: ਮਾਂਗ**
**ਮੈਨੇ ਸਮਝਾ ਥਾ ਕੇ: ਤੂ ਹੈ ਤੋ ਦਰਖ਼ਸ਼ਾਂ[1] ਹੈ ਹਯਾਤ[2]**
**ਤੇਰਾ ਗਮ ਹੈ ਤੋ ਗਮ-ਏ-ਦਹਰ[3] ਕਾ ਝਗੜਾ ਕਯਾ ਹੈ ?**
**ਤੇਰੀ ਸੂਰਤ ਸੇ ਹੈ ਆਲਮ ਮੇਂ ਬਹਾਰੋਂ ਕੋ ਸਬਾਤ[4]**
**ਤੇਰੀ ਆਂਖੋ ਕੇ ਸਿਵਾ ਦੁਨੀਆਂ ਮੇਂ ਰੱਖਾ ਕਯਾ ਹੈ ?**
**ਤੂ ਜੋ ਮਿਲ ਜਾਏ ਤੋ ਤਕਦੀਰ ਨਿਗੂੰ[5] ਹੋ ਜਾਏ**
**ਯੂੰ ਨ: ਥਾ ਮੈਨੇ ਫ਼ਕਤ[6] ਚਾਹਾ ਥਾ ਯੂੰ ਹੋ ਜਾਏ**
**ਔਰ ਭੀ ਗਮ ਹੈਂ ਜ਼ਮਾਨੇ ਮੇਂ ਮਹੁੱਬਤ ਕੇ ਸਿਵਾ**
**ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ**
**ਅਨਗਿਨਤ ਸਦੀਓਂ ਕੇ ਤਾਰੀਕ[7] ਬਹੀਮਾਨਾ[8] ਤਿਲਿਸਮ[9]**
**ਰੇਸ਼ਮ-ਓ-ਅਤਲਸ-ਓ-ਕਮਖ਼ੁਆਬ[10] ਮੇਂ ਬੁਨਵਾਏ ਹੁਏ**
**ਜਾ-ਬ-ਜਾ[11] ਬਿਕਤੇ ਹੁਏ ਕੂਚਾ-ਓ-ਬਾਜ਼ਾਰ[12] ਮੇਂ ਜਿਸਮ**
**ਖ਼ਾਕ ਮੇਂ ਲਿਥੜੇ ਹੁਏ, ਖ਼ੂਨ ਮੇਂ ਨਹਿਲਾਏ ਹੁਏ**
**ਜਿਸਮ ਨਿਕਲੇ ਹੁਏ ਅਮਰਾਜ ਕੇ ਤੱਨੂਰੋਂ[13] ਸੇ**
**ਪੀਪ ਬਹਤੀ ਹੁਈ ਗਲਤੇ ਹੁਏ ਨਾਸੂਰੋਂ ਸੇ**
**ਲੌਟ ਜਾਤੀ ਹੈ ਇਧਰ ਕੋ ਭੀ ਨਜ਼ਰ ਕਿਆ ਕੀਜੇ**
**ਅਬ ਭੀ ਦਿਲਕਸ਼ ਹੈ ਤੇਰਾ ਹੁਸਨ ਮਗਰ ਕਯਾ ਕੀਜੇ ?**
**ਔਰ ਭੀ ਗਮ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ**
**ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ**
**ਮੁਝ ਸੇ ਪਹਿਲੀ ਸੀ ਮੁੱਹਬਤ ਮੇਰੀ ਮਹਿਬੂਬ ਨ: ਮਾਂਗ !**

(1. ਖਿੜੀ ਹੋਈ 2. ਜ਼ਿੰਦਗੀ 3. ਦੁਨੀਆਦਾਰੀ ਦੇ 4. ਹੋਂਦ/ਠਹਿਰਾਓ 5. ਝੁਕ ਜਾਏ 6. ਕੇਵਲ 7. ਹਨ੍ਹੇਰੇ 8. ਕਰੂਰਤਾ ਭਰੇ 9. ਜਾਲ 10. ਕੀਮਤੀ ਵਸਤਰ 11. ਥਾਂ-ਥਾਂ 12. ਬਾਜ਼ਾਰ ਦੀਆਂ ਗਲੀਆਂ 13. ਬਿਮਾਰੀਆਂ ਦੀ ਭੱਠੀ)

ਪ੍ਰਗਤੀਸ਼ੀਲ ਲੇਖਕ ਸੰਘ ਦੇ ਤਤਕਾਲੀ ਸੈਕ੍ਰੇਟਰੀ ਅਤੇ ਫ਼ੈਜ਼ ਦੇ ਖ਼ਾਸ ਦੋਸਤ ਸੱਜਾਦ ਜ਼ਹਿਰ, ਫ਼ੈਜ਼ ਦੀਆਂ ਕਵਿਤਾਵਾਂ ਬਾਰੇ ਕਹਿੰਦੇ ਹਨ ਕਿ ਫ਼ੈਜ਼ ਦੀ ਕਵਿਤਾ ਜਿਨ੍ਹਾਂ ਕਦਰਾਂ- ਕੀਮਤਾਂ ਨੂੰ ਪ੍ਰਗਟ ਕਰਦੀ ਹੈ ਉਹ ਅਗਾਂਹਵਧੂ ਮਨੁੱਖਤਾ ਦੀਆਂ ਕਦਰਾਂ-ਕੀਮਤਾਂ ਹਨ। ਉਨ੍ਹਾਂ ਨੇ ਆਪਣੀਆਂ ਜੜ੍ਹਾਂ ਤੋਂ ਉਖੜਨ ਦੀ ਬਜਾਏ ਆਪਣੇ ਸੱਭਿਆਚਾਰ ਦੇ ਸਭ ਤੋਂ ਉੱਤਮ ਤੱਤਾਂ ਨੂੰ ਆਤਮਸਾਤ ਕੀਤਾ।

ਮਾਰਕਸਵਾਦ 'ਚ ਡੂੰਘਾ ਵਿਸ਼ਵਾਸ ਹੋਣ ਦੇ ਬਾਵਜੂਦ ਉਹ ਕਦੇ ਕਮਿਊਨਿਸਟ ਪਾਰਟੀ ਦੇ ਬਕਾਇਦਾ ਮੈਂਬਰ ਨਹੀਂ ਬਣ ਸਕੇ। ਇਹ ਇੱਕ ਵੱਖਰੀ ਗੱਲ ਹੈ। ਪਰ ਜਦੋਂ ਸੰਨ 1941 'ਚ ਸੋਵੀਅਤ ਯੂਨੀਅਨ 'ਤੇ ਜ਼ਬਰੀ ਜੰਗ ਥੋਪ ਦਿੱਤੀ ਗਈ, ਫਾਸਿਸਟ ਤਾਕਤਾਂ ਨੇ ਇਨਸਾਨੀ ਖ਼ੂਨ ਵਹਾਉਣ 'ਚ ਕੋਈ ਕਸਰ ਨਹੀਂ ਛੱਡੀ ਸੀ, ਹਿਟਲਰ ਦੀਆਂ 254 ਡਿਵੀਜਨਾਂ 'ਚੋਂ 200 ਡਿਵੀਜਨਾਂ ਸੋਵੀਅਤ ਯੂਨੀਅਨ ਨੂੰ ਤਬਾਹ ਕਰਨ 'ਚ ਲਗਾ ਦਿੱਤੀਆਂ ਗਈਆਂ ਤਾਂ ਅਜਿਹੇ ਸਮੇਂ ਫ਼ੈਜ਼ ਨੇ ਵੀ ਦੁਨੀਆ ਦੇ ਸਾਰੇ ਸੱਚੇ ਕਲਮਕਾਰਾਂ ਵਾਂਗੂੰ ਮਨੁੱਖਤਾ ਦੇ ਦੁਸ਼ਮਣ ਵਿਰੁੱਧ ਮੈਦਾਨ 'ਚ ਡਟਣਾ ਆਪਣਾ ਫ਼ਰਜ਼ ਸਮਝਿਆ ਅਤੇ ਆ ਡਟੇ। ਬਤੌਰ ਵਲੰਟੀਅਰ ਨਾਜ਼ੀਵਾਦੀ ਅਤੇ ਫ਼ਾਸੀਵਾਦੀ ਤਾਕਤਾਂ ਨਾਲ਼ ਲੜਨ ਲਈ ਬਿਟ੍ਰਿਸ਼ ਫ਼ੌਜ 'ਚ ਆਪਣਾ ਨਾਂ ਦਰਜ ਕਰਵਾਇਆ ਅਤੇ ਵੱਧ ਕੇ ਸ਼ਮੂਲੀਅਤ ਕੀਤੀ। ਜੰਗ ਖ਼ਤਮ ਹੁੰਦੇ ਹੀ ਉਨ੍ਹਾਂ ਨੇ ਫ਼ੌਜ ਤੋਂ ਵਿਦਾਈ ਲੈ ਲਈ। ਲਾਹੌਰ ਪਰਤ ਗਏ।

ਲਾਹੌਰ ਪਰਤ ਕੇ ਕਲਮ ਦਾ ਇਹ ਸਿਪਾਹੀ ਇੱਕ ਵਾਰੀ ਮੁੜ ਕਲਮ ਦੇ ਮੋਰਚੇ 'ਤੇ ਤੈਨਾਤ ਹੋ ਗਿਆ। ਉੱਥੇ ਉਨ੍ਹਾਂ ਨੇ ਖੱਬੇਪੱਖੀ ਸੋਚ ਤੋਂ ਪ੍ਰਭਾਵਿਤ ਰੋਜ਼ਾਨਾ ਅਖ਼ਬਾਰ 'ਪਾਕਿਸਤਾਨ ਟਾਈਮਜ਼' ਦਾ ਸੰਪਾਦਨ ਸ਼ੁਰੂ ਕੀਤਾ। ਇਨ੍ਹਾਂ ਦਿਨਾਂ 'ਚ ਦੇਸ਼ ਭਰ 'ਚ ਹਾਏ-ਤੋਬਾ ਮੱਚੀ ਹੋਈ ਸੀ। ਕਤਲੋਗਾਰਦ ਦਾ ਮਾਹੌਲ ਚੱਲ ਰਿਹਾ ਸੀ। ਫਿਰੰਗੀਆਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਆਪਣਾ ਅਸਲੀ ਰੂਪ ਦਿਖਾ ਰਹੀ ਸੀ। ਵਿਆਪਕ ਲੋਕ- ਦਬਾਅ ਅਤੇ ਸੰਸਾਰ ਪੈਮਾਨੇ 'ਤੇ ਕਮਜ਼ੋਰ ਹੁੰਦੇ ਜਾਣ ਕਰਕੇ ਫਿਰੰਗੀ ਹਕੂਮਤ ਨੇ ਆਪਣਾ ਬੋਰੀਆ-ਬਿਸਤਰਾ ਬੰਨ੍ਹ ਲਿਆ, ਸੰਨ 1947 'ਚ ਭਾਰਤ ਬਸਤੀਵਾਦੀ ਗੁਲਾਮੀ ਤੋਂ ਮੁਕਤ ਹੋਇਆ। ਪਰ ਲਹੂ-ਲੁਹਾਣ ਟੁਕੜਿਆਂ 'ਚ ਵੰਡਿਆ ਹੋਇਆ। ਅਜਿਹੀ ਅੱਧੀ-ਅਧੂਰੀ, ਟੁੱਟੀ-ਭੱਜੀ ਹੋਈ ਅਜ਼ਾਦੀ 'ਤੇ ਸਵਾਲ ਚੁੱਕਦੇ ਹੋਏ ਇੱਕ ਨਜ਼ਮ 'ਚ ਫ਼ੈਜ਼ ਕਹਿੰਦੇ ਹਨ ਕਿ ਦਾਗ਼- ਦਾਗ਼ ਉਜਾਲਿਆਂ ਵਾਲ਼ੀ ਅਜ਼ਾਦੀ ਉਹ ਅਜ਼ਾਦੀ ਨਹੀਂ ਹੈ ਜਿਸ ਲਈ ਅਸੀਂ ਲੜ ਰਹੇ ਸੀ। ਅਜੇ ਸਾਡੇ ਅਰਮਾਨ ਅਧੂਰੇ ਹਨ, ਉਸ ਸਵੇਰ ਲਈ ਅਜੇ ਹੋਰ ਚੱਲਣਾ ਹੈ। ਮੁਲਕ ਦੀ ਵੰਡ ਦਾ ਅਤੇ "ਅਜ਼ਾਦੀ" ਦਾ ਸਾਹਮਣਾ ਇਸ ਸ਼ਾਇਰ ਨੇ ਇਸ ਤਰੀਕੇ ਨਾਲ਼ ਕੀਤਾ।

ਲਾਹੌਰ ਆ ਕੇ ਫ਼ੈਜ਼ ਨੇ ਆਪਣੇ ਆਪ ਨੂੰ ਕਈ ਮੋਰਚਿਆਂ 'ਤੇ ਝੋਂਕ ਦਿੱਤਾ। ਪੱਤਰਕਾਰੀ, ਟਰੇਡ ਯੂਨੀਅਨ, ਕੌਮਾਂਤਰੀ ਸ਼ਾਂਤੀ ਲਹਿਰ ਆਦਿ- ਆਦਿ 'ਚ। ਪਰ ਨਵੀਂ ਹਕੂਮਤ ਦੇ ਤੌਰ- ਤਰੀਕੇ ਬਹੁਤ ਚੰਗੇ ਨਹੀਂ ਸਨ। ਨਵੀਂ ਪਾਕਿਸਤਾਨੀ ਸਰਕਾਰ ਬੁਰੀ ਹੱਦ ਤੱਕ ਅਮਰੀਕੀ ਹੁਕਮਰਾਨਾਂ ਦੀ ਪਿੱਛਲੱਗੂ ਬਣ ਜਾਣ ਨੂੰ ਕਾਹਲੀ ਸੀ। ਉਸਦਾ ਝੁਕਾਅ ਬੁਨਿਆਦੀ ਤੌਰ 'ਤੇ ਪਿਛਾਖੜੀ ਮੁੱਠੀਭਰ ਜਮਾਤ ਵੱਲ ਜ਼ਿਆਦਾ ਸੀ ਜਾਂ ਇੰਞ ਕਹੋ ਕਿ ਰਾਜ 'ਚ ਉਨ੍ਹਾਂ ਦੀ ਸਥਿਤੀ ਘੱਟ ਜਾਂ ਵੱਧ ਤਾਕਤਵਰ ਸੀ।

ਫ਼ੈਜ਼ ਨੂੰ 9 ਮਾਰਚ 1951 ਨੂੰ ਰਾਜ ਖਿਲਾਫ਼ ਵਿਦਰੋਹ ਕਰਨ ਦੀ ਸਾਜਿਸ਼ ਰਚਣ ਦੇ ਇਲਜ਼ਾਮ 'ਚ ਕੁੱਝ ਦੂਜੇ ਅਫ਼ਸਰਾਂ ਨਾਲ਼ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ 'ਤੇ 'ਰਾਵਲਪਿੰਡੀ ਸਾਜਿਸ਼' ਦਾ ਇਲਜ਼ਾਮ ਮੜ੍ਹਿਆ ਗਿਆ। ਉਨ੍ਹਾਂ ਦੇ ਸਿਰ 'ਤੇ ਮੌਤ ਦਾ ਖ਼ਤਰਾ ਮੰਡਰਾਉਣ ਲੱਗਿਆ। ਅੰਤ 'ਚ ਉਨ੍ਹਾਂ ਨੂੰ ਚਾਰ ਵਰ੍ਹਿਆਂ ਲਈ ਜੇਲ੍ਹ ਦੀਆਂ ਸਲਾਖਾਂ ਮਗਰ ਧੱਕ ਦਿੱਤਾ ਗਿਆ। ਅਜ਼ਾਦ ਮੁਲਕ 'ਚ ਫ਼ੈਜ਼ ਦੀ ਇਹ ਪਹਿਲੀ ਗ੍ਰਿਫ਼ਤਾਰੀ ਸੀ। ਇਸ ਗ੍ਰਿਫ਼ਤਾਰੀ ਦੇ ਚੱਲਦੇ ਅਤੇ ਜੇਲ੍ਹ ਦੀਆਂ ਤਕਲੀਫ਼ਾਂ ਦੀ ਅੱਤ ਨੇ ਫ਼ੈਜ਼ ਨੂੰ

ਤਰੱਕੀਪਸੰਦ ਲੋਕਾਂ ਦਾ ਅਜ਼ੀਜ਼ ਬਣਾ ਦਿੱਤਾ। ਇਨ੍ਹਾਂ ਸਮਿਆਂ 'ਚ ਫ਼ੈਜ਼ ਨੇ ਮੁੜ ਕਵਿਤਾ ਦਾ ਪੱਲਾ ਫੜਿਆ ਜਿਹੜਾ ਮਗਰਲੇ ਦਿਨੀਂ (1940 ਤੋਂ) ਕੁੱਝ ਛੁੱਟ ਗਿਆ ਸੀ। ਉਨ੍ਹਾਂ ਦਾ ਦੂਜਾ ਸੰਗ੍ਰਹਿ 'ਦਸਤ-ਏ-ਸਬਾ' ਤਦ ਛਪ ਕੇ ਆਇਆ ਜਦੋਂ ਉਹ ਜੇਲ੍ਹ 'ਚ ਸਨ। ਤੀਜਾ ਸੰਗ੍ਰਹਿ 'ਜ਼ਿੰਦਾਂਨਾਮਾ' ਦੀਆਂ ਤਕਰੀਬਨ ਸਾਰੀਆਂ ਕਵਿਤਾਵਾਂ ਜੇਲ੍ਹ ਦੌਰਾਨ ਹੀ ਲਿਖੀਆਂ ਗਈਆਂ।

ਜੇਲ੍ਹ ਤੋਂ ਰਿਹਾ ਹੋਣ ਤੱਕ ਦੇਸ਼- ਦੁਨੀਆ 'ਚ ਕਾਫ਼ੀ ਕੁੱਝ ਬਦਲ ਚੁੱਕਿਆ ਸੀ। ਸ਼ੀਤ ਯੁੱਧ ਦਾ ਸ਼ੁਰੁਆਤੀ ਦੌਰ ਸੀ। ਪਾਕਿਸਤਾਨੀ ਹੁਕਮਰਾਨ ਜਮਾਤ ਅਮਰੀਕਾ ਨਾਲ਼ ਡੂੰਘੀ ਜੁੜ ਚੁੱਕੀ ਸੀ। ਮੁਲਕ 'ਚ ਵਿਰੋਧ ਦੀ ਹਰ ਅਵਾਜ਼ 'ਤੇ ਪਹਿਰਾ ਸੀ। ਖੱਬੇਪੱਖੀ ਪੱਤਰ- ਪੱਤ੍ਰਿਕਾਵਾਂ ਅਤੇ ਮਜ਼ਦੂਰ ਜੱਥੇਬੰਦੀਆਂ ਨੂੰ ਬੇਰਹਿਮੀ ਨਾਲ਼ ਮਿਲਟਰੀ ਬੂਟਾਂ ਹੇਠ ਦਬਾਇਆ ਜਾ ਰਿਹਾ ਸੀ। ਅਜਿਹੇ ਦਮਘੋਟੂ ਮਾਹੌਲ 'ਚ ਫ਼ੈਜ਼ ਲਈ ਕੁੱਝ ਵੀ ਕਰ ਸਕਣ ਦੀ ਗੁੰਜਾਇਸ਼ ਘੱਟਦੇ ਘੱਟਦੇ ਬੇਹੱਦ ਘੱਟ ਰਹਿ ਗਈ ਸੀ। ਪਰ ਫ਼ੈਜ਼ ਚੁੱਪ ਬੈਠਣ ਵਾਲ਼ਿਆਂ 'ਚੋਂ ਨਹੀਂ ਸੀ। ਸ਼ੀਤ ਯੁੱਧ ਦੌਰਾਨ ਉਹ ਆਪਣੇ ਸਵਾਲਾਂ ਨੂੰ ਕੌਮਾਂਤਰੀ ਜਗਤ ਤੱਕ ਲੈ ਗਏ। 1956 'ਚ ਉਹ ਦਿੱਲੀ 'ਚ ਆਯੋਜਿਤ ਏਸ਼ੀਅਨ ਰਾਈਟਸ ਸੰਮੇਲਨ 'ਚ ਸ਼ਾਮਿਲ ਹੋਏ। 1958 'ਚ ਏਸ਼ੀਆ-ਅਫ਼ਰੀਕਾ ਲੇਖਕ ਸੰਮੇਲਨ ਤਾਸ਼ਕੰਦ ਵਿਖੇ ਹੋਣ ਵਾਲਾ ਸੀ। ਉੱਥੇ ਜਾਣ ਲਈ ਫ਼ੈਜ਼ ਅਤੇ ਇੱਕ ਹੋਰ ਪਾਕਿਸਤਾਨੀ ਡੈਲੀਗੇਟ ਹਾਫਿਜ਼ ਜਲੰਧਰੀ ਨੂੰ ਜਾਣ ਦੀ ਆਗਿਆ ਮਿਲੀ। ਅਜੇ ਸੰਮੇਲਨ ਚੱਲ ਹੀ ਰਿਹਾ ਸੀ ਕਿ ਪਾਕਿਸਤਾਨ 'ਚ ਪਹਿਲਾ ਫ਼ੌਜੀ ਤਖ਼ਤਾਪਲਟ ਹੋਇਆ। ਮੁਲਕ 'ਚ ਫ਼ੌਜੀ ਤਾਨਾਸ਼ਾਹੀ ਲਾਗੂ ਕਰ ਦਿੱਤੀ ਗਈ। ਫ਼ੈਜ਼ ਮੁਲਕ ਪਰਤਦੇ ਹੀ ਗ੍ਰਿਫ਼ਤਾਰ ਕਰ ਲਏ ਗਏ, ਕੁੱਝ ਹੀ ਸਮੇਂ ਲਈ ਸਹੀ। ਰਿਹਾ ਹੁੰਦੇ ਹੀ ਉਨ੍ਹਾਂ ਨੇ ਪੱਤਰਕਾਰੀ ਅਤੇ ਮਜ਼ਦੂਰ ਜੱਥੇਬੰਦੀਆਂ 'ਚ ਕੰਮ ਕਰਨ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਝੋਕ ਦਿੱਤਾ। ਉਹ ਆਪਣੀ ਸਾਰੀ ਸਿਰਜਣਾਤਮਿਕਤਾ ਅਤੇ ਆਵੇਗ ਨਾਲ਼ ਇਨ੍ਹਾਂ ਸਰਗਰਮੀਆਂ 'ਚ ਲੱਗ ਗਏ। ਠੀਕ ਉਨ੍ਹਾਂ ਦਿਨਾਂ ਦੀ ਤਰ੍ਹਾਂ ਜਦੋਂ ਉਹ 1947 ਤੋਂ 1951 ਦਰਮਿਆਨ ਲੱਗੇ ਹੋਏ ਸਨ।

ਕੌਮਾਂਤਰੀ ਪੈਮਾਨੇ 'ਤੇ ਉਨ੍ਹਾਂ ਦੀ ਕਵਿਤਾ ਦੀ ਚਰਚਾ ਹੋ ਰਹੀ ਸੀ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਦੁਨੀਆ ਦੀਆਂ ਸਾਰੀਆਂ ਭਾਸ਼ਾਵਾਂ 'ਚ ਅਨੁਵਾਦ ਕੀਤਾ ਜਾਣ ਲੱਗਾ। 1962 'ਚ ਉਨ੍ਹਾਂ ਨੂੰ ਰੂਸ 'ਚ ਸਰਵ- ਉੱਚ ਪੁਰਸਕਾਰ ਲੈਨਿਨ ਸ਼ਾਂਤੀ ਪੁਰਸਕਾਰ ਨਾਲ਼ ਨਵਾਜਿਆ ਗਿਆ। ਪੁਰਸਕਾਰ ਲੈਣ ਲਈ ਜਦੋਂ ਉਨ੍ਹਾਂ ਨੂੰ ਰੂਸ ਜਾਣ ਦੀ ਆਗਿਆ ਮਿਲੀ ਤਾਂ ਉਹ ਉਦੋਂ ਹੀ ਨਾ ਮੁੜ ਕੇ ਦੋ ਸਾਲ ਲਈ ਆਤਮ-ਨਿਰਵਾਸਨ 'ਤੇ ਬ੍ਰਿਟੇਨ ਚਲੇ ਗਏ। 1964 'ਚ ਉਹ ਪਾਕਿਸਤਾਨ ਮੁੜ ਪਰਤੇ। ਇਸ ਦੌਰਾਨ ਉਨ੍ਹਾਂ ਨੇ ਅਧਿਐਨ-ਅਧਿਆਪਨ ਦਾ ਕੰਮ ਕੀਤਾ ਅਤੇ ਕਲਾ ਸੱਭਿਆਚਾਰ ਦੇ ਖੇਤਰ 'ਚ ਕਈ ਜਿੰਮੇਵਾਰੀਆਂ ਨਿਭਾਈਆਂ।

ਜ਼ੁਲਫ਼ੀਕਾਰ ਅਲੀ ਭੁੱਟੋ ਦੇ ਸੱਤ੍ਹਾ 'ਤੇ ਕਾਬਜ਼ ਹੋਣ ਮਗਰੋਂ ਮੁਲਕ ਦਾ ਮੌਸਮ ਕੁੱਝ ਰਾਹਤ ਭਰਿਆ ਲੱਗਿਆ। ਇੱਥੇ ਫ਼ੈਜ਼ ਨਵੇਂ ਹੁਕਮਰਾਨਾਂ ਦੀਆਂ ਨੀਤੀਆਂ ਨਾਲ਼ ਕੁੱਝ ਸਹਿਮਤ ਜਿਹੇ ਨਜ਼ਰ ਆਉਂਦੇ ਹਨ। ਭੁੱਟੋ ਨੇ ਫ਼ੈਜ਼ ਨੂੰ ਸਿੱਖਿਆ ਮਹਿਕਮੇ ਤਹਿਤ ਸੱਭਿਆਚਾਰਕ ਸਲਾਹਕਾਰ ਦੇ ਅਹੁਦੇ ਲਈ ਨਿਯੁਕਤ ਕੀਤਾ। ਚਾਰ ਸਾਲਾਂ ਤੱਕ ਉਹ ਇਸਲਾਮਾਬਾਦ 'ਚ ਸੱਭਿਆਚਾਰ ਪ੍ਰਸ਼ਾਸਕ ਵਜੋਂ ਕੰਮ ਕਰਦੇ ਰਹੇ। ਉਨ੍ਹਾਂ ਦੀ ਰਹਿਨੁਮਾਈ 'ਚ ਲੋਕ ਵਿਰਾਸਤ ਦੇ ਰੂਪ 'ਚ ਨੈਸ਼ਨਲ ਇੰਸਟੀਚਿਊਟ 'ਲੋਕ ਵਿਰਸਾ' ਨਾਂ ਨਾਲ਼ ਖੜ੍ਹਾ ਕੀਤਾ ਗਿਆ। ਪਰ ਰਾਹਤ ਦੇ ਇਨ੍ਹਾਂ ਪਲਾਂ ਦੀ ਉਮਰ ਕਾਫ਼ੀ ਛੋਟੀ ਨਿਕਲੀ। 1977 'ਚ ਮੁੜ ਪਾਕਿਸਤਾਨ 'ਚ ਫ਼ੌਜੀ ਤਖ਼ਤਾਪਲਟ ਹੋਇਆ। ਫ਼ੈਜ਼ ਆਪਣੇ ਅਹੁਦੇ ਤੋਂ ਹੀ ਬੇਦਖ਼ਲ ਨਹੀਂ ਹੋਏ ਸਗੋਂ ਉਨ੍ਹਾਂ ਨੂੰ ਮੁਲਕ ਤੋਂ ਵੀ ਬੇਦਖ਼ਲ ਹੋਣਾ ਪਿਆ।

ਜ਼ੁਲਫ਼ੀਕਾਰ ਅਲੀ ਭੁੱਟੋ ਦੀ ਲੀਡਰਸ਼ਿਪ 'ਚ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਕਾਰ ਪ੍ਰਤੀ ਫ਼ੈਜ਼ ਦਾ ਸਮਰਥਨ ਦਾ ਰਵੱਈਆ ਉਂਵ ਹੀ ਨਹੀਂ ਸੀ। ਫ਼ੈਜ਼ ਦੇ ਇਸ ਸਟੈਂਡ ਨਾਲ਼ ਸਹਿਮਤੀ ਰੱਖਣਾ ਇੱਥੇ ਸਵਾਲ ਨਹੀਂ ਹੈ ਅਤੇ ਨਿਸ਼ਚਿਤ ਰੂਪ ਨਾਲ਼ ਇਸਦੀ ਅਲੋਚਨਾ ਕੀਤੀ ਜਾ ਸਕਦੀ ਹੈ। ਪਰ ਉਸਦੇ ਕਾਰਨਾਂ 'ਤੇ ਗੌਰ ਕੀਤੇ ਬਿਨਾਂ ਇਸਦੀ ਅਲੋਚਨਾ ਕਰਨਾ ਫ਼ੈਜ਼ ਨਾਲ਼ ਬੇ-ਇਨਸਾਫ਼ੀ ਹੋਵੇਗੀ। ਭੁੱਟੋ ਦੀ ਸਰਕਾਰ ਨੇ ਜਿਹੜਾ ਪ੍ਰੋਗਰਾਮ ਪੇਸ਼ ਕੀਤਾ ਸੀ ਉਸ 'ਚ ਕਈ ਰੈਡੀਕਲ ਭੂਮੀ ਸੁਧਾਰਾਂ ਦੀ ਗੱਲ ਸੀ ਟਰੇਡ ਯੂਨੀਅਨ ਦੇ ਹੱਕਾਂ ਦੀ ਗੱਲ ਸੀ, ਨਾਗਰਿਕ ਅਤੇ ਮਨੁੱਖੀ ਹੱਕਾਂ ਦੀ ਇੱਜ਼ਤ ਦੀ ਗੱਲ ਸੀ। ਇਸ ਨੂੰ ਭੁੱਟੋ ਦੀ ਸਰਕਾਰ ਨੇ ਬਹੁਤ ਘੱਟ ਲਾਗੂ ਕੀਤਾ। ਪਰ ਜਿਸ ਮੁਲਕ 'ਤੇ ਫ਼ੌਜੀ ਤਾਨਾਸ਼ਾਹੀ ਦੇ ਕਦੇ ਵੀ ਸਥਾਪਿਤ ਹੋ ਜਾਣ ਦੀ ਤਲਵਾਰ ਲਟਕਦੀ ਰਹਿੰਦੀ ਸੀ, ਉਸ 'ਚ ਭੁੱਟੋ ਦੀ ਉਦਾਰਵਾਦੀ ਰੈਡੀਕਲ ਪੂੰਜੀਵਾਦੀ ਸਰਕਾਰ ਇੱਕ ਰਾਹਤ ਵਾਂਗੂ ਸਨ। ਭੁੱਟੋ ਇਸਲਾਮੀ ਕੱਟੜਪੰਥ ਅਤੇ ਫ਼ੌਜ ਦੇ 'ਕਾਉਂਟਰ-ਐਕਟ' ਵਾਂਗੂ ਸਨ। ਇਹੀ ਵਜ੍ਹਾ ਸੀ ਕਿ ਫ਼ੈਜ਼ ਦਾ ਰਵੱਈਆ ਇਸ ਸਰਕਾਰ ਪ੍ਰਤੀ ਸਮਰਥਨ ਅਤੇ ਨਰਮੀ ਦਾ ਸੀ। ਕੋਈ ਇਹ ਕਹਿ ਸਕਦਾ ਹੈ ਕਿ ਸਹੀ ਬਦਲ ਨਹੀਂ ਸੀ ਅਤੇ ਇਸ 'ਚ ਮੌਕਾਪ੍ਰਸਤੀ ਦੇ ਤੱਤ ਵੀ ਤਲਾਸ਼ ਸਕਦਾ ਹੈ। ਪਰ ਇਹ ਇੱਕ ਲੰਮੀ ਚਰਚਾ ਦਾ ਵਿਸ਼ਾ ਹੈ।

1978 ਤੋਂ 1982 ਦਾ ਅਰਸਾ ਫ਼ੈਜ਼ ਨੇ ਦੇਸ਼ ਨਿਕਾਲੇ 'ਚ ਗੁਜ਼ਾਰਿਆ। ਉਨ੍ਹਾਂ ਨੇ ਏਸ਼ੀਆ-ਅਫ਼ਰੀਕਾ 'ਚ ਫ਼ੈਲੇ ਸਾਰੇ ਲੇਖਕ ਦੋਸਤਾਂ ਨਾਲ਼ ਮੁਲਾਕਾਤ ਕੀਤੀ। ਇਨ੍ਹਾਂ ਹੀ ਮਿੱਤਰਾਂ ਦੀ ਬਦੌਲਤ ਉਨ੍ਹਾਂ ਨੂੰ ਅਫ਼ਰੀਕਾ-ਏਸ਼ੀਆਈ ਜਰਨਲ 'ਲੋਟਸ' ਦੇ ਸੰਪਾਦਨ ਦਾ ਕੰਮ ਮਿਲਿਆ ਜਿਹੜਾ ਕਿ ਬੇਰੂਤ 'ਚ ਛਪਦਾ ਹੁੰਦਾ ਸੀ। ਬੇਰੂਤ 'ਚ ਬੀਤੇ ਇਨ੍ਹਾਂ ਤਿੰਨ ਵਰ੍ਹਿਆਂ 'ਚ ਉਨ੍ਹਾਂ ਨੇ ਫਿਲਸਤੀਨੀ ਲੋਕਾਂ ਦੇ ਦੁੱਖ ਨੂੰ, ਮੁਕਤੀ ਦੀ ਚਾਹਤ ਨੂੰ ਬੇਹੱਦ ਨਜ਼ਦੀਕੀ ਨਾਲ਼ ਵੇਖਿਆ। 'ਫਿਲਸਤੀਨੀ ਮੁਕਤੀ ਜੱਥੇਬੰਦੀ' ਦੇ ਆਗੂ ਯਾਸਿਰ ਅਰਾਫ਼ਾਤ ਨਾਲ਼ ਦੋਸਤੀ ਹੋਈ ਜਿਨ੍ਹਾਂ ਨੂੰ ਫ਼ੈਜ਼ ਨੇ ਆਪਣਾ ਅਖੀਰਲਾ ਸੰਗ੍ਰਹਿ 'ਮੇਰੇ ਮੁਸਾਫ਼ਿਰ' ਭੇਂਟ ਕੀਤਾ। ਜਦੋਂ ਬੇਰੂਤ 'ਤੇ ਇਜ਼ਰਾਈਲ ਨੇ ਕਬਜ਼ਾ ਕਰ ਲਿਆ ਤਦ ਉਨ੍ਹਾਂ ਨੂੰ ਉੱਥੋਂ ਨਿਕਲਣਾ ਪਿਆ। ਉਹ ਉੱਥੋਂ ਮੁਲਕ-ਦਰ-ਮੁਲਕ ਭਟਕਦੇ ਹੋਏ ਮੰਗੋਲੀਆ, ਕੈਨੇਡਾ, ਭਾਰਤ, ਵੀਅਤਨਾਮ ਅਤੇ ਅਮਰੀਕਾ ਵੀ ਗਏ। ਅੰਤ 'ਚ 1982 'ਚ ਹਮਵਤਨ ਵਾਪਸੀ ਹੋਈ। ਸਿਹਤ ਕਾਫ਼ੀ ਬਿਗੜ ਚੁੱਕੀ ਸੀ। 19 ਨਵੰਬਰ 1984 ਨੂੰ ਲਾਹੌਰ ਦੇ ਮੇਯੋ ਹਸਪਤਾਲ 'ਚ ਦਿਲ ਦੀ ਗਤੀ ਰੁਕ ਜਾਣ ਨਾਲ਼ ਫ਼ੈਜ਼ ਦਾ ਦੇਹਾਂਤ

ਹੋ ਗਿਆ ਅਤੇ ਦਮਨਕਾਰੀ ਹਕੂਮਤ ਤੋਂ ਬੇਖ਼ੌਫ ਰਹਿਣ ਵਾਲ਼ਾ ਇਹ ਸ਼ਾਇਰ ਸਾਡੇ ਤੋਂ ਵਿਛੜ ਗਿਆ।

ਜਾਂਦੇ-ਜਾਂਦੇ ਚੰਦ ਸਤਰਾਂ ਫ਼ੈਜ਼ ਦੀ ਕਵਿਤਾ ਬਾਰੇ ਕਹਿਣਾ ਜ਼ਰੂਰੀ ਹੈ, ਜਿਹੜੀਆਂ ਕਹੇ ਬਗੈਰ ਗੱਲ ਪੂਰੀ ਨਹੀਂ ਹੋਵੇਗੀ। ਜੇਕਰ ਕਿਸੇ ਕਵਿਤਾ 'ਚ ਮਹਿਜ਼ ਬਿਆਨ ਹੋਣ, ਆਪਣੇ ਸਮੇਂ ਦਾ ਮਹਿਜ਼ ਪ੍ਰਤੀਚਿਤਰਣ ਹੋਵੇ, ਜਿਉਂਦਿਆਂ ਦੀਆਂ ਉਮੀਦਾਂ, ਆਸ਼ਾਵਾਂ ਗੈਰ-ਹਾਜ਼ਰ ਹੋਣ ਤਾਂ ਅਜਿਹੀ ਕਵਿਤਾ ਕਿਸ ਕੰਮ ਦੀ? ਪਰ ਫ਼ੈਜ਼ 'ਚ ਉਹ ਹੈ ਜਿਸਦੀ ਸਾਨੂੰ ਲੋੜ ਹੈ। ਇਨ੍ਹਾਂ ਦੀ ਕਵਿਤਾ ਸਾਨੂੰ ਤਬਦੀਲੀ ਲਈ ਲਲਕਾਰਦੀ ਹੈ, ਤਬਦੀਲੀ ਦੀ ਮੁਹਿੰਮ 'ਚ ਲੱਗੇ ਲੋਕਾਂ ਦੇ ਪੱਖ 'ਚ ਦੱਬੇ- ਛੁਪੇ ਰੂਪ 'ਚ ਨਹੀਂ ਸਗੋਂ ਐਲਾਨੇ ਰੂਪ 'ਚ ਆ ਖੜ੍ਹੀ ਹੁੰਦੀ ਹੈ। ਜਦੋਂ ਤੁਹਾਡੇ ਹੱਥ ਬੰਨ੍ਹੇ ਹੋਣ ਤਾਂ ਟਾਕਰੇ ਦੀ ਕਲਾ ਕਿਵੇਂ ਵਿਕਸਿਤ ਕੀਤੀ ਜਾਵੇ, ਹੁਕਮਰਾਨਾਂ ਨੂੰ ਉਖਾੜ ਸੁੱਟਣ ਲਈ ਇਤਿਹਾਸਕ ਅਤੇ ਲੋਕ ਪ੍ਰਤੀਕਾਂ ਦੀ ਵਰਤੋਂ ਕਿਵੇਂ ਕੀਤੀ ਜਾਵੇ ਜਿਸ ਨਾਲ਼ ਕਿ ਵਿਨਾਸ਼ ਅਤੇ ਬਦਲਾ ਸਾਕਾਰ ਰੂਪ 'ਚ ਮੂਰਤੀਮਾਨ ਹੋ ਸਕੇ, ਇਹ ਕਲਾ ਫ਼ੈਜ਼ ਕੋਲ਼ ਹੈ। ਇੱਥੇ ਆਪਸੀ ਪ੍ਰਤੀਕ ਨਵੇਂ ਅਰਥਾਂ 'ਚ ਲੋਕਾਂ ਦੀਆਂ ਇੱਛਾਵਾਂ ਨੂੰ ਸ਼ਬਦ ਦਿੰਦੇ ਪ੍ਰਤੀਤ ਹੁੰਦੇ ਹਨ—

**ਹਮ ਦੇਖੇਗੇਂ**
**ਲਾਜ਼ਿਮ ਹੈ ਕੇ: ਹਮ ਭੀ ਦੇਖੇਗੇਂ**
**ਵੋ : ਦਿਨ ਕੇ: ਜਿਸਕਾ ਵਾਦਾ ਹੈ**
**ਜੋ ਲੌਹੇ-ਅਜ਼ਲ[1] ਮੇਂ ਲਿਖਾ ਹੈ**
**ਜਬ ਜ਼ੁਲਮੋ-ਸਿਤਮ ਕੇ ਕੋਹੇ-ਗਰਾਂ[2]**
**ਰੂਈ ਕੀ ਤਰ੍ਹਾਂ ਉੜ ਜਾਏਂਗੇ**
**ਹਮ ਮਹਕੂਮੋਂ[3] ਕੇ ਪਾਵ ਤਲੇ**
**ਜਬ ਧਰਤੀ ਧੜ ਧੜ ਧੜਕੇਗੀ**
**ਔਰ ਅਹਲੇ-ਹਿਕਮ[4] ਕੇ ਸਰ ਊਪਰ**
**ਜਬ ਬਿਜਲੀ ਕੜ ਕੜ ਕੜਕੇਗੀ**
**ਜਬ ਅਰਜ਼-ਏ-ਖ਼ੁਦਾ[5] ਕੇ ਕਾ 'ਬੇ ਸੇ**
**ਸਬ ਬੁੱਤ ਉਠਵਾਏ ਜਾਏਂਗੇ**
**ਹਮ ਅਹਲੇ-ਸਫਾ[6], ਮਰਦੂਦ-ਏ-ਹਰਮ[7]**
**ਮਸਨਦ ਪੇ ਬਿਠਾਏ ਜਾਏਂਗੇ**
**ਸਬ ਤਾਜ਼ ਉਛਾਲੇ ਜਾਏਂਗੇ**
**ਸਬ ਤਖ਼ਤ ਗਿਰਾਏ ਜਾਏਂਗੇ**
**ਬਸ ਨਾਮ ਰਹੇਗਾ ਅੱਲ੍ਹਾ ਕਾ**
**ਜੋ ਗਾਇਬ ਭੀ ਹੈਂ; ਹਾਜ਼ਿਰ ਭੀ**
**ਜੋ ਮੰਜ਼ਰ[8] ਭੀ ਹੈਂ; ਨਾਜ਼ਿਰ[9] ਭੀ**
**ਉੱਠੇਗਾ 'ਅਨ-ਉੱਲ-ਹੱਕ'[10] ਕਾ ਨਾਰਾ**
**ਜੋ ਮੈਂ ਭੀ ਹੂੰ ਔਰ ਤੁਮ ਭੀ ਹੋ**
**ਔਰ ਰਾਜ ਕਰੇਗੀ ਖ਼ਲਕੇ-ਖ਼ੁਦਾ[11]**
**ਜੋ ਮੈਂ ਭੀ ਹੂੰ ਔਰ ਤੁਮ ਭੀ ਹੋ**

**(ਤਰਾਨਾ- 2, ਸਾਰੇ ਸੁਖਨ ਹਮਾਰੇ)**

(1. ਪੂਰਵ-ਲਿਖਤ, ਕਿਸਮਤ 2. ਭਾਰੀ ਪਹਾੜ 3. ਦੱਬੇ-ਕੁਚਲੇ 4. ਸੱਤਾਧਾਰੀ, ਹਾਕਮ 5. ਖ਼ੁਦਾ ਦੀ ਜ਼ਮੀਨ 6. ਸੱਚੇ ਲੋਕ 7. ਕੱਟੜਪੰਥੀਆਂ ਦੁਆਰਾ ਲਿਤਾੜੇ ਹੋਏ 8. ਦ੍ਰਿਸ਼ 9. ਦਰਸ਼ਨ 10. "ਮੈਂ ਸੱਚ ਹਾਂ" ਸੂਫੀ ਸੰਤ ਮਨਸੂਰ ਦਾ ਨਾਅਰਾ ਜਿਸਨੂੰ ਇਸ ਘੋਸ਼ਣਾ ਕਾਰਨ ਸੂਲੀ 'ਤੇ ਚੜ੍ਹਾਇਆ ਗਿਆ ਸੀ। 11. ਜਨ-ਸਮੂਹ)

ਫ਼ੈਜ਼ ਦੀ ਕਵਿਤਾ 'ਚ ਜਿਹੜੀ ਸਭ ਤੋਂ ਮਹੱਤਵਪੂਰਨ ਗੱਲ ਹੈ ਉਹ ਹੈ ਦੱਬੇ ਕੁਚਲੇ ਹੋਇਆਂ ਪ੍ਰਤੀ ਦੁੱਖ - ਦਰਦ ਦੀ ਭਾਵਨਾ, ਆਮ ਲੋਕਾਂ ਨਾਲ਼ ਅਟੁੱਟ ਰਿਸ਼ਤਾ। ਭਾਵੇਂ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਇਨਸਾਨੀ ਖ਼ੂਨ ਡੁੱਲ੍ਹੇ, ਫ਼ੈਜ਼ ਕਿਸੇ ਵੀ ਘਟਨਾ ਤੋਂ ਬਿਨਾਂ ਪ੍ਰਭਾਵ ਕਬੂਲੇ ਨਹੀਂ ਰਹੇ। ਇਸ ਲਈ ਜਦੋਂ ਈਰਾਨ 'ਚ ਵਿਦਿਆਰਥੀਆਂ ਨੂੰ ਮੌਤ ਦੇ ਹਨ੍ਹੇਰੇ ਖ਼ੂਹ 'ਚ ਸੁੱਟਿਆ ਜਾਂਦਾ ਹੈ ਤਾਂ ਉਹ ਇੱਕ ਕਵਿਤਾ 'ਈਰਾਨੀ ਤੁਲਬਾਂ ਕੇ ਨਾਮ' ਲਿਖਦੇ ਹਨ, ਅਫ਼ਰੀਕੀ ਅਜ਼ਾਦੀ ਪ੍ਰੇਮੀਆਂ ਦੇ ਸਮਰਥਨ 'ਚ 'AFRICA COME BACK'ਦਾ ਨਾਅਰਾ ਮਾਰਦੇ ਹਨ ਅਤੇ ਸਾਮਰਾਜਵਾਦੀਆਂ ਵਿਰੁੱਧ ਲੜਦੇ ਅਰਬਾਂ ਦੀ ਹਿਮਾਇਤ 'ਚ 'ਸਰ- ਏ- ਵਾਦੀ- ਸੀਨਾ' ਅਤੇ ਫਲਿਸਤੀਨੀ ਬਾਂਕਿਆਂ ਨੂੰ ਸ਼ਰਧਾਂਲਜਲੀ ਪੇਸ਼ ਕਰਨ ਲਈ 'ਦੋ ਨਜ਼ਮਾਂ ਫਿਲਿਸਤੀਨ ਲਈ' ਲਿਖ ਕੇ ਆਪਣਾ ਦੁੱਖ ਪ੍ਰਗਟ ਕਰਦੇ ਹਨ। ਫ਼ੈਜ਼ ਦੀਆਂ ਨਜ਼ਮਾਂ ਦੇਸ਼- ਸਮੇਂ ਦੀਆਂ ਹੱਦਾਂ ਨੂੰ ਟੱਪ ਕੇ ਦੁਖੀ ਲੋਕਾਂ ਦੀ ਅਵਾਜ਼ ਬਣ ਕੇ ਸਾਮ੍ਹਣੇ ਆਉਂਦੀ ਹੈ। ਉਹ ਸੱਚੇ ਅਰਥਾਂ 'ਚ ਇੱਕ ਕੌਮਾਂਤਰੀ ਕਵੀ ਸਨ। ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ ਦੀ ਪਰੰਪਰਾ ਦੇ ਕਵੀ। ਉਨ੍ਹਾਂ ਦੀ ਕਵਿਤਾ 'ਚ ਆਮ ਲੋਕਾਂ ਦਾ ਸੰਘਰਸ਼ ਹੈ, ਉਮੀਦ ਹੈ, ਬਿਹਤਰ ਭਵਿੱਖ ਦਾ ਸੁਪਨਾ ਹੈ।

• • • • • • • • • • • • • • • • • • • • •

(ਸਫ਼ਾ 27 ਦਾ ਬਾਕੀ)

ਸਕਦੀ ਹੈ ਪਰ ਲੋਕਾਂ ਦੇ ਦੁੱਖ-ਦਰਦ ਵੇਖਣ ਅਤੇ ਮਹਿਸੂਸ ਕਰਨ ਵਾਲ਼ੇ ਨੌਜਵਾਨ ਅਤੇ ਜਿੰਦਾ ਦਿਲ ਅਤੇ ਇਤਿਹਾਸਬੋਧ ਨਾਲ਼ ਲੈੱਸ ਲੋਕ ਜਾਣਦੇ ਹਨ ਕਿ ਪੂੰਜੀਵਾਦ ਮਨੁੱਖ-ਜਾਤੀ ਦਾ ਅੰਤ ਨਹੀਂ ਹੈ। ਇਹ ਪੂੰਜੀਵਾਦ ਦਾ ਅੰਤ-ਕਰੂ ਰੋਗ ਹੈ ਜਿਹੜਾ ਕਦੇ ਇਤਿਹਾਸ ਦੇ ਅੰਤ, ਵਿਚਾਰਧਾਰਾ ਦੇ ਅੰਤ ਦੇ ਐਲਾਨ ਦੇ ਰੂਪ 'ਚ ਤਾਂ ਕਦੇ ਮਨੁੱਖ-ਜਾਤੀ ਦੇ ਹੀ ਅੰਤ ਦੀ ਭਵਿੱਖਬਾਣੀ ਦੇ ਰੂਪ 'ਚ ਮੂਹਰੇ ਆਉਂਦਾ ਰਹਿੰਦਾ ਹੈ। ਮਨੁੱਖ-ਜਾਤੀ ਦਾ ਭਵਿੱਖ ਤਾਂ ਸੁੰਦਰਤਾ ਨਾਲ਼ ਭਰਪੂਰ ਹੈ।

**ਸਭ ਤੋਂ ਸੋਹਣਾ ਹੈ ਉਹ ਸਾਗਰ**
**ਜਿਸਨੂੰ ਵੇਖਿਆ ਨਹੀਂ ਅਸੀਂ**
**ਸਭ ਤੋਂ ਸੋਹਣਾ ਹੈ ਉਹ ਬੱਚਾ**
**ਜਿਹੜਾ ਅਜੇ ਤੱਕ ਵੱਡਾ ਨਹੀਂ ਹੋਇਆ**
**ਸਭ ਤੋਂ ਸੋਹਣੇ ਹਨ ਉਹ ਦਿਨ**
**ਜਿਨ੍ਹਾਂ ਨੂੰ ਅਜੇ ਜੀਵਿਆ ਨਹੀਂ ਅਸੀਂ,**
**ਉਹ ਬੇਪਨਾਹ ਸ਼ਾਨਦਾਰ ਗੱਲਾਂ,**
**ਜੋ ਨੂੰ ਸੁਣਾਉਣਾ ਚਾਹੁੰਦਾ ਹਾਂ**
**ਤੈਨੂੰ ਮੈਂ ਅਜੇ ਕਹੀਆਂ ਜਾਣੀਆਂ ਹਨ।**

**-ਨਾਜ਼ਿਮ ਹਿਕਮਤ**

• • • • • • • • • • • • • • • • • • • • •

# ਐਲਬਰਟੋ ਕੋਰਡਾ

## ਇਨਕਲਾਬੀ ਵਿਚਾਰਧਾਰਾ ਨੂੰ ਪ੍ਰਣਾਇਆ ਹੋਇਆ ਫੋਟੋਗ੍ਰਾਫ਼ਰ

**- ਕੁਲਵਿੰਦਰ**

*"ਕੈਮਰੇ ਨੂੰ ਭੁੱਲ ਜਾਓ, ਲੈਂਜ਼ ਨੂੰ ਭੁੱਲ ਜਾਓ। ਕਿਸੇ ਵੀ ਚਾਰ ਡਾਲਰਾਂ ਦੇ ਕੈਮਰੇ ਨਾਲ ਤੁਸੀਂ ਸ਼ਾਹਕਾਰ ਤਸਵੀਰ ਨੂੰ ਫੜ ਸਕਦੇ ਹੋ।" – ਐਲਬਰਟੋ ਕੋਰਡਾ*



ਸਮਾਜ ਨੂੰ ਬਦਲਣ ਦੇ ਚਾਹਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਫੋਟੋ ਤੋਂ ਇਲਾਵਾ ਜੇ ਕੋਈ ਹੋਰ ਫੋਟੋ ਪ੍ਰਭਾਵਤ ਕਰਦੀ ਹੈ ਤਾਂ ਉਹ ਹੈ ਇਨਕਲਾਬੀ ਚੀ-ਗਵੇਰਾ ਦੀ ਫੋਟੋ। ਪਰ ਇਸ ਫੋਟੋ ਨੂੰ ਖਿਚਣ ਵਾਲੇ ਫੋਟੋਗ੍ਰਾਫਰ ਐਲਬਰਟੋ ਕੋਰਡਾ ਬਾਰੇ ਜਿਆਦਾ ਲੋਕ ਨਹੀਂ ਜਾਣਦੇ।

14 ਸਤੰਬਰ, 1928 ਨੂੰ ਕਿਊਬਾ ਦੀ ਰਾਜਧਾਨੀ ਵਿਚ ਜਨਮੇ ਐਲਬਰਟੋ ਕੋਰਡਾ ਦਾ ਅਸਲੀ ਨਾਂ ਐਲਬਰਟੋ ਡਿਆਜ਼ ਗੁਟੀਰੀਜ਼ ਸੀ। ਕੋਰਡਾ ਨੇ ਫੋਟੋਗ੍ਰਾਫ਼ੀ ਦੇ ਆਪਣੇ ਸਫਰ ਦੀ ਸ਼ੁਰੂਆਤ ਵਿਆਹਾਂ ਅਤੇ ਪਾਰਟੀਆਂ ਵਿਚ ਫੋਟੋ ਖਿਚਣ ਨਾਲ ਕੀਤੀ। 1953 ਵਿਚ ਉਸ ਨੇ ਆਪਣੇ ਸਹਿਯੋਗੀ ਲੂਈਸ ਪਈਰਸ ਨਾਲ ਮਿਲਕੇ ਆਪਣਾ ਸਟੂਡੀਓ ਖੋਲ੍ਹਿਆ, ਜਿਸ ਦਾ ਨਾਂ ਉਨ੍ਹਾਂ ਨੇ ਕੋਰਡਾ ਸਟੂਡੀਓ ਰੱਖਿਆ। ਛੇਤੀਂ ਹੀ ਇਹ ਇਕ ਪ੍ਰਸਿਧ ਸਟੂਡੀਓ ਬਣ ਗਿਆ ਅਤੇ ਉਹ ਐਲਬਰਟੋ ਤੋਂ ਐਲਬਰਟੋ ਕੋਰਡਾ ਬਣ ਗਿਆ।

ਸਟੂਡੀਓ ਦੇ ਕੰਮ ਤੋਂ ਆਏ ਪੈਸੇ ਨੇ ਕੋਰਡਾ ਨੂੰ ਫੋਟੋਗ੍ਰਾਫ਼ੀ ਵਿਚ ਆਪਣੀ ਪਸੰਦ ਦੇ ਤਜਰਬੇ ਕਰਨ ਦੇ ਸਾਧਨ ਪ੍ਰਦਾਨ ਕੀਤੇ। ਛੇਤੀ ਹੀ ਉਸ ਨੇ ਕਿਸੇ ਪ੍ਰਤੀਬਿੰਬ ਨੂੰ ਦੂਸਰੇ ਕੋਣ ਤੋਂ ਦੇਖਣ ਦਾ ਗੈਰ-ਰਵਾਇਤੀ ਢੰਗ ਵਿਕਸਤ ਕਰ ਲਿਆ। ਚੜ੍ਹਦੀ ਉਮਰੇ ਹੀ ਸਫ਼ਲ ਫੋਟੋਗ੍ਰਾਫ਼ਰ ਬਣਨ ਤੇ ਕੋਰਡਾ ਨੇ ਫੈਸ਼ਨ ਫੋਟੋਗ੍ਰਾਫ਼ੀ ਨੂੰ ਅਪਣਾ ਲਿਆ ਅਤੇ ਛੇਤੀ ਹੀ ਉਹ ਕਿਊਬਾ ਦਾ ਚੋਟੀ ਦਾ ਫੈਸ਼ਨ ਫੋਟੋਗ੍ਰਾਫ਼ਰ ਬਣ ਗਿਆ। ਹਾਸਲ ਦੌਰ ਦੀ ਵਿਚਾਰਧਾਰਾ ਅਨੁਸਾਰ ਕੋਰਡਾ "ਐਸ਼" ਦੀ ਜ਼ਿੰਦਗੀ ਜਿਊਣ ਲੱਗਿਆ।

ਇਕ ਘਟਨਾ ਵਾਪਰੀ ਜਿਸ ਨੇ 30 ਸਾਲਾਂ ਦੇ ਨੌਜੁਆਨ ਕੋਰਡਾ ਦੇ ਜੀਵਨ ਦਾ ਰਾਸਤਾ ਹੀ ਬਦਲ ਦਿਤਾ। ਉਸ ਦੇ ਆਪਣੇ ਸ਼ਬਦਾਂ ਵਿਚ, "***ਇਸੇ ਦੌਰ ਵਿਚ ਮੈਂ ਇਕ ਛੋਟੀ ਬੱਚੀ ਦੀ ਫੋਟੋ ਖਿੱਚੀ, ਜਿਸ ਨੇ ਆਪਣੇ ਹੱਥਾਂ ਵਿਚ ਗੁੱਡੀ ਦੀ ਥਾਂ ਇਕ ਲੱਕੜੀ ਫੜੀ ਹੋਈ ਸੀ। ਤਾਂ ਮੈ ਸਮਝ ਲਿਆ ਕਿ ਮੈਨੂੰ ਆਪਣਾ ਕੰਮ ਇਕ ਅਜਿਹੇ ਇਨਕਲਾਬ ਲਈ ਸਮਰਪਤ ਕਰਨਾ ਚਾਹੀਦਾ ਹੈ ਜੋ ਇਨ੍ਹਾਂ ਸਾਰੀਆਂ ਨਾ-ਬਰਾਬਰੀਆਂ ਨੂੰ ਦੂਰ ਕਰੇ।***" ਇਸੇ ਦੌਰਾਨ 1959 ਵਿਚ ਕਿਊਬਾ ਦੇ ਇਨਕਲਾਬ ਵਿਚ ਬਟਿਸਟਾ ਦੀ ਪਿਛਾਖੜੀ ਸਰਕਾਰ ਉਲਟਾ ਦਿੱਤੀ ਗਈ ਅਤੇ ਇਸ ਦੀ ਥਾਂ ਫੀਡਲ ਕਾਸਤਰੋ ਦੀ ਅਗਵਾਈ ਵਿਚ ਇਨਕਲਾਬੀ ਸਰਕਾਰ ਦੀ ਸਥਾਪਨਾ ਹੋ ਗਈ – ਜਿਸ ਨੇ ਕਲਾ ਲੋਕਾਂ ਖਾਤਰ ਦਾ ਨਾਹਰਾ ਦਿਤਾ। ਉਸ ਦੇ ਸ਼ਬਦਾਂ ਵਿਚ, "ਉਸ ਨੂੰ ਕਿਊਬਾ ਦੇ ਇਨਕਲਾਬ ਅਤੇ ਇਸ ਦੇ ਇਨਕਲਾਬੀ ਆਗੂਆਂ ਨਾਲ ਪਿਆਰ ਹੋ ਗਿਆ। ਉਸ ਨੇ ਇਸ ਘਟਨਾ ਦੀਆਂ ਫੋਟੋਆਂ ਖਿਚਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਕਿਊਬਾ ਦੇ ਇਨਕਲਾਬੀਆਂ ਦੇ ਹਵਾਨਾ ਵਿਚ ਦਾਖਲੇ ਦੀਆਂ ਫੋਟੋਆਂ ਖਿੱਚੀਆਂ, ਜੋ ਇਨਕਲਾਬੀਆਂ ਦੇ ਪਰਚੇ ***ਰੈਵੋਲੂਸ਼ਨ*** ਨੇ ਛਾਪੀਆਂ।

ਇਸੇ ਦੌਰ ਵਿਚ ਕੋਰਡਾ ਨੇ ਚੀ-ਗਵੇਰਾ ਦੀ ਸੰਸਾਰ ਪ੍ਰਸਿਧ ਫੋਟੋ "ਗੁਲੀਰੀਓ ਹੀਰੋਇਕੋ" ਖਿੱਚੀ। ਕੋਰਡਾ ਅਨੁਸਾਰ, "ਇਹ ਫੋਟੋ ਕਿਸੇ ਗਿਆਨ ਜਾਂ ਤਕਨੀਕ ਦੀ ਪੈਦਾਵਾਰ ਨਹੀਂ ਸਗੋਂ ਇਕ ਮੌਕਾ ਸੀ। 5 ਮਾਰਚ, 1960 ਨੂੰ ਕੋਰਡਾ ਉਨ੍ਹਾਂ ਫੋਟੋਗ੍ਰਾਫਰਾਂ ਦੇ ਸਮੂਹ ਚੋਂ ਇਕ ਸੀ ਜਿਨ੍ਹਾਂ ਅੱਗੇ ਚੀ ਕੁਝ ਪਲਾਂ ਲਈ ਸਟੇਜ ਤੇ ਆਏ ਸਨ। ਕੋਰਡਾ ਆਪਣੀ ਫੋਟੋ "ਗੁਲੀਰੀਓ ਹੀਰੋਇਕੋ" (Guerrillero Heroico ) ਨਾਲ ਉਸ ਇਤਿਹਾਸਕ ਪਲ ਨੂੰ ਅਮਰ ਬਣਾ ਦਿਤਾ। "ਗੁਲੀਰੀਓ ਹੀਰੋਇਕੋ" ਵਿਚ ਚੀ ਗਵੇਰਾ ਦਾ ਮਜ਼ਬੂਤ ਇਰਾਦੇ ਵਾਲਾ ਚਿਹਰਾ ਦ੍ਰਿੜਤਾ ਨਾਲ ਦੂਰ ਨਿਸ਼ਾਨੇ ਵਲ ਸੇਧਤ ਹੈ।

"ਗੁਲੀਰੀਓ ਹੀਰੋਇਕੋ" ਦੀ ਇਕ ਕਾਪੀ 1967 ਵਿਚ ਕੋਰਡਾ ਨੇ ਇਟਲੀ ਦੇ ਪਬਲਿਸ਼ਰ *ਗਿਆਨਗਿਆਕਮੋ ਫੈਲਟਰੀਨੀ* ਨੂੰ ਤੋਹਫੇ ਵਜੋਂ ਦਿੱਤੀ ਸੀ। ਇਸ ਤੋਂ ਕੁਝ ਕੁ ਮਹੀਨੇ ਬਾਅਦ ਬੋਲੀਵਿਆ ਵਿਚ ਚੀ ਸ਼ਹੀਦ ਹੋ ਗਏ। *ਫੈਲਟਰੀਨੀ* ਨੇ ਚੀ ਦੀ ਸ਼ਹੀਦੀ ਤੋਂ ਫੌਰਨ ਬਾਅਦ "ਗੁਲੀਰੀਓ ਹੀਰੋਇਕੋ" ਨੂੰ ਚੀ ਦੀਆਂ ਬੋਲੀਵਿਆ ਡਾਇਰੀਆਂ ਦੇ ਕਵਰ ਤੇ ਛਾਪਿਆ ਅਤੇ ਕੁਝ ਮਹੀਨਿਆਂ ਵਿਚ ਹੀ ਇਹ ਫੋਟੋ ਪੂਰੀ ਦੁਨੀਆਂ 'ਚ ਲੁੱਟ ਜਬਰ ਵਿਰੁੱਧ ਬਗਾਵਤ ਦਾ ਚਿੰਨ ਬਣ ਕੇ ਉੱਭਰੀ।

ਫੈਲਟਰੀਨੀ ਨੇ ਭਾਵੇਂ ਕੋਰਡਾ ਨੂੰ ਇਸ ਦੇ ਮੁਆਵਜ਼ੇ ਵਜੋਂ ਕੁਝ ਵੀ ਨਹੀਂ ਦਿਤਾ ਅਤੇ ਆਪ ਅਪਾਰ ਪੈਸਾ ਇਕੱਠਾ ਕੀਤਾ ਪਰ ਕੋਰਡਾ ਨੇ ਸਾਰੀ ਉਮਰ ਇਸ ਦਾ ਕੋਈ ਗਿਲਾ ਨਹੀਂ ਕੀਤਾ। ਉਸ ਦਾ ਮੰਨਣਾ ਸੀ ਕਿ ਫੈਲਟਰੀਨੀ ਨੇ ਚੀ ਦੀ ਫੋਟੋ ਨੂੰ ਪੂਰੀ ਦੁਨੀਆਂ ਵਿਚ ਫੈਲਾ ਕੇ ਚੰਗਾ ਕੰਮ ਕੀਤਾ ਸੀ। ਇਸ ਦੇ ਉਲਟ ਕੋਰਡਾ ਨੇ "ਗੁਲੀਰੀਓ ਹੀਰੋਇਕੋ" ਨੂੰ ਪੂੰਜੀਪਤੀਆਂ ਦੇ ਮੁਨਾਫੇ ਲਈ ਵਰਤਣ ਦੀ ਹਰ ਕੋਸ਼ਿਸ਼ ਦਾ ਵਿਰੋਧ ਕੀਤਾ। ਜਦ "ਗੁਲੀਰੀਓ ਹੀਰੋਇਕੋ" ਨੂੰ ਖਿਚਣ ਲਈ ਕੋਰਡਾ ਦੁਆਰਾ ਵਰਤੇ ਗਏ ਕੈਮਰੇ *ਲੀਕਾ ਐਮ 2* ਦਾ ਕੰਪਨੀ ਨੇ ਇਕ 'ਇਨਕਲਾਬੀ ਕੈਮਰੇ' ਵਜੋਂ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਤਾਂ ਕੋਰਡਾ ਨੇ ਇਹ ਕਹਿੰਦਿਆਂ ਕੰਪਨੀ ਦੇ ਦਾਅਵੇ ਨੂੰ ਠੁੱਸ ਕਰ ਦਿਤਾ ਕਿ "ਗੁਲੀਰੀਓ ਹੀਰੋਇਕੋ" ਕਿਸੇ ਗਿਆਨ ਜਾਂ ਤਕਨੀਕ ਦੀ ਪੈਦਾਵਾਰ ਨਹੀਂ ਸਗੋਂ ਇਕ ਸੰਜੋਗ ਹੈ। ਜਦ ਸ਼ਰਾਬ ਦੀ ਕੰਪਨੀ *ਸਿਮਿਰਨੌਫ* ਨੇ ਇਸ ਫੋਟੋ ਨੂੰ ਸ਼ਰਾਬ ਦੀ ਮਸ਼ਹੂਰੀ ਵਿਚ ਵਰਤਿਆ ਤਾਂ ਕੋਰਡਾ ਨੇ ਉਸ ਤੇ ਦਾਅਵਾ ਠੋਕ ਦਿਤਾ। ਕੋਰਡਾ ਦਾ ਕਹਿਣਾ ਸੀ ਕਿ ਉਸ ਨੂੰ ਇਸ "ਫੋਟੋ

(**ਬਾਕੀ ਸਫ਼ਾ** 13 **'ਤੇ**)